37ਵਾਂ ਵਰ੍ਹਾ

ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

ਤਰਕਸ਼ੀਲ

TARKSHEEL

ਨਵੰਬਰ-ਦਸੰਬਰ 2022





HEADQUARTER HINDUSTAN GADAR PARTY

ਅੰਦਰ ਪੜ੍ਹੋ:

ਜੀਵਨ ਦੀ ਕੀਮਤ ਓਨੀ ਹੀ ਜਿਆਦਾ ਹੁੰਦੀ ਹੈ, ਜਿੰਨੇ ਵੱਡੇ ਮਕਸਦ ਲਈ ਉਹ ਵਰਤਿਆ ਜਾਂਦਾ ਹੈ। - ਚਾਰਲਸ ਡਿਕਨਜ਼

ਰਾਜਧਾਨੀ ਦਾ ਸੁਨੇਹਾ



ਉਹ ਲਫ਼ਜ, ਉਹ ਪੰਨੇ, ਉਹ ਕਿਤਾਬਾਂ, ਉਹ ਸ਼ਖਸ
ਉਹ ਕੋਹਰਾਮ ਦੇ ਗੀਤਾਂ ਦੇ ਜਾਏ
ਜੇ ਹਟੇ ਨਾ ਮੇਰੇ ਹਟਾਏ, ਸੁਨੇਹੇ ਮੈਂ ਬਥੇਰੇ ਲਾਏ
ਫੇਰ ਕੈਦਖਾਨਾ ਤੁਹਾਡਾ ਘਰ ਹੋਵੇਗਾ
ਮੇਰੇ ਕਿਲੇ 'ਚ ਅਦਾਲਤ ਦਾ ਦਰ ਹੋਵੇਗਾ ....
ਇਹ ਨਦੀਆਂ, ਇਹ ਦਰਿਆ ਤੇ ਸਮੁੰਦਰ
ਜ਼ਰਾ ਕੁ ਆਪਣੀ ਔਕਾਤ ਚ ਰਹਿਣ
ਵਹਿਣਾ ਹੈ ਜੇ ਜ਼ਰਾ ਸ਼ਾਂਤ ਹੋ ਕੇ ਵਹਿਣ, ਫੇਰ ਨਾ ਸਾਨੂੰ ਕਹਿਣ
ਪਹਿਲਾਂ ਹਰ ਬਹਿਸ ਲਈ ਰਜ਼ਾਮੰਦ ਕੀਤੇ ਜਾਣਗੇ
ਜੇ ਨਾ ਟਲੇ ਫਿਰ ਜੇਲ੍ਹਾਂ ਚ ਬੰਦ ਕੀਤੇ ਜਾਣਗੇ ....
ਸੁਣੋ ਤੁਸੀਂ ਵੀ ਐਹ ਬਿਰਖੋਂ, ਦਰੱਖਤੋਂ, ਜੰਗਲੋਂ
ਤੇ ਜੰਗਲ ਦੇ ਜਾਇਓ
ਐਵੇਂ ਨਾ ਕਿਤੇ ਅਣਆਈ ਮੌਤੇ ਮਾਰੇ ਜਾਇਓ
ਥੋਡੇ ਅੰਦਰੋਂ ਵੀ ਆਉਂਦੀ ਹੈ ਤੀਰ ਕਮਾਨਾਂ ਦੀ ਅਵਾਜ਼
"ਭੀਲ" ਤੇ "ਬਿਰਸਾ ਮੁੰਡਾ" ਜਹੇ ਜਵਾਨਾਂ ਦੀ ਅਵਾਜ਼
"ਖਾਂਡਵ ਵਣ" ਦਾ ਇਤਿਹਾਸ ਸੁਣਿਆ ਹੈ ਕਿਤੇ?
ਜਿਸ ਨੂੰ ਭਾਰਤ ਦਾ ਬੱਚਾ ਬੱਚਾ ਪੜਦਾ ਹੈ
ਜੋ ਇਤਿਹਾਸ ਦੇ ਸਫ਼ਿਆਂ ਚ ਅੱਜ ਵੀ ਸੜਦਾ ਹੈ ....
ਐ ਪੰਛੀ, ਐ ਪਰਿੰਦੇ, ਐ ਖਿਆਲਾਂ ਦੇ ਸੁਦਾਗਰ, ਤੂੰ ਵੀ ਸੁਣ
ਐ ਰੰਗਰਾਜ, ਐ ਰੰਗਸਾਜ਼, ਐ ਲਲਾਰੀ ਤੇ ਮੁਸੱਵਰ ਤੂੰ ਵੀ ਸੁਣ
ਨਾ ਕੋਈ ਉਡਾਰੀ ਹੋਵੇਗੀ ਮੇਰੇ ਪਰਚਮ ਤੋਂ ਉੱਚੀ
ਨਾ ਕਿਸੇ ਰੰਗ ਦੀ ਔਕਾਤ ਮੇਰੇ "ਭਗਵੇ" ਤੋਂ ਸੁੱਚੀ
ਹਰ ਰੰਗ ਅਜ਼ਾਦੀ ਨਾਲ ਆ ਸਕਦਾ ਹੈ
ਬੱਸ ਰੰਗਹੀਣ ਬਸਤਰ ਹੀ ਪਾ ਸਕਦਾ ਹੈ ....
ਬੰਦ ਕਰੋ ਹੋਸਟਲ ਦਾ ਜਗਦਾ ਲਾਟੂ
ਇਹ ਸਾਡੀ ਨੀਂਦ ਚ ਖਲਲ ਪਾ ਰਿਹਾ ਹੈ
ਹਰ ਰੋਜ ਮਾਇਆ ਨਗਰੀ ਨੂੰ
ਤੁਰਦੀਆਂ ਕਿਤਾਬਾਂ ਦਾ ਸੁਪਨਾ ਆ ਰਿਹਾ ਹੈ
ਕਿਤਾਬਾਂ ਜੋ ਰਾਜਧਾਨੀ ਨੂੰ ਤੁਰੀਆਂ
ਇਹ ਕਿਤਾਬਾਂ ਨਹੀ, ਜ਼ਮੀਰਾਂ ਨੇ ਬੁਰੀਆਂ
ਬੁਰੀਆਂ ਜ਼ਮੀਰਾਂ ਦਾ ਹੋਣਾ ਫੌਤ ਜ਼ਰੂਰੀ ਹੈ
ਹਰ ਬਸਤੀ ਦੇ ਬਾਗ਼ੀ ਦੀ ਮੌਤ ਜ਼ਰੂਰੀ ਹੈ
ਸੁਣੋ..ਸੁਣੋ..ਸੁਣੋ ਸੁਨੇਹਾ ਰਾਜਧਾਨੀ ਤੋਂ ਆਇਆ....

ਸੁਖਵਿੰਦਰ ਪੱਪੀ

ਉਠੋ ! ਕਿਰਤੀਓ !! ਅੱਖੀਆਂ ਖੋਹਲ ਦੇਖੋ
ਤੁਹਾਨੂੰ ਸੁੱਤਿਆਂ ਨੂੰ ਕਈ ਸਾਲ ਹੋ ਗਏ
ਖ਼ੂਨ ਚੂਸੀ ਜਾਂਦੇ ਪੂੰਜੀਦਾਰ ਸਾਡਾ,
ਅਸੀਂ ਵੀਰਨੋ ਬਹੁਤ ਕੰਗਾਲ ਹੋ ਗਏ।

ਕਿਰਤੀ ਕਾਵਿ 'ਚੋਂ

ਮੁੱਖ ਸੰਪਾਦਕ
ਬਲਬੀਰ ਲੌਂਗੋਵਾਲ
98153 17028

ਸੰਪਾਦਕੀ ਬੋਰਡ
ਰਾਮ ਸਵਰਨ ਲੱਖੇਵਾਲੀ
ਜਸਵੰਤ ਮੋਹਾਲੀ
ਪਾਲ ਬਾਗਪੁਰ
ਸੁਖਦੇਵ ਧੂਰੀ
ਸੁਖਦੇਵ ਫਗਵਾੜਾ
ਭੁਪਿੰਦਰ ਫੌਜੀ

ਮੁੱਖ ਸੰਪਾਦਕ
balbirlongowal1966@gmail.com

ਮੁੱਖ ਪ੍ਰਬੰਧਕ
ਸੁਖਵਿੰਦਰ ਬਾਗਪੁਰ (94174 27538)

ਵਿਦੇਸ਼ੀ ਪ੍ਰਤੀਨਿਧ
ਅਵਤਾਰ ਗਿੱਲ, ਕੈਨੇਡਾ
ਅੱਛਰ ਸਿੰਘ ਖਰਲਵੀਰ, ਕਵੈਂਟਰੀ (ਇੰਗਲੈਂਡ)
(+44-748-635-1185)
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ

ਸਲਾਨਾ: 100 ਰੁਪਏ
ਵਿਦੇਸ਼: 25 ਯੂ. ਐਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234
IFSC : PUNB0004400

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਫੋਨ : 01679-241466

ਹੇਮ ਰਾਜ ਸਟੈਨੋ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

ਤਰਤੀਬ

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਸੰਪਾਦਕੀ

1 ਨਵੰਬਰ 1913 ਦਾ ਦਿਨ ਵਿਸ਼ੇਸ਼ ਇਤਿਹਾਸਕ ਮਹੱਤਵ ਰੱਖਦਾ ਹੈ। ਬਰਤਾਨਵੀ ਹਕੂਮਤ ਖਿਲਾਫ਼ ਵਿਦੇਸ਼ੀ ਧਰਤੀ ਤੋਂ "ਜੰਗ" ਦਾ ਐਲਾਨ ਕਰਨ ਵਾਲੀ ਪਾਰਟੀ "ਹਿੰਦੀ ਐਸੋਸੀਏਸ਼ਨ ਆਫ ਦਾ ਪੈਸਿਫਿਕ ਕੋਸਟ" (ਬਾਅਦ ਵਿੱਚ ਗ਼ਦਰ ਪਾਰਟੀ ਦੇ ਨਾਮ ਨਾਲ ਪ੍ਰਸਿੱਧ) ਦੇ ਬੁਲਾਰੇ 'ਗ਼ਦਰ' ਦਾ ਪਹਿਲਾ ਅੰਕ ਇਸ ਦਿਨ ਜਾਰੀ ਹੋਇਆ ਸੀ ਜਿਸ ਦੀ ਪਹਿਲੀ ਸੰਪਾਦਕੀ ਵਿੱਚ ਲਿਖਿਆ ਸੀ: "ਅੱਜ ਦਾ ਦਿਨ, 1 ਨਵੰਬਰ, 1913, ਭਾਰਤ ਦੇ ਇਤਿਹਾਸ ਵਿਚ ਨਵੇਂ ਯੁੱਗ ਦੀ ਸ਼ੁਰੂਆਤ ਹੈ ਕਿਉਂਕਿ ਅੱਜ ਭਾਵੇਂ ਵਿਦੇਸ਼ੀ ਜ਼ਮੀਨ 'ਤੇ ਪਰੰਤੂ ਆਪਣੀ ਜ਼ਬਾਨ ਵਿੱਚ ਬਰਤਾਨਵੀ ਰਾਜ ਵਿਰੁੱਧ ਜੰਗ ਆਰੰਭ ਹੁੰਦੀ ਹੈ.... ਛੇਤੀ ਹੀ ਉਹ ਸਮਾਂ ਆਵੇਗਾ, ਜਦੋਂ ਬੰਦੂਕਾਂ ਤੇ ਖੂਨ, ਕਲਮਾਂ ਤੇ ਸਿਆਹੀ ਦੀ ਥਾਂ ਲੈ ਲੈਣਗੇ।" ਅਖ਼ਬਾਰ ਦਾ ਨਾਮ 'ਗ਼ਦਰ' 1857 ਦੇ ਗ਼ਦਰ ਤੋਂ ਪ੍ਰੇਰਨਾ ਲੈ ਕੇ ਉਸਨੂੰ ਯਾਦ ਕਰਦਿਆਂ ਰੱਖਿਆ ਗਿਆ ਸੀ। 1857 ਦਾ ਗ਼ਦਰ (ਜਿਸਨੂੰ ਇਹ ਨਾਮ ਬਰਤਾਨਵੀ ਬਸਤੀਵਾਦੀਆਂ ਨੇ ਦਿੱਤਾ ਸੀ) ਭਾਰਤੀ ਲੋਕਾਂ ਦੀ ਬਗ਼ਾਵਤ ਸੀ, ਦੇਸ਼ ਦੇ ਆਜ਼ਾਦੀ ਸੰਗਰਾਮ ਦਾ ਇੱਕ ਮੀਲ ਪੱਥਰ ਸੀ। ਇਸ ਨਾਲ ਬਰਤਾਨਵੀ ਸਲਤਨਤ ਤਾਂ ਭਾਵੇਂ ਢਹਿ-ਢੇਰੀ ਨਹੀਂ ਹੋਈ ਸੀ, ਪਰ ਈਸਟ ਇੰਡੀਆ ਕੰਪਨੀ ਨੂੰ ਆਪਣੀ ਸਫ ਵਲੇਟਣੀ ਪੈ ਗਈ ਸੀ। ਤਾਜ ਨੇ ਸਿੱਧੇ ਤੌਰ 'ਤੇ ਹਿੰਦੁਸਤਾਨ ਦੀ ਹਕੂਮਤ ਆਪਣੇ ਹੱਥ ਵਿੱਚ ਲੈ ਲਈ ਸੀ। 1857 ਦੇ ਗ਼ਦਰ ਤੋਂ ਬਾਅਦ ਵੀ ਭਾਵੇਂ ਛੋਟੇ-ਛੋਟੇ ਸੰਗਰਾਮ ਚਲਦੇ ਰਹੇ, ਪਰ ਅਸਫਲਤਾ ਨੇ ਜੋ ਖੜੋਤ ਲਿਆਂਦੀ, ਉਸ ਜਮੂਦ ਨੂੰ ਗ਼ਦਰ ਪਾਰਟੀ ਦੀ ਸਥਾਪਨਾ ਨੇ ਇੱਕੋ ਵਾਰ ਵੱਡੀ ਸੱਟ ਮਾਰ ਕੇ ਤੋੜ ਸੁੱਟਿਆ। ਭਾਰਤ ਦੇ ਇਹਨਾਂ ਸੂਹੇ ਸੰਘਰਸ਼ਾਂ ਨੂੰ ਡੀ.ਡੀ. ਕੋਸੰਬੀ, ਰੋਮੀਲਾ ਥਾਪਰ, ਆਰ.ਐਸ.ਸ਼ਰਮਾ, ਡੀ.ਐਨ. ਝਾਅ, ਵਿਪਿਨ ਚੰਦਰ ਵਰਗੇ ਭਾਰਤ ਦੇ ਉੱਘੇ ਲੋਕ ਪੱਖੀ ਇਤਿਹਾਸਕਾਰਾਂ ਨੇ ਬਾਖੂਬੀ ਚਿਤਰਿਆ ਹੈ, ਉਹਨਾਂ ਨੇ ਰਾਜਿਆਂ ਮਹਾਰਾਜਿਆਂ ਦੇ ਕਸੀਦੇ ਗਾਉਣ ਦੀ ਥਾਂ ਤਤਕਾਲੀ ਸਿਆਸੀ ਬਣਤਰਾਂ ਅਤੇ ਸਥਿਤੀਆਂ 'ਤੇ ਫੋਕਸ ਕੀਤਾ ਹੈ। ਇਤਿਹਾਸ ਲੇਖਨ ਬਾਰੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਦਿਆਂ ਉੱਘੇ ਇਤਿਹਾਸਕਾਰ, ਆਜ਼ਾਦੀ ਘੁਲਾਟੀਏ ਕਾਮਰੇਡ ਸੋਹਨ ਸਿੰਘ ਜੋਸ਼ ਲਿਖਦੇ ਹਨ: "ਜਿਹੜਾ ਇਤਿਹਾਸ ਆਪਣੀ ਮਾਤ ਭੂਮੀ ਦੀ ਸੁਤੰਤਰਤਾ ਪ੍ਰਤੀ ਪਿਆਰ ਨੂੰ ਉਜਾਗਰ ਨਹੀਂ ਕਰਦਾ, ਜੋ ਲੋਕਾਂ ਨੂੰ ਦੇਸ਼ ਭਗਤੀ ਅਤੇ ਆਤਮ ਬਲੀਦਾਨ ਦੀ ਪ੍ਰੇਰਨਾ ਨਹੀਂ ਦਿੰਦਾ, ਜੋ ਕੌੜੇ ਤੋਂ ਕੌੜੇ ਸ਼ਬਦਾਂ ਵਿਚ ਗੁਲਾਮ-ਚਾਲਕਾਂ, ਉਹਨਾਂ ਦੇ ਪਿੱਠੂਆਂ ਅਤੇ ਦੇਸ਼ ਧ੍ਰੋਹੀਆਂ ਦੇ ਕੁਕਰਮਾਂ ਦੀ ਨਿਖੇਧੀ ਨਹੀਂ ਕਰਦਾ, ਉਹ ਇਤਿਹਾਸ ਵਿਅਰਥ ਹੈ, ਕੂੜੇ ਦੇ ਢੇਰ ਉੱਪਰ ਸੁੱਟਣ ਯੋਗ ਹੈ।" 1857 ਦਾ ਗ਼ਦਰ, ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਹਿੰਦੁਸਤਾਨ ਸਮਾਜਵਾਦੀ ਪਰਜਾਤੰਤਰ ਸੰਘ ਦਾ ਸੰਗਰਾਮ, ਪਰਜਾ ਮੰਡਲ ਲਹਿਰ ਆਦਿ ਭਾਰਤੀ ਇਤਿਹਾਸ ਦੇ ਸੁਨਹਿਰੇ ਪੰਨੇ ਹਨ, ਅੱਜ ਭਾਰਤ ਦੀ ਸੱਤਾ 'ਤੇ 'ਬਿਰਾਜਮਾਨ' ਤਾਕਤਾਂ, ਜਿਹਨਾਂ ਦਾ ਭਾਰਤ ਦੇ ਲੋਕਾਂ ਦੇ ਕਿਸੇ ਵੀ ਲੋਕ ਪੱਖੀ ਅੰਦੋਲਨ ਵਿਚ ਕੋਈ ਯੋਗਦਾਨ ਤਾਂ ਕੀ ਰਹਿਣਾ ਸੀ ਸਗੋਂ ਗੱਦਾਰੀ ਦਾ ਇਤਿਹਾਸ ਹੈ, ਇਸ ਇਤਿਹਾਸ-ਲੇਖਨ ਨੂੰ ਰੱਦ ਕਰ ਰਹੀਆਂ ਹਨ। ਭਾਜਪਾ, ਸੰਘ, ਅਤੇ ਉਹਨਾਂ ਦੇ ਹੋਰ ਘਟਕ ਦੋਸ਼ ਲਗਾ ਰਹੇ ਹਨ ਕਿ ਇਤਿਹਾਸ ਜ਼ਿਆਦਾਤਰ ਖੱਬੇ ਪੱਖੀ ਇਤਿਹਾਸਕਾਰਾਂ ਨੇ ਲਿਖਿਆ, ਜਿਸ ਕਰਕੇ ਇਤਿਹਾਸ ਦੀ ਸਹੀ ਪੇਸ਼ਕਾਰੀ ਨਹੀਂ ਹੋਈ। ਦਿੱਲੀ ਵਿਚ ਓਮੇਂਦਰ ਰਤਨੂੰ ਦੀ ਕਿਤਾਬ "ਮਹਾਰਾਣਾ : ਸਹੰਸਰ ਵਰਸ਼ੋਂ ਕਾ ਧਰਮ ਯੁਧ" ਰਿਲੀਜ਼ ਕਰਦਿਆਂ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ: "ਇਤਿਹਾਸ, ਜਿਸ ਨੂੰ ਅਸੀਂ ਗਲਤ ਮੰਨਦੇ ਹਾਂ, ਹੌਲੀ-ਹੌਲੀ ਖਤਮ ਹੋ ਜਾਵੇਗਾ ਅਤੇ ਸੱਚ ਸਾਰਿਆਂ ਦੇ ਸਾਹਮਣੇ ਹੋਵੇਗਾ। ਕੋਈ ਵੀ ਸੱਚ ਲਿਖਣ ਤੋਂ ਰੋਕ ਨਹੀਂ ਸਕਦਾ। ਅਸੀਂ ਹੁਣ ਆਜ਼ਾਦ ਹਾਂ। ਅਸੀਂ ਆਪਣਾ ਇਤਿਹਾਸ ਆਪ ਲਿਖ ਸਕਦੇ ਹਾਂ।" ਆਓ ਸ਼ਾਨਾਮੱਤੇ ਭਾਰਤੀ ਇਤਿਹਾਸ ਨੂੰ ਰੱਦਣ, ਇਸ ਦਾ ਭਗਵਾਂਕਰਨ ਕਰਨ ਦੇ ਕੋਝੇ ਯਤਨਾਂ ਖਿਲਾਫ਼ ਲੋਕਤਾ ਨੂੰ ਸੁਚੇਤ, ਜਥੇਬੰਦ ਅਤੇ ਸੰਘਰਸ਼-ਬਧ ਕਰੀਏ।

ਯਾਦ ਕਰਦਿਆਂ

'ਯੁਗਾਂਤਰ' ਆਸ਼ਰਮ ਤੇ 'ਗ਼ਦਰ' ਅਖ਼ਬਾਰ



ਵਰਿਆਮ ਸਿੰਘ ਸੰਧੂ

ਇੱਕ ਮਕਾਨ ਕਿਰਾਏ 'ਤੇ ਲੈ ਕੇ ਗ਼ਦਰ ਪਾਰਟੀ ਦਾ ਕੇਂਦਰੀ ਦਫਤਰ 436 ਹਿੱਲ ਸਟਰੀਟ, ਸਾਨਫ਼ਰਾਂਸਿਸਕੋ ਵਿਚ ਬਣਾਇਆ ਗਿਆ। ਪਿੱਛੋਂ ਇਹ ਹੈੱਡਕੁਆਟਰ 5 ਵੁੱਡ ਸਟਰੀਟ 'ਤੇ ਤਬਦੀਲ ਹੋ ਗਿਆ। ਲਾਲਾ ਹਰਦਿਆਲ ਇਸ ਹੈੱਡਕੁਆਟਰ ਦੇ ਇੰਚਾਰਜ ਥਾਪੇ ਗਏ। ਅਖ਼ਬਾਰ ਚਲਾਉਣ ਲਈ ਇਕ ਸਬ ਕਮੇਟੀ ਬਣਾ ਕੇ ਤਿੰਨ ਹਜ਼ਾਰ ਡਾਲਰ ਅਖਬਾਰ ਦੇ ਰਾਖਵੇਂ ਖਰਚਿਆਂ ਲਈ ਜਮ੍ਹਾਂ ਕਰਾ ਦਿੱਤਾ ਗਿਆ। ਇਸ ਦਫ਼ਤਰ ਤੋਂ ਹੀ 'ਗ਼ਦਰ' ਅਖਬਾਰ ਕੱਢਣ ਦਾ ਨਿਰਣਾ ਕੀਤਾ ਗਿਆ। ਹੌਲੀ ਹੌਲੀ ਇਸਦਾ ਨਾਂ 'ਗ਼ਦਰ ਆਸ਼ਰਮ' ਵਜੋਂ ਪ੍ਰਸਿੱਧ ਹੋ ਗਿਆ। ਏਥੇ ਗ਼ਦਰੀ ਦੇਸ਼ ਭਗਤ ਆਉਂਦੇ, ਰਹਿੰਦੇ, ਪਬਲਿਕ ਤੇ ਗੁਪਤ ਮੀਟਿੰਗਾਂ ਕਰਕੇ ਸਲਾਹ ਮਸਵਰਾ ਕਰਦੇ, ਅਗਲੀਆਂ ਯੋਜਨਾਵਾਂ ਉਲੀਕਦੇ। ਏਥੇ ਕੰਮ ਕਰਨ ਵਾਲੇ ਨਿੱਜੀ ਗਰਜਾਂ ਤੋਂ ਉੱਪਰ ਉੱਠ ਕੇ ਦੇਸ਼ ਲਈ ਪੂਰੇ ਸਮਰਪਣ ਭਾਵ ਨਾਲ ਕੰਮ ਕਰਦੇ। ਪਹਿਲਾਂ ਇਹ ਅਸੂਲ ਬਣਾਇਆ ਗਿਆ ਕਿ ਨਿੱਜੀ ਖਰਚਾ ਹਰੇਕ ਬੰਦਾ ਆਪਣੇ ਪੱਲਿਓਂ ਕਰੇਗਾ। ਜਦੋਂ ਜੇਬ ਵਿਚਲੇ ਪੈਸੇ ਮੁੱਕ ਜਾਣ ਤਾਂ ਉਹ ਬਾਹਰ ਕਮਾਈ ਕਰਕੇ ਖਰਚੇ ਲਈ ਪੈਸੇ ਜਮ੍ਹਾਂ ਕਰ ਲਵੇ। ਪਰ ਇਸ ਨਾਲ ਕੰਮ ਦਾ ਬੜਾ ਹਰਜ ਹੁੰਦਾ ਵੇਖ ਕੇ ਪਾਰਟੀ ਨੇ ਉਹਨਾਂ ਦਾ ਦੋ ਡਾਲਰ ਪ੍ਰਤੀ ਮਹੀਨਾ ਖਰਚਾ ਬੰਨ੍ਹ ਦਿੱਤਾ। ਪਿੱਛੋਂ ਦਫ਼ਤਰ ਵਿਚ ਖਾਣ ਪੀਣ ਲਈ ਸਾਰਾ ਰਾਸ਼ਨ ਬਾਬਾ ਜਵਾਲਾ ਸਿੰਘ ਦੇ ਫ਼ਾਰਮ ਤੋਂ ਆਉਣ ਲੱਗਾ। ਰੋਟੀ ਕੱਪੜਾ ਵੀ ਦਫ਼ਤਰ ਵੱਲੋਂ ਹੀ ਦਿੱਤਾ ਜਾਂਦਾ ਸੀ। 5 ਵੁੱਡ ਸਟਰੀਟ ਵਿਚ ਪ੍ਰੈਸ ਮਸੀਨ ਲਾਈ ਗਈ ਜਿਸ ਨੂੰ ਪਹਿਲਾਂ ਗੋਰਾ ਮਸੀਨ ਮੈਨ ਚਲਾਉਂਦਾ ਸੀ। ਉਸਨੂੰ ਅੱਧੇ ਡਾਲਰ ਦੀ ਉਜਰਤ ਉੱਤੇ ਰੱਖਿਆ ਗਿਆ ਸੀ।

ਲਾਲਾ ਹਰਦਿਆਲ ਜੀ ਦੀ ਸਹਾਇਤਾ ਲਈ ਯੂ.ਪੀ. ਦਾ ਇਕ ਨੌਜਵਾਨ ਰਘਵੀਰ ਦਿਆਲ ਸਹਾਇਤਾ ਲਈ ਭੇਜਿਆ ਗਿਆ। ਬਰਕਲੇ ਯੂਨੀਵਰਸਿਟੀ ਦਾ ਵਿਦਿਆਰਥੀ ਕਰਤਾਰ ਸਿੰਘ ਸਰਾਭਾ ਵੀ ਉਹਨਾਂ ਦੀ ਮਦਦ ਕਰਨ ਲਈ ਆਸ਼ਰਮ ਵਿਚ ਪਹੁੰਚ ਗਿਆ। ਆਮ ਤੌਰ 'ਤੇ ਅਖਬਾਰ ਦਾ ਮਜਮੂਨ ਲਾਲਾ ਹਰਦਿਆਲ ਲਿਖਦੇ। ਉਰਦੂ ਅਖ਼ਬਾਰ ਦੀ ਕਿਤਾਬਤ ਰਘਬੀਰ ਦਿਆਲ ਕਰ ਲੈਂਦਾ ਤੇ ਉਸਦਾ ਉਲਥਾ ਕਰਤਾਰ ਸਿੰਘ ਸਰਾਭਾ ਕਰ ਦਿੰਦਾ। ਸਰਾਭਾ ਆਪ ਵੀ ਅਖ਼ਬਾਰ ਲਈ ਲੇਖ ਲਿਖਣ ਲੱਗਾ। ਛੇਤੀ ਹੀ ਕਰਤਾਰ ਸਿੰਘ ਸਰਾਭਾ ਪ੍ਰੈਸ ਦਾ ਕੰਮ ਸਿੱਖ ਗਿਆ ਤੇ ਗੋਰੇ ਦੀ ਛੁੱਟੀ ਕਰ ਦਿੱਤੀ ਗਈ। ਸਰਾਭਾ ਦੇਸ਼ ਦੀ ਆਜ਼ਾਦੀ ਲਈ ਏਨੇ ਸਮਰਪਣ ਭਾਵ ਨਾਲ ਜੁੜ ਗਿਆ ਸੀ ਕਿ ਸਹੀ ਅਰਥਾਂ ਵਿਚ ਉਸਨੇ ਤਨ, ਮਨ, ਧਨ ਨਾਲ ਕੁਰਬਾਨੀ ਕਰਨ ਲਈ ਦ੍ਰਿੜ ਨਿਹਚਾ ਕਰ ਲਿਆ। ਆਪਣੀ ਪੜ੍ਹਾਈ ਦੇ ਖਰਚੇ ਲਈ ਜਿਹੜੇ ਦੋ ਸੌ ਡਾਲਰ ਉਹ ਦੇਸ਼ੋਂ ਆਪਣੇ ਨਾਲ ਲਿਆਇਆ ਸੀ, ਅਖ਼ਬਾਰ ਵਾਸਤੇ ਲਾਲਾ ਹਰਦਿਆਲ ਦੇ ਹਵਾਲੇ ਕਰ ਦਿੱਤੇ। ਇਤਿਹਾਸ ਵਿਚ ਇਹ ਵੀ ਹਵਾਲਾ ਮਿਲਦਾ ਹੈ ਕਿ ਜਦੋਂ ਪਾਰਟੀ ਫੈਸਲੇ ਤੋਂ ਬਾਅਦ ਲਾਲਾ ਜੀ ਅਖਬਾਰ ਕੱਢਣ ਤੋਂ ਹਿਚਕਚਾ ਰਹੇ ਸਨ ਤਾਂ ਇਹ ਸਰਾਭਾ ਹੀ ਸੀ ਜਿਸ ਨੇ ਉਹਨਾਂ ਉੱਤੇ ਜੋਰ ਪਾ ਕੇ ਇਹ ਜ਼ਿੰਮੇਵਾਰੀ ਸਾਂਭਣ ਲਈ ਉਹਨਾਂ ਨੂੰ ਰਾਜੀ ਕੀਤਾ ਸੀ। ਪਿੱਛੋਂ ਹਰਨਾਮ ਸਿੰਘ ਟੁੰਡੀਲਾਟ ਨੂੰ ਵੀ ਗ਼ਦਰ ਆਸ਼ਰਮ ਭੇਜ ਦਿੱਤਾ ਗਿਆ। ਅਖ਼ਬਾਰੀ ਕੰਮ ਵਿਚ ਸਹਾਇਤਾ ਕਰਨ ਦੇ ਨਾਲ ਉਸਦੀ ਡਿਊਟੀ ਲਾਲਾ ਜੀ ਦੀ ਹਿਫ਼ਾਜ਼ਤ ਕਰਨੀ ਸੀ ਕਿਉਂਕਿ ਲਾਲਾ ਜੀ ਬੀਮਾਰੀ ਤੋਂ ਕਮਜੋਰੀ ਕਾਰਨ ਸਰੀਰਕ ਪੱਖੋਂ ਏਨੇ ਕਮਜੋਰ ਹੋ ਗਏ ਸਨ ਕਿ ਆਪਣੀ ਹਿਫਾਜਤ ਕਰਨੀ ਉਹਨਾਂ ਲਈ ਔਖੀ ਸੀ। ਅਖ਼ਬਾਰ ਵਿਚ ਕੰਮ ਕਰਦਿਆਂ ਹੀ ਟੁੰਡੀਲਾਟ ਨੇ ਕਵਿਤਾਵਾਂ ਲਿਖਣੀਆਂ ਆਰੰਭ ਕੀਤੀਆਂ। ਪਹਿਲੀ 'ਗ਼ਦਰ ਦੀ ਗੂੰਜ' ਵਿਚ ਬਹੁਤੀਆਂ ਕਵਿਤਾਵਾਂ ਓਸੇ ਦੀਆਂ ਲਿਖੀਆਂ ਹੋਈਆਂ ਹਨ।

ਏਥੋਂ ਛਪਣ ਵਾਲੇ ਹਫ਼ਤਾਵਾਰੀ ਅਖ਼ਬਾਰ ਦਾ ਨਾਂ 'ਗ਼ਦਰ' ਰੱਖਣ ਪਿੱਛੇ ਮੂਲ ਕਾਰਨ 1857 ਦੇ ਅੰਗਰੇਜ਼ ਵਿਰੋਧੀ ਗ਼ਦਰ ਨੂੰ ਯਾਦ ਕਰਦਿਆਂ ਲੜੀ ਗਈ ਉਸ ਹਥਿਆਰਬੰਦ ਲੜਾਈ ਦੀ ਨਿਰੰਤਰਤਾ ਨੂੰ ਕਾਇਮ ਰੱਖਣਾ ਵੀ ਸੀ ਅਤੇ ਅੰਗਰੇਜ਼ਾਂ ਨੂੰ ਚਿੜਾਉਣਾ ਵੀ ਸੀ। ਆਖਰ ਪਹਿਲੀ ਨਵੰਬਰ 1913 ਨੂੰ 'ਗ਼ਦਰ' ਅਖ਼ਬਾਰ ਦਾ ਪਹਿਲਾ ਪਰਚਾ ਪ੍ਰਕਾਸ਼ਿਤ ਕੀਤਾ ਗਿਆ। ਪਰਚਾ ਪਹਿਲਾਂ ਉਰਦੂ ਵਿਚ ਛਾਪਿਆ ਗਿਆ। ਗੁਰਮੁਖੀ ਦਾ ਪਰਚਾ 9 ਦਸੰਬਰ 1913 ਨੂੰ ਪ੍ਰਕਾਸ਼ਿਤ ਹੋਇਆ। ਪਿੱਛੋਂ ਪਾਰਟੀ ਦੀ ਨੀਤੀ ਅਨੁਸਾਰ ਸਮੇਂ ਸਮੇਂ ਬੰਗਾਲੀ, ਹਿੰਦੀ ਤੇ ਗੁਜਰਾਤੀ ਵਿਚ ਵੀ ਛਾਪਣਾ ਸ਼ੁਰੂ ਕੀਤਾ। ਇਹ ਉਹਨਾਂ ਦੀ ਵਿਗਿਆਨਕ ਤੇ ਭਵਿੱਖ-ਮੁਖੀ ਸੋਚ ਦਾ ਪ੍ਰਗਟਾ ਹੀ ਹੈ ਕਿ ਗ਼ਦਰੀ ਦੇਸ਼ ਭਗਤ ਉਸ ਸਮੇਂ ਹੀ ਆਪਣੇ ਲੋਕਾਂ ਲਈ ਦੇਸ਼ੀ ਜਬਾਨਾਂ ਦੇ ਮਹੱਤਵ ਨੂੰ ਪਛਾਣਦੇ ਸਨ। ਇਸੇ ਕਰਕੇ 'ਗ਼ਦਰ'

ਦੇ ਪਹਿਲੇ ਪਰਚੇ ਦੀਆਂ ਪਹਿਲੀਆਂ ਸਤਰਾਂ ਵਿਚ ਹੀ 'ਵਿਦੇਸ਼ੀ ਧਰਤੀ ਤੋਂ ਦੇਸ਼ੀ ਜਬਾਨਾਂ ਵਿਚ' ਅੰਗਰੇਜ਼ ਸਾਮਰਾਜ ਵਿਰੁੱਧ ਜੰਗ ਲੜਨ ਦਾ ਐਲਾਨ ਕੀਤਾ ਗਿਆ। ਦਿਨ-ਬ-ਦਿਨ ਅਖ਼ਬਾਰ ਦੀ ਮੰਗ ਵਧਣ ਲੱਗੀ। ਅਖ਼ਬਾਰ ਦੀ ਵਧ ਰਹੀ ਮੰਗ ਪੂਰੀ ਕਰਨੀ ਇਸ ਲਈ ਸੰਭਵ ਨਹੀਂ ਸੀ ਕਿਉਂਕਿ ਅਖਬਾਰ ਦੀ ਛਪਾਈ ਹੱਥ-ਮਸੀਨ ਨਾਲ ਕੀਤੀ ਜਾਂਦੀ ਸੀ। ਲਾਲਾ ਜੀ ਨੇ ਪਾਰਟੀ ਨੂੰ ਲਿਖਿਆ ਕਿ ਬਿਜਲੀ ਨਾਲ ਚੱਲਣ ਵਾਲੀ ਸੈਕਿੰਡ ਹੈਂਡ ਮਸ਼ੀਨ ਬਾਈ ਸੌ ਡਾਲਰ ਨੂੰ ਮਿਲਦੀ ਹੈ। ਪਾਰਟੀ ਕਾਰਕੁਨਾਂ ਵਿਚ ਏਨਾ ਉਤਸ਼ਾਹ ਸੀ ਕਿ ਔਰੇਗਨ ਤੇ ਵਾਸ਼ਿੰਗਟਨ ਦੀਆਂ ਬਰਾਂਚਾਂ ਨੇ ਤੁਰੰਤ ਇਹ ਰਕਮ ਭੇਜ ਦਿੱਤੀ। ਇੰਝ 5 ਵੁੱਡ ਸਟਰੀਟ 'ਤੇ ਆਪਣਾ ਛਾਪਾਖਾਨਾ ਲਾ ਕੇ ਵੱਡੀ ਗਿਣਤੀ ਵਿਚ ਅਖ਼ਬਾਰ ਛਾਪਣੀ ਆਰੰਭ ਕੀਤੀ।

ਅਖ਼ਬਾਰ ਅਮਰੀਕਾ, ਕਨੇਡਾ ਵਿਚ ਤਾਂ ਜਾਂਦਾ ਹੀ ਸੀ ਸਗੋਂ ਉਹਨਾਂ ਦੂਜੇ ਮੁਲਕਾਂ ਵਿਚ ਵੀ ਪਹੁੰਚਾਇਆ ਜਾਣ ਲੱਗਾ ਜਿੱਥੇ ਜਿੱਥੇ ਹਿੰਦੁਸਤਾਨੀ ਰਹਿੰਦੇ ਸਨ। ਪਰਚਾ ਹਿੰਦੁਸਤਾਨ ਵੀ ਪਹੁੰਚ ਗਿਆ। ਹਿੰਦੁਸਤਾਨ ਦੀ ਸੀ ਆਈ. ਡੀ. ਦੇ ਚੌਕਸ ਹੋ ਜਾਣ ਉਪਰੰਤ ਪਰਚੇ ਬੰਦ ਲਿਫ਼ਾਫ਼ਿਆਂ ਵਿਚ ਜਾਂ ਖ਼ੁਫੀਆ ਢੰਗ ਵਰਤ ਕੇ ਵੀ ਭੇਜੇ ਜਾਣ ਲੱਗੇ। ਹੋਮ ਪੋਲੀਟੀਕਲ ਬਰਾਂਚ ਦੀਆਂ ਮਿਸਲਾਂ ਤੋਂ ਮਾਲੂਮ ਹੁੰਦਾ ਹੈ ਕਿ ਵੱਡੀ ਜੰਗ ਦੇ ਪਹਿਲੇ ਸਾਲਾਂ ਤੱਕ ਪਾਰਟੀ ਨੇ ਇਸਫਹਾਨ, ਮਨੀਲਾ, ਹੰਕਾਊਂ, ਸੰਘਈ, ਹਾਂਗਕਾਂਗ, ਸਿੰਘਾਪੁਰ, ਰੰਗੂਨ, ਰੀਯੂਨੀਅਨ, ਕੈਸਾਬਲਾਂਕਾ, ਰੋਡੇਸੀਆ, ਮਰਾਕੋ, ਅਦਨ ਤੇ ਲੰਡਨ ਆਦਿ ਥਾਵਾਂ 'ਤੇ ਪਰਚੇ ਪਹੁੰਚਾਉਣ ਦਾ ਬੰਦੋਬਸਤ ਕਰ ਲਿਆ ਸੀ। ਹੋਰ ਤਾਂ ਹੋਰ ਰੂਸ ਦੇ ਇਨਕਲਾਬੀਆਂ ਹੱਥੀਂ ਅਖਬਾਰ ਚੀਨ ਤੇ ਓਥੋਂ ਈਰਾਨ ਵਿਚ ਵੀ ਪਹੁੰਚਾਇਆ ਜਾਂਦਾ। ਸਮੇਂ ਸਮੇਂ ਹਿੰਦੀ, ਗੁਜਰਾਤੀ, ਪਸਤੋ ਤੇ ਨੇਪਾਲੀ ਵਿਚ ਵੀ ਸਪੈਸ਼ਲ ਨੰਬਰ ਛਾਪੇ ਜਾਂਦੇ ਸਨ। ਅਖਬਾਰ ਦੀ ਮੰਗ ਏਨੀ ਵਧ ਗਈ ਸੀ ਕਿ ਅਖਬਾਰ ਹਜ਼ਾਰਾਂ ਦੀ ਗਿਣਤੀ ਵਿਚ ਛਾਪ ਕੇ ਵੰਡਿਆ ਜਾਂਦਾ। ਇਸ ਗੱਲ ਦੀ ਗਵਾਹੀ ਵੀ ਮਿਲਦੀ ਹੈ ਕਿ 1916 ਤੱਕ ਇਹ ਲੱਖਾਂ ਦੀ ਗਿਣਤੀ ਵਿਚ ਛਪਣ ਲੱਗ ਪਿਆ ਸੀ। ਅਖ਼ਬਾਰ ਦੀ ਵਧਦੀ ਮੰਗ ਹੀ ਇਸ ਗੱਲ ਦੀ ਸੂਚਕ ਹੈ ਕਿ ਇਸਨੇ ਕਿੱਡੇ ਵੱਡੇ ਪੱਧਰ 'ਤੇ ਲੋਕਾਂ ਨੂੰ ਆਪਣੀ ਸੋਚ ਦੇ ਘੇਰੇ ਵਿਚ ਲੈ ਕੇ ਉਹਨਾਂ ਵਿਚ ਗ਼ਦਰ ਦੀ ਅੱਗ ਮਘਾਈ ਸੀ। ਆਜ਼ਾਦੀ ਦਾ ਚਾਅ ਤੇ ਇਸ ਲਈ ਕੁਰਬਾਨ ਹੋਣ ਦਾ ਜਜਬਾ ਵਿਭਿੰਨ ਮੁਲਕਾਂ ਵਿਚ ਵਸਦੇ ਹਿੰਦੀਆਂ ਦੇ ਮਨਾਂ ਵਿਚ ਉਛਾਲੇ ਲੈਣ ਲੱਗਾ।

ਅਖ਼ਬਾਰ ਦੇ ਮੁੱਖ ਪੰਨੇ ਉੱਤੇ ਕੋਈ ਮੁੱਲ ਜਾਂ ਚੰਦਾ ਨਹੀਂ ਸੀ ਲਿਖਿਆ ਹੁੰਦਾ ਸਗੋਂ ਲਿਖਿਆ ਹੁੰਦਾ ਸੀ: ਕੀਮਤ- ਦੇਸ ਭਗਤੀ। ਹਰੇਕ ਨਵੇਂ ਅੰਕ ਵਿਚ ਅਖ਼ਬਾਰ ਦੇ ਮੁੱਖ ਪੰਨੇ 'ਤੇ 'ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ' ਦੇ ਅਨੁਵਾਨ ਤਹਿਤ ਇਹ ਸਤਰਾਂ ਲਿਖੀਆਂ ਜਾਂਦੀਆਂ ਸਨ।

ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ

ਮੋਟੀਆਂ ਮੋਟੀਆਂ ਬਾਤਾਂ

1. ਅੰਗਰੇਜ਼ ਹਰ ਸਾਲ 50 ਕਰੋੜ ਰੁਪਈਆ ਹਿੰਦੋਸਤਾਨ ਵਿਚੋਂ ਲੈ ਜਾਂਦੇ ਸਨ। ਏਸ ਕਰਕੇ ਏਨੇ ਗਰੀਬ ਹਾਂ ਕਿ ਪੰਜ ਪੈਸੇ ਦਿਹਾੜੀ ਮਿਲਦੀ ਹੈ।
2. ਜਮੀਨ ਦਾ ਮਾਮਲਾ ਸੌ ਵਿਚੋਂ 65 ਲੈ ਜਾਂਦੇ ਹਨ।
3. 24 ਕਰੋੜ ਆਦਮੀਆਂ ਦੀ ਪੜ੍ਹਾਈ 'ਤੇ ਪੌਨੇ 8 ਕਰੋੜ ਰੁਪੈਯਾ ਤੇ ਸਫਾਈ ਦੇ ਬੰਦੋਬਸਤ 'ਤੇ ਕੁੱਲ 2 ਕਰੋੜ ਰੁਪੈ ਖਰਚ ਕੀਤਾ ਜਾਂਦਾ ਹੈ। ਪਰ ਫੌਜ 'ਤੇ ਸਾਢੇ 29 ਕਰੋੜ।
4. ਅੰਗਰੇਜ਼ਾਂ ਦੇ ਰਾਜ ਵਿੱਚ ਕਾਲ ਵਧਦੇ ਜਾਂਦੇ ਹਨ ਅਤੇ ਦਸ ਬਰਸਾਂ ਵਿਚ ਦੋ ਕਰੋੜ ਆਦਮੀ ਮਰ ਗਏ ਹਨ।
5. ਪਲੇਗ ਨਾਲ ਸੋਲਾਂ ਵਰਸਾਂ ਵਿਚ 80 ਲੱਖ ਮਰ ਗਏ।
6. ਹਿੰਦੋਸਤਾਨ ਦੇ ਰਾਜਧੱੜੇਆਂ ਵਿਚ ਨਾਫ਼ਾਕ ਪਾ ਕੇ ਅਪਨਾ ਡਰ ਬਠਾਉਂਦੇ ਹਨ।
7. ਅੰਗੇਰਜ਼ਾਂ ਨੂੰ ਹਿੰਦੋਸਤਾਨੀ ਆਦਮੀਆਂ ਨੂੰ ਮਾਰ ਸੁਟਣ ਤੇ ਔਰਤਾਂ ਦੀ ਇੱਜਤ ਖਰਾਬ ਕਰਨ ਦੀ ਕੋਈ ਸਜ਼ਾ ਨਹੀਂ ਦਿੱਤੀ ਜਾਂਦੀ।
8. ਹਿੰਦੂ ਮੁਸਲਮਾਨਾਂ ਦੇ ਪੈਸੇ ਨਾਲ ਇਸਾਈ ਮਜ਼ਬ ਦੀ ਮਦਦ ਕੀਤੀ ਜਾਂਦੀ ਹੈ।
9. ਹਿੰਦੂ ਤੇ ਮੁਸਲਮਾਨਾਂ ਵਿਚ ਫਸਾਦ ਕਰਾਉਣ ਦੀ ਕੋਸ਼ਿਸ ਕੀਤੀ ਜਾਂਦੀ ਹੈ।
10. ਹਿੰਦੋਸਥਾਨ ਦੇ ਰੁਪੈ ਨਾਲ ਹਿੰਦੋਸਥਾਨੀਆਂ ਦੀਆਂ ਜਾਨਾਂ ਖੁਪਾ ਕੇ ਦੂਜੇ ਦੇਸ਼ਾਂ ਨਾਲ ਲਾਮ ਲਾਉਂਦੇ ਹਨ।
11. ਹਿੰਦੋਸਥਾਨ ਦੀ ਅਬਾਦੀ ਅੰਗਰੇਜੀ ਅਲਾਕੇ ਵਿਚ 24 ਕਰੋੜ ਤੇ ਰਿਯਾਸਤਾਨ - ਵਿਚ 7 ਕਰੋੜ ਹੈ। ਅੰਗਰੇਜ਼ ਸਿਪਾਹੀ ਤੇ ਅਫਸਰ 79614 ਤੇ ਵਾਲੰਟੀਅਰ 38948 ਹਨ।

12ਵੇਂ ਨੰਬਰ 'ਤੇ ਲਿਖਿਆ ਹੁੰਦਾ ਸੀ, 'ਪਿਛਲੇ ਸੰਨ 1857 ਵਾਲੇ ਗਦਰ ਨੂੰ 56 ਸਾਲ ਹੋ ਗਏ ਹਨ।' ਅਤੇ ਅਖੀਰਲੀ ਤੇ 13ਵੀਂ ਗੱਲ ਸੀ, "ਹੁਣ ਦੂਸਰੇ ਗ਼ਦਰ ਦੀ ਬਹੁਤ ਛੇਤੀ ਲੋੜ ਹੈ।" ਕਦੀ ਕਦੀ ਅਖ਼ਬਾਰ 'ਤੇ ਵੰਗਾਰਵੇਂ ਸਵਾਲ ਉਠਾ ਕੇ ਉਹਨਾਂ ਦੇ ਜਵਾਬ ਵੀ ਦਿੱਤੇ ਹੁੰਦੇ।

ਸਾਡਾ ਨਾਂ ?	**ਗ਼ਦਰ**
ਸਾਡਾ ਕੰਮ ?	**ਗ਼ਦਰ**
ਗ਼ਦਰ ਕਿੱਥੇ ਹੋਵੇਗਾ ?	**ਹਿੰਦੁਸਤਾਨ ਵਿਚ**
ਕਦੋਂ ?	**ਕੁਝ ਸਾਲਾਂ ਵਿਚ ਹੀ**

ਕਿਉਂ ? ਕਿਉਂਕਿ ਲੋਕ ਹੁਣ ਅੰਗਰੇਜ਼ ਹੁਕਮਰਾਨਾਂ ਦਾ ਜ਼ੁਲਮ ਬਰਦਾਸ਼ਤ ਨਹੀਂ ਕਰ ਸਕਦੇ ਅਤੇ ਆਜ਼ਾਦੀ ਲਈ ਲੜਨ ਤੇ ਮਰਨ ਲਈ ਤਿਆਰ ਹਨ।

ਅਖ਼ਬਾਰ ਵਿਚ ਸਮੇਂ ਸਮੇਂ 'ਲੋੜ ਹੈ' ਦੇ ਕਾਲਮ ਹੇਠ ਅਨੋਖੀ ਕਿਸਮ ਦੀ 'ਇਸਤਿਹਾਰਬਾਜੀ ਵੀ ਕੀਤੀ ਹੁੰਦੀ।

ਲੋੜ ਹੈ: ਗ਼ਦਰ ਵਾਸਤੇ ਹਿੰਮਤੀ ਤੇ ਸੇਰ ਦਿਲ ਸਿਪਾਹੀਆਂ ਦੀ।

ਇਵਜਾਨਾ:	**ਮੌਤ**
ਇਨਾਮ:	**ਸ਼ਹੀਦੀ**
ਪੈਨਸ਼ਨ:	**ਆਜਾਦੀ**
ਕੰਮ ਦਾ ਮੈਦਾਨ:	**ਹਿੰਦੁਸਤਾਨ**

'ਗ਼ਦਰ' ਦੇ ਮੁੱਖ ਪੰਨੇ 'ਤੇ ਸਭ ਤੋਂ ਉਪਰ ਪਹਿਲਾਂ 'ਜੇ ਚਿਤ ਪ੍ਰੇਮ ਖੇਲਨ ਕਾ ਚਾਉ, ਸਿਰੁ ਧਰਿ ਤਲੀ ਗਲੀ ਮੇਰੀ ਆਉ' ਲਿਖਿਆ ਹੁੰਦਾ ਸੀ ਪਰ 12ਵੇਂ ਪਰਚੇ ਵਿਚ 'ਜੇ ਚਿਤ' ਦੀ ਜਗਹ ਅਸਲ ਤੁਕ ਵਾਲੇ ਸ਼ਬਦ 'ਜਉ ਤਉ' ਲਿਖ ਦਿੱਤੇ ਗਏ।

'ਗ਼ਦਰ' ਅਖਬਾਰ ਦੇ ਕੇਂਦਰੀ ਮਹੱਤਵ ਬਾਰੇ ਇਤਿਹਾਸਕਾਰ ਜਗਜੀਤ ਸਿੰਘ ਲਿਖਦੇ ਹਨ, "ਗ਼ਦਰ ਅਖਬਾਰ ਨਾ ਕੇਵਲ ਗ਼ਦਰ ਪਾਰਟੀ ਦਾ ਪਹਿਲਾ ਅਮਲੀ ਕਦਮ ਸੀ ਸਗੋਂ ਸ਼ੁਰੂ ਸ਼ੁਰੂ ਵਿਚ ਇਹ ਗ਼ਦਰ ਪਾਰਟੀ ਦੀਆਂ ਸਾਰੀਆਂ ਕਾਰਵਾਈਆਂ ਦਾ ਧੁਰਾ ਸੀ। ਬਲਕਿ ਪਿੱਛੋਂ ਵੀ ਗ਼ਦਰ ਲਹਿਰ ਦੇ ਆਸ਼ਿਆਂ ਨੂੰ ਪ੍ਰਚਾਰਨ ਅਤੇ ਇਸ ਲਹਿਰ ਨੂੰ ਬੜੀ ਜਬਰਦਸਤ ਇਨਕਲਾਬੀ ਲਹਿਰ ਬਨਾਉਣ ਦਾ ਸਭ ਤੋਂ ਵੱਡਾ ਇਕੱਲਾ ਕਦਮ ਸਾਬਤ ਹੋਇਆ। ਅਮਰੀਕਾ ਤੋਂ ਬਾਹਰ ਦੂਰ ਦੁਰਾਡੇ ਦੇਸ਼ਾਂ ਵਿਚ ਗਦਰ ਪਾਰਟੀ ਲਹਿਰ ਜਥੇਬੰਦ ਕਰਨ ਵਾਸਤੇ ਇਸਦੀ ਬਦੌਲਤ ਆਦਮੀਆਂ ਦੇ ਜਾਤੀ ਮੇਲ ਦੀ ਬਹੁਤੀ ਲੋੜ ਨਾ ਰਹੀ। ਜਿੱਥੇ ਵੀ ਇਹ ਪੁੱਜਦਾ ਹਰ ਹਫ਼ਤੇ ਹਿੰਦੀ ਇਸਨੂੰ ਪੜ੍ਹਨ ਤੇ ਸੁਣਨ ਵਾਸਤੇ ਜਮ੍ਹਾਂ ਹੋ ਜਾਂਦੇ।ਅਮਰੀਕਾ ਤੋਂ ਬਾਹਰ ਗ਼ਦਰ ਅਖਬਾਰ ਹੀ ਥਾਂ-ਥਾਂ ਐਸਾ ਕੇਂਦਰ ਬਣਿਆ, ਜਿਸ ਉਦਾਲੇ ਗ਼ਦਰ ਪਾਰਟੀ ਲਹਿਰ ਦੇ ਵਿਚਾਰਾਂ ਨਾਲ ਸੰਮਤੀ ਰੱਖਣ ਵਾਲੇ ਸੱਜਣ ਇਕੱਠੇ ਹੋਏ ਤੇ ਜੁੜੇ, ਜੋ ਪਿੱਛੋਂ ਪਹਿਲਾ ਮੌਕਾ ਮਿਲਣ ਉੱਤੇ ਗ਼ਦਰ ਪਾਰਟੀ ਲਹਿਰ ਵਿਚ ਕੁੱਦ ਪਏ।" (ਗ਼ਦਰ ਪਾਰਟੀ ਲਹਿਰ, ਪੰਨਾ: 169)

ਇਸ ਅਖ਼ਬਾਰ ਵਿਚ ਉਠਾਏ ਸਵਾਲਾਂ ਤੇ ਮੁੱਦਿਆਂ ਨੇ ਦੇਸ਼-ਵਿਦੇਸ਼ ਵਿਚ ਵਸਦੇ ਭਾਰਤੀਆਂ ਦੇ ਦਿਲਾਂ ਅੰਦਰ ਗ਼ਦਰ ਕਰਕੇ ਆਜ਼ਾਦੀ ਹਾਸਲ ਕਰਨ ਦੀ ਜਵਾਲਾ ਬਾਲ ਦਿੱਤੀ। ਇਸਦਾ ਇਕ ਕਾਰਨ ਤਾਂ ਇਹ ਸੀ ਕਿ ਪੂਰਬੀ ਮੁਲਕਾਂ ਵਿਚ ਰਹਿਣ ਵਾਲੇ ਹਿੰਦੀ ਵੀ ਜਾਤੀ ਤਜਰਬੇ ਕਾਰਨ ਬੜੇ ਔਖੇ ਸਨ ਕਿਉਂਕਿ ਉਹਨਾਂ ਨੂੰ ਅਮਰੀਕਾ-ਕਨੇਡਾ ਜਾਣ ਨਹੀਂ ਸੀ ਦਿੱਤਾ ਗਿਆ ਤੇ ਉਹ ਇਹਨਾਂ ਮੁਲਕਾਂ ਵਿਚ ਰੁਲ ਰਹੇ ਸਨ। ਇਸ ਲਈ ਭਾਵੇਂ ਉਹਨਾਂ ਦੇ ਮਨ ਅਮਰੀਕਾ ਤੇ ਕਨੇਡਾ ਵਿਚ ਵਸਦੇ ਭਾਈਬੰਦਾਂ ਵਰਗੇ ਮਨੋਵਿਗਿਆਨਕ ਪ੍ਰੇਰਕ ਨਾ ਵੀ ਹੋਣ ਪਰ ਅਖ਼ਬਾਰ ਰਾਹੀਂ ਮਿਲੀ ਰਾਜਸੀ ਜਾਗ੍ਰਤੀ ਕਾਰਨ ਅੰਦਰੋਂ ਟੁੰਬੇ ਗਏ ਸਨ। ਦੂਜੀ ਗੱਲ ਇਹ ਸੀ ਕਿ ਅਖਬਾਰ ਕੋਈ ਲੁਕ ਲੁਕਾ ਨਹੀਂ ਸੀ ਰੱਖਦਾ ਸਗੋਂ ਬੜੀ ਖੁੱਲ੍ਹੀ ਤੇ ਉਚੀ ਆਵਾਜ ਵਿਚ ਲਲਕਾਰਦਾ ਸੀ ਕਿ "ਆਓ! ਦੇਸ਼ ਵਿਚ ਜਾ ਕੇ ਬਗ਼ਾਵਤ ਕਰੀਏ ਤੇ ਜ਼ਾਲਮ ਹਕੂਮਤ ਦਾ ਤਖਤਾ ਪਲਟ ਦੇਈਏ।" ਅਖਬਾਰ ਦੀ ਬੋਲੀ ਪੰਜਾਬੀਆਂ ਦੇ ਦਿਲ ਦੀ ਬੋਲੀ ਸੀ। ਇਸ ਕਰਕੇ ਪੂਰਬੀ ਮੁਲਕਾਂ ਵਿਚ ਵਸਦੇ ਹਿੰਦੀਆਂ ਨੂੰ ਇਹ ਬੋਲੀ ਕਲੇਜੇ ਵਿਚ ਸਿੱਧੀ ਖੁਭਦੀ ਜਾਪਦੀ ਸੀ।

ਅਖ਼ਬਾਰ ਤੋਂ ਇਲਾਵਾ ਆਸ਼ਰਮ ਨੇ ਕਈ ਘਟਨਾਵਾਂ ਤੇ ਮਸਲਿਆਂ ਬਾਰੇ ਕਈ ਕਿਤਾਬਚੇ ਵੀ ਛਾਪੇ। ਇਹਨਾਂ ਵਿਚੋਂ 'ਫ਼ਰੰਗੀ ਦਾ ਫਰੇਬ' ਵਿਚ ਅੰਗਰੇਜ਼ਾਂ ਦੀ ਧੋਖੇ ਤੇ ਧੱਕੇ ਦੀ ਨੀਤੀ ਨੂੰ ਨੰਗਾ ਕੀਤਾ ਗਿਆ। 'ਸ਼ਾਬਾਸ਼' (1913) ਕਿਤਾਬਚੇ ਵਿਚ ਲਾਰਡ ਹਾਰਡਿੰਗ 'ਤੇ ਬੰਬ ਸੁੱਟਣ ਵਾਲਿਆਂ ਦੀ ਪ੍ਰਸ਼ੰਸਾ ਕੀਤੀ ਗਈ। 'ਨੀਮ ਹਕੀਮ ਖਤਰਾ-ਏ-ਜਾਨ' ਤੇ 'ਨਵੇਂ ਜ਼ਮਾਨੇ ਦੇ ਨਵੇਂ ਆਦਰਸ਼' (1914) ਵਿਚ ਲਾਲਾ ਹਰਦਿਆਲ ਦੇ ਲਿਖੇ ਲੇਖਾਂ ਦਾ ਪੰਜਾਬੀ ਤਰਜਮਾ ਛਾਪਿਆ ਗਿਆ। 'ਜੁਲਮ, ਜੁਲਮ! ਗੋਰੇ ਸ਼ਾਹੀ ਜੁਲਮ' (1914) ਨਾਂ ਦੇ ਕਿਤਾਬਚੇ ਵਿਚ ਭਾਈ ਭਗਵਾਨ ਸਿੰਘ ਨੂੰ ਕਨੇਡਾ ਤੋਂ ਡੀਪੋਰਟ ਕੀਤੇ ਜਾਣ ਦੀ ਜਬਰਦਸਤ ਨਿੰਦਾ ਕੀਤੀ ਗਈ ਸੀ ਤੇ 'ਗੋਰੇ ਲੋਕਾਂ ਨੂੰ ਮਾਰਨ' ਵਾਸਤੇ ਹਿੰਦੀਆਂ ਨੂੰ ਹੋਕਾ ਦਿੱਤਾ ਹੋਇਆ ਸੀ। ਇੰਝ ਹੀ 1915 ਵਿਚ ਪੰਜਾਬੀ ਵਿਚ 'ਰੂਸੀ ਗ਼ਦਰੀਆਂ ਦੇ ਸਮਾਚਾਰ ਅਰਥਾਤ ਰੂਸੀ ਵੀਰਾਂ ਤੇ ਵੀਰਾਗਣਾਂ ਦੀਆਂ ਕਹਾਣੀਆਂ' ਵੀ ਪੰਜਾਬੀ ਵਿਚ ਛਾਪ ਕੇ ਵੰਡੀਆਂ ਗਈਆਂ। ਇਸ ਵਿਚ ਰੂਸੀ ਇਨਕਲਾਬੀਆਂ ਦੇ ਬਹਾਦਰੀ ਭਰੇ ਕਾਰਨਾਮਿਆਂ ਦਾ ਜ਼ਿਕਰ ਸੀ। ਇਸਤੋਂ ਬਾਅਦ ਵੀ ਕਈ ਸਾਲਾਂ ਤੱਕ ਗ਼ਦਰੀ ਸਾਹਿਤ ਛਾਪ ਕੇ ਵੰਡਿਆ ਜਾਂਦਾ ਰਿਹਾ। ਇਸਤੋਂ ਇਲਾਵਾ ਕੌਮੀ ਅਣਖ ਨੂੰ ਜਗਾਉਣ ਵਾਲੀਆਂ ਕਵਿਤਾਵਾਂ ਇਕੱਠੀਆਂ ਕਰਕੇ 'ਗ਼ਦਰ ਦੀ ਗੂੰਜ' ਦੇ ਨਾਂ ਹੇਠ ਛਪਵਾਈਆਂ ਗਈਆਂ। ਇਸ ਪ੍ਰਚਾਰ ਦਾ ਅਸਰ ਇਹ ਹੋਇਆ ਕਿ ਵੱਖ ਵੱਖ ਮੁਲਕਾਂ ਤੇ ਵੱਖ ਵੱਖ ਥਾਵਾਂ 'ਤੇ ਗ਼ਦਰ ਪਾਰਟੀ ਦੀਆਂ ਸ਼ਾਖਾਵਾਂ ਖੁੱਲਣ ਲੱਗੀਆਂ। ਬਾਅਦ ਵਿਚ ਅਮਰੀਕੀ ਸਰਕਾਰ ਦੇ ਦਬਾਅ ਕਾਰਨ ਜਦੋਂ ਲਾਲਾ ਹਰਦਿਆਲ ਨੂੰ ਅਮਰੀਕਾ ਛੱਡਣ ਲਈ ਮਜ਼ਬੂਰ ਹੋਣਾ ਪਿਆ ਤਾਂ ਭਾਈ ਸੰਤੋਖ ਸਿੰਘ ਨੂੰ ਪਾਰਟੀ ਦਾ ਜਨਰਲ ਸਕੱਤਰ ਬਣਾਇਆ ਗਿਆ ਤੇ ਉਸਨੇ ਆਸ਼ਰਮ ਤੇ ਜਥੇਬੰਦੀ ਦਾ ਕੰਟਰੋਲ ਸੰਭਾਲਿਆ। ਮੌਲਵੀ ਬਰਕਤੁੱਲਾ ਜਪਾਨ ਤੋਂ ਅਤੇ ਭਾਈ

ਭਗਵਾਨ ਸਿੰਘ ਫ਼ਿਲਪਾਈਨ ਤੋਂ ਆ ਕੇ ਆਸ਼ਰਮ ਵਿਚ ਕੰਮ ਕਰਨ ਲੱਗੇ। ਇਹਨਾਂ ਸਭਨਾਂ ਤੋਂ ਇਲਾਵਾ ਸੋਹਣ ਲਾਲ ਪਾਠਕ, ਪੰਡਿਤ ਕਾਸ਼ੀ ਰਾਮ, ਹਰਨਾਮ ਸਿੰਘ ਟੁੰਡੀਲਾਟ, ਹਰਨਾਮ ਸਿੰਘ ਸਾਹਰੀ ਤੇ ਰਾਮ ਚੰਦ ਆਦਿ ਵੀ ਸਮੇਂ ਸਮੇਂ ਆਸ਼ਰਮ ਵਿਚ ਰਹਿੰਦੇ ਤੇ 'ਗ਼ਦਰ' ਅਖ਼ਬਾਰ ਅਤੇ ਗ਼ਦਰ ਲਹਿਰ ਲਈ ਪੂਰਾ ਸਮਾਂ ਕੰਮ ਕਰਦੇ ਰਹੇ। ਗ਼ਦਰ ਲਹਿਰ ਨੂੰ ਸੰਗਠਤ ਕਰਨ, ਆਜ਼ਾਦੀ ਦੇ ਵਿਚਾਰ ਨੂੰ ਪ੍ਰਸਾਰਨ-ਪ੍ਰਚਾਰਨ ਵਿਚ ਇਸ ਆਸ਼ਰਮ ਦੇ ਅਤੇ ਵਿਸ਼ੇਸ ਤੌਰ 'ਤੇ 'ਗ਼ਦਰ' ਅਖਬਾਰ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ।

ਦੇਸ ਆਜ਼ਾਦ ਹੋਣ ਉਪਰੰਤ 1949 ਨੂੰ ਇਸ ਆਸ਼ਰਮ ਦਾ ਪ੍ਰਬੰਧ ਭਾਰਤ ਸਰਕਾਰ ਨੂੰ ਸੌਂਪ ਦਿੱਤਾ ਗਿਆ ਤੇ ਓਥੇ ਪਈਆਂ ਇਤਿਹਾਸਕ ਵਸਤਾਂ ਤੇ ਹੋਰ ਮਸਾਲਾ ਸਰਕਾਰ ਦੇ ਅਧਿਕਾਰ ਵਿਚ ਚਲਾ ਗਿਆ। ਹੁਣ ਇਸ ਆਸ਼ਰਮ ਦਾ ਨਾਂ 'ਗ਼ਦਰ ਮੈਮੋਰੀਅਲ' ਹੈ। ਸਾਨੂੰ ਇਹ ਵੀ ਚੇਤੇ ਰਹਿਣਾ ਚਾਹੀਦਾ ਹੈ ਕਿ 'ਗ਼ਦਰ' ਤੋਂ ਇਲਾਵਾ ਤੇ ਇਸਤੋਂ ਪਹਿਲਾਂ ਵੀ ਕਨੇਡਾ ਅਮਰੀਕਾ ਵਿਚ ਅਨੇਕਾਂ ਅਖਬਾਰ ਤੇ ਪਰਚੇ ਪ੍ਰਕਾਸ਼ਿਤ ਹੁੰਦੇ ਰਹੇ ਜਿਨ੍ਹਾਂ ਵੱਲੋਂ ਭਾਰਤਵਾਸੀਆਂ ਨੂੰ ਜਗਾਉਣ ਅਤੇ ਮਘਾਉਣ ਵਿਚ ਵਡਮੁੱਲਾ ਕਾਰਜ ਕੀਤਾ ਗਿਆ। 1907 ਵਿਚ 'ਸਰਕੁਲਰ-ਏ-ਆਜਾਦੀ' (ਰਾਮ ਨਾਥ ਪੁਰੀ), ਤਾਰਕਨਾਥ ਦਾਸ ਵੱਲੋਂ ਅੰਗਰੇਜੀ ਵਿਚ 'ਫਰੀ ਹਿੰਦੁਸਤਾਨ' (1908) ਅਮਰੀਕਾ ਤੋਂ ਕੱਢੇ ਗਏ। 1909 ਵਿਚ ਹਰਨਾਮ ਸਿੰਘ ਕਾਹਰੀ ਦੀ ਸੰਪਾਦਨਾ ਹੇਠ ਪੰਜਾਬੀ ਵਿਚ 'ਸੁਦੇਸ਼ ਸੇਵਕ' ਮਾਸਿਕ ਪੱਤਰ ਸ਼ੁਰੂ ਕੀਤਾ ਗਿਆ। 'ਸੁਦੇਸ਼ ਸੇਵਕ' ਦਾ ਮਹੱਤਵ ਇਸ ਪੱਖੋਂ ਵੀ ਬਣਦਾ ਹੈ ਕਿ ਇਹ ਉਤਰੀ ਅਮਰੀਕਾ ਵਿਚ ਛਪਣ ਵਾਲਾ ਪਹਿਲਾ ਪੰਜਾਬੀ ਪਰਚਾ ਸੀ। ਇਸ ਪਰਚੇ ਨੂੰ ਛਾਪਣ ਵਿਚ ਤਾਰਕਨਾਥ ਦਾਸ ਵੀ ਸਹਾਇਤਾ ਕਰਦਾ ਸੀ। ਇਹਦੇ ਅੱਠ ਸਫੇ ਹੁੰਦੇ ਹਨ ਤੇ ਕੀਮਤ ਦਸ ਸੈਂਟ। ਸਰਵਰਕ ਉੱਤੇ ਉਰਦੂ ਦਾ ਨਿਮਨ ਲਿਖਤ ਸ਼ਿਅਰ ਲਿਖਿਆ ਹੁੰਦਾ ਸੀ:

ਮਰਨ ਭਲਾ ਉਸਕਾ ਜੋ ਅਪਨੇ ਲੀਏ ਜੀਏ
ਜੀਤਾ ਹੈ ਵੁਹ ਜੋ ਮਰ ਚੁੱਕਾ ਹੈ ਇਨਸਾਂ ਕੇ ਲੀਏ।

1910 ਇਹ ਹੀਰਾ ਸਿੰਘ ਨੇ ਪੰਜਾਬੀ ਵਿੱਚ 'ਪਰਦੇਸੀ ਖਾਲਸਾ' ਅਖ਼ਬਾਰ ਕੱਢਿਆ। 1911 ਵਿਚ ਸੁੰਦਰ ਸਿੰਘ ਨੇ 'ਖਾਲਸਾ ਹੈਰਲਡ' ਨਾਮੀ ਅਖ਼ਬਾਰ ਸ਼ੁਰੂ ਕੀਤਾ। 1911 ਵਿਚ ਹੀ ਸੁੰਦਰ ਸਿੰਘ ਵੱਲੋਂ ਕਨੇਡਾ ਵਿਚ 'ਦਾ ਆਰੀਅਨ' ਨਾਂ ਦਾ ਅੰਗਰੇਜ਼ੀ ਅਖ਼ਬਾਰ ਕੱਢਿਆ ਗਿਆ। 1912 ਵਿਚ ਕਰਤਾਰ ਸਿੰਘ ਹੁੰਦਲ ਨੇ ਕਨੇਡਾ ਤੋਂ ਹੀ 'ਸੰਸਾਰ' ਨਾਮੀ ਪੰਜਾਬੀ ਅਖ਼ਬਾਰ ਕੱਢਣਾ ਸ਼ੁਰੂ ਕੀਤਾ।

ਇਹਨਾਂ ਤੋਂ ਬਾਅਦ ਹੀ ਇਨਕਲਾਬੀ ਸਾਹਿਤ ਦਾ ਸਿਖਰ 'ਗ਼ਦਰ' ਅਖ਼ਬਾਰ 1913 ਵਿਚ ਅਮਰੀਕਾ ਤੋਂ ਨਿਕਲਿਆ। ਇਹ ਵਿਸਥਾਰ ਦੱਸਦਾ ਹੈ ਕਿ ਇਨਕਲਾਬੀ ਲਹਿਰਾਂ ਵਿਚ ਲਿਖਤੀ ਸਾਹਿਤ ਦਾ ਕੇਡਾ ਵੱਡਾ ਮਹੱਤਵ ਹੈ। ਇਹ 'ਗ਼ਦਰ' ਅਖਬਾਰ ਤੇ ਹੋਰ ਲਿਖਤੀ ਸਾਹਿਤ ਦੀ ਪ੍ਰੇਰਨਾ ਹੀ ਸੀ ਕਿ ਵਿਭਿੰਨ ਮੁਲਕਾਂ ਵਿਚ ਵਸਦੇ ਹਿੰਦੀ ਆਪਣੇ ਆਪਣੇ ਥਾਂ "ਗ਼ਦਰ ਪਾਰਟੀ" ਬਨਾਉਣ ਲੱਗੇ ਅਤੇ ਮੌਕਾ ਆਉਣ 'ਤੇ ਸਿਰ ਧੜ ਦੀ ਬਾਜੀ ਲਾ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਗ਼ਦਰ ਕਰਨ ਵਾਸਤੇ, ਆਪਣਾ ਸਭ ਕੁਝ ਤਿਆਗ ਕੇ, ਭਖੇ ਮੈਦਾਨ ਵਿਚ ਆਣ ਨਿੱਤਰੇ।

ਦਿਨ..... ਜੋ ਇਤਿਹਾਸ ਬਣੇ

1 ਨਵੰਬਰ : ਗ਼ਦਰ ਪਾਰਟੀ ਦੇ ਬੁਲਾਰੇ 'ਗ਼ਦਰ' ਦਾ ਪਹਿਲਾ ਅੰਕ 1 ਨਵੰਬਰ 1913 ਨੂੰ ਸਾਨ ਫਰਾਂਸਿਸਕੋ ਵਿੱਚ ਜਾਰੀ ਹੋਇਆ।
: ਜਨਮ (ਤਰਕਸ਼ੀਲ ਸ਼ਹੀਦ ਡਾ. ਨਰੇਂਦ੍ਰ ਦਾਭੋਲਕਰ (1945)

7 ਨਵੰਬਰ: ਮਹਾਨ ਰੂਸੀ ਇਨਕਲਾਬ (1917)

7 ਨਵੰਬਰ: ਜਨਮ ਦਿਨ (ਪਹਿਲੀ ਨੋਬਲ ਇਨਾਮ ਜੇਤੂ ਔਰਤ ਵਿਗਿਆਨਕ-ਮੇਰੀ ਕਿਊਰੀ) (1867)

8 ਨਵੰਬਰ : ਐਕਸਰੇ ਦੀ ਖੋਜ (1896)

14 ਨਵੰਬਰ : ਬਾਲ ਦਿਵਸ

16 ਨਵੰਬਰ : ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ (1915)

26 ਨਵੰਬਰ : ਜਨਮ (ਤਰਕਸ਼ੀਲ ਸ਼ਹੀਦ ਗੋਵਿੰਦ ਪੰਸਾਰੇ) (1933)

28 ਨਵੰਬਰ: ਜਨਮ ਦਿਨ (ਫਰੈਡਰਿਕ ਏਂਗਲਜ਼) (1820) (ਕਾਰਲ ਮਾਰਕਸ ਦਾ ਸਾਥੀ)
: ਜਨਮ (ਪ੍ਰਸਿੱਧ ਸ਼ਹੀਦ ਪ੍ਰੋ. ਐਮ.ਐਮ. ਕੁਲਬੁਰਗੀ) (1938)

1 ਦਸੰਬਰ: ਵਿਸ਼ਵ ਏਡਜ਼ ਦਿਵਸ

2 ਦਸੰਬਰ: ਕੌਮੀ ਪ੍ਰਦੂਸ਼ਣ ਰੋਕੂ ਦਿਵਸ

3 ਦਸੰਬਰ: ਵਿਸ਼ਵ ਅਪਾਹਜ ਦਿਵਸ

3 ਦਸੰਬਰ: ਭੋਪਾਲ ਗੈਸ ਦੁਖਾਂਤ (3000 ਲੋਕ ਮਰੇ) (1984)

6 ਦਸੰਬਰ: ਦੇਹਾਂਤ (ਡਾ. ਭੀਮ ਰਾਵ ਅੰਬੇਦਕਰ) (ਦਲਿਤ ਆਗੂ ਅਤੇ ਪ੍ਰਸਿੱਧ ਚਿੰਤਕ) (1956)

9 ਦਸੰਬਰ : ਭ੍ਰਿਸ਼ਟਾਚਾਰ ਵਿਰੋਧੀ ਦਿਵਸ

10 ਦਸੰਬਰ : ਮਨੁੱਖੀ ਅਧਿਕਾਰ ਦਿਵਸ

14 ਦਸੰਬਰ : ਕੌਮੀ ਊਰਜਾ ਬਚਾਉ ਦਿਵਸ

ਬਾਕੀ ਪੰਨਾ 20 'ਤੇ

ਇੱਕ ਅਧਿਐਨ (ਵਿਚਾਰ ਆਪੋ ਆਪਣਾ)

ਡੇਰਿਆਂ ’ਤੇ ਚੜ੍ਹਨ ਵਾਲਾ ਚੜ੍ਹਾਵਾ : ਵਿਸ਼ਵਾਸ ਤੋਂ ਵਪਾਰ ਤੱਕ



ਗੁਰਲਾਲ ਸਿੰਘ

ਪੰਜਾਬੀ ਸਭਿਆਚਾਰ ਵਿਚ ਸੁੱਖ ਸੁੱਖਣ ਦਾ ਵਿਧਾਨ ਲੰਮੇ ਸਮੇਂ ਤੋਂ ਪ੍ਰਚਲਿਤ ਹੈ। ਪੰਜਾਬ ਦੇ ਲੋਕ ਆਪਣੀਆਂ ਘਰੇਲੂ, ਆਰਥਿਕ ਅਤੇ ਹੋਰ ਲੋੜਾਂ ਨੂੰ ਪੂਰਾ ਕਰਨ ਲਈ ਆਪੋ ਆਪਣੇ ਧਰਮ ਸਥਾਨਾਂ ’ਤੇ ਜਾ ਕੇ ਪੂਜਾ ਪਾਠ ਕਰਦੇ ਹਨ, ਸਮੱਸਿਆਵਾਂ ਤੋਂ ਮੁਕਤ ਹੋਣ ਲਈ ਅਰਦਾਸ ਕਰਦੇ ਹਨ, ਮੰਨਤ ਮੰਗਦੇ ਹਨ ਅਤੇ ਮੰਨਤ ਪੂਰੀ ਹੋਣ ’ਤੇ ਖੁਸ਼ੀ ਅਤੇ ਸ਼ਰਧਾ ਦੇ ਭਾਵ ਨਾਲ ਚੜ੍ਹਾਵਾ ਚੜ੍ਹਾਉਂਦੇ ਹਨ। ਲੋਕ ਵਿਸ਼ਵਾਸ਼ ਕਰਦੇ ਹਨ ਕਿ ਅਜਿਹਾ ਕਰਨ ਨਾਲ ਉਹਨਾਂ ਦੀਆਂ ਖ਼ਾਹਸ਼ਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਸਮੱਸਿਆਵਾਂ ਤੋਂ ਮੁਕਤੀ ਮਿਲ ਜਾਂਦੀ ਹੈ। ਇਸ ਵਿਚ ਭਾਵੇਂ ਨਿਮਨ ਆਰਥਿਕਤਾ ਵਾਲਾ ਅਤੇ ਸਿੱਖਿਆ ਤੋਂ ਵਿਹੂਣਾ ਵਰਗ ਸ਼ਾਮਲ ਹੈ ਪ੍ਰੰਤੂ ਪੜ੍ਹਿਆ ਲਿਖਿਆ ਵਿਅਕਤੀ ਵੀ ਅਜਿਹਾ ਕੁਝ ਕਰਦਾ ਦੇਖਿਆ ਜਾ ਸਕਦਾ ਹੈ। ਇਹ ਸਭ ਦੇਖ ਕਿ ਸਵਾਲ ਖੜ੍ਹਾ ਹੁੰਦਾ ਹੈ ਕਿ ਲੋਕ ਅਜਿਹਾ ਕਿਉਂ ਕਰਦੇ ਹਨ ? ਕੀ ਇਹਨਾਂ ਗੱਲਾਂ ਦਾ ਕੋਈ ਤਾਰਕਿਕ ਆਧਾਰ ਹੈ ? ਸਾਡਾ ਮਕਸਦ ਇਸ ਵਰਤਾਰੇ ਪਿੱਛੇ ਕਾਰਜਸ਼ੀਲ ਕਾਰਨਾਂ ਦੀ ਪਛਾਣ ਕਰਨਾ ਹੈ। ਆਓ, ਇਸ ਵਰਤਾਰੇ ਪਿੱਛੇ ਪ੍ਰਚਲਿਤ ਕਾਰਨਾਂ ਨੂੰ ਤਲਾਸ਼ਣ ਦੀ ਕੋਸ਼ਿਸ਼ ਕਰੀਏ।

ਆਖ਼ਰ ਇਹ ਸਭ ਕਿਉਂ ?

ਸਮਾਜਕ ਪੱਧਰ ਉੱਤੇ ਗੱਲ ਕਰੀਏ ਤਾਂ ਇਹ ਵਰਤਾਰਾ ਸਿੱਖਿਆ, ਤਕਨੀਕ, ਆਰਥਿਕ ਪੱਖੋਂ ਪਛੜੇ ਵਰਗ ਵਿੱਚ ਜ਼ਿਆਦਾ ਤੇ ਸਿੱਖਿਅਤ ਤੇ ਮਜ਼ਬੂਤ ਆਰਥਿਕਤਾ ਵਾਲੇ ਵਰਗ ਵਿੱਚ ਮੁਕਾਬਲਤਨ ਘੱਟ ਪ੍ਰਚਲਿਤ ਹੈ। ਦੋਵਾਂ ਪੱਧਰਾਂ ’ਤੇ ਚੜ੍ਹਾਵੇ ਦੇ ਸਰੂਪ ਵਿੱਚ ਵੀ ਅੰਤਰ ਹੈ। ਪਹਿਲੇ ਵਰਗ ਵਿੱਚ ਸਮੱਗਰੀ ਅਤੇ ਦੂਜੇ ਵਰਗ ਵਿੱਚ ਉਸ ਸਾਰੀ ਸਮੱਗਰੀ ਦੀ ਖ਼ਰੀਦ ਸ਼ਕਤੀ ਰੁਪਇਆ ਪ੍ਰਮੁੱਖ ਹੈ। ਸਵਾਲ ਇਹ ਉੱਠਦਾ ਹੈ ਕਿ ਮਨੁੱਖ ਦੁਆਰਾ ਐਨੀ ਤਰੱਕੀ ਕਰਨ ਦੇ ਬਾਵਜੂਦ, ਵਿਗਿਆਨਕ ਤਰਕ-ਵਿਤਰਕ ਦਾ ਯੁੱਗ ਹੋਣ ਦੇ ਬਾਵਜੂਦ ਇਹ ਵਰਤਾਰਾ ਅੱਜ ਵੀ ਕਿਉਂ ਹੋਂਦਸ਼ੀਲ ਹੈ ?

ਇਸ ਅਧਿਐਨ (Study) ਨੂੰ ‘ਵਿਚਾਰ ਆਪੋ-ਆਪਣਾ’ ਕਾਲਮ ਅਧੀਨ ਛਾਪਿਆ ਜਾ ਰਿਹਾ ਹੈ, ਤਾਂ ਜੋ ਇਸ ਵਿਸ਼ੇ ’ਤੇ ਇੱਕ ਭਖਵੀਂ ਵਿਚਾਰ-ਚਰਚਾ ਦਾ ਆਗਾਜ਼ ਕੀਤਾ ਜਾ ਸਕੇ। ਜਰੂਰੀ ਨਹੀਂ ਕਿ ਇਸ ਅਧਿਐਨ ਵਿੱਚ ਤਲਾਸ਼ੇ ਸਾਰੇ ਕਾਰਣ ਸਿਧਾਂਤਕ ਤੌਰ ’ਤੇ, ਜਾਂ ਫਲਸਫ਼ੇ ਦੇ ਪੱਧਰ ’ਤੇ ਸਹੀ ਹੋਣ/ਹਨ। ਪਾਠਕਾਂ, ਚਿੰਤਕਾਂ ਨੂੰ ਬੇਨਤੀ ਹੈ ਕਿ ਇਸ ’ਤੇ ਖੁੱਲ੍ਹ ਕੇ ਦਲੀਲਾਂ ਸਮੇਤ ਆਪਣਾ ਪ੍ਰਤੀਕਰਮ ਦੇਵੋ, ਅਦਾਰਾ ਸਵਾਗਤ ਕਰੇਗਾ ਅਤੇ ਮੈਗਜ਼ੀਨ ਵਿੱਚ ਸਥਾਨ ਦੇਵੇਗਾ ਤਾਂ ਜੋ ਇਸ ਵਿਚਾਰ ਚਰਚਾ ’ਚੋਂ ਕੁੱਝ ਸਾਰਥਿਕ ਸਿੱਟੇ ਕੱਢੇ ਜਾ ਸਕਣ। – ਸੰਪਾਦਕ

ਲੋਕ ਮਨ ਮਿੱਥਕ ਮਨ ਹੁੰਦਾ ਹੈ ਜੋ ਹਰ ਸ਼ੈਅ ਵਿੱਚ ਕਿਸੇ ਦੈਵੀ ਸ਼ਕਤੀ ਨੂੰ ਮੰਨਦਾ ਹੈ। ਹਰ ਨਿਰਜੀਵ, ਸਜੀਵ ਵਿੱਚ ਕਿਸੇ ਰਹੱਸਮਈ ਸ਼ਕਤੀ ਦੀ ਮੌਜੂਦਗੀ ਨੂੰ ਮੰਨਣ ਦੀ ਮਾਨਸਿਕਤਾ ਵਸਤੂਆਂ ਨੂੰ ਚੜ੍ਹਾਵੇ ਦੇ ਤੌਰ ’ਤੇ ਵਰਤਣ ਦਾ ਕਾਰਨ ਬਣਦੀ ਹੈ। ਲੋਕ ਮਨ ਦਾ ਵਿਸ਼ਵਾਸ਼ ਹੈ ਕਿ ਦੈਵੀ ਸ਼ਕਤੀ ਇੱਕ ਤੋਂ ਦੂਜੀ ਵਸਤ ਵਿੱਚ ਪਰਿਵਰਤਤ ਕੀਤੀ ਜਾ ਸਕਦੀ ਹੈ। ਜੇ ਕੋਈ ਬਾਂਝ ਔਰਤ ਬੱਚੇ ਦੀ ਪ੍ਰਾਪਤੀ ਲਈ ਚੌਲਾਂ ਦੀ ਸੁੱਖਣਾ ਸੁੱਖੇ ਤਾਂ ਇਸ ਪਿੱਛੇ ਚੌਲਾਂ ਦੀ ਉਪਜਾਊ ਸ਼ਕਤੀ ਨੂੰ ਕੁੱਖ ਵਿੱਚ ਪਰਿਵਰਤਤ ਕਰਨ ਦਾ ਭਾਵ ਹੀ ਕਾਰਜਸ਼ੀਲ ਹੈ। ਬਾਂਝ ਔਰਤ ਦੁਆਰਾ ਰੁੱਖ ਹੇਠਾਂ ਨਹਾ ਕੇ ਗਰਭਵਤੀ ਹੋਣ ਦਾ ਵਿਸ਼ਵਾਸ ਵੀ ਸ਼ਕਤੀ ਪਰਿਵਰਤਤਾ ਦੇ ਵਿਚਾਰ ਦੀ ਪੁਸ਼ਟੀ ਕਰਦਾ ਹੈ। ਸ਼ਕਤੀ ਪਰਿਵਰਤਨ ਦਾ ਵਿਸ਼ਵਾਸ ਇੱਕ ਪੱਧਰ ’ਤੇ ਆ ਕੇ ਪ੍ਰਤੀਕਾਤਮਕ ਸੰਬੰਧਾਂ ਵਿੱਚ ਬੱਝ ਜਾਂਦਾ ਹੈ। ਪੰਜਾਬੀ ਲੋਕ ਧਰਮ ਵਿੱਚ ਹਰਾ ਰੰਗ ਹਰਿਆਲੀ ਦਾ ਅਤੇ ਵਾਧੇ ਦਾ ਪ੍ਰਤੀਕ ਹੈ। ਸਫ਼ਰ ’ਤੇ ਜਾਣ ਲੱਗੇ ਹਰੇ ਚਾਰੇ ਦਾ ਮੱਥੇ ਲੱਗਣਾ ਸ਼ੁਭ ਸਮਝਿਆ ਜਾਂਦਾ ਹੈ ਕਿਉਂਕਿ ਇਹ ਪਿਛਲਾ ਪ੍ਰਤੀਕ ਪ੍ਰਬੰਧ ਦਰਸਾਉਂਦਾ ਹੈ ਕਿ ਹਰੇ ਚਾਰੇ ਦੇ ਮੱਥੇ ਲੱਗਣ ਨਾਲ ਕੀਤੇ ਜਾਣ ਵਾਲੇ ਕੰਮ ਵਿੱਚ ਸਫ਼ਲਤਾ ਮਿਲੇਗੀ, ਵਾਧਾ ਹੋਵੇਗਾ, ਲਾਭ ਹੋਵੇਗਾ। ਇਨ੍ਹਾਂ ਪ੍ਰਤੀਕਾਤਮਕ ਸੰਬੰਧਾਂ ਵਿੱਚ ਜਾਦੂ ਦਾ ਸਮਰੂਪਤਾ ਸਿਧਾਂਤ ਹੀ ਕੰਮ ਕਰ ਰਿਹਾ ਹੁੰਦਾ ਹੈ ਜਿਸ ਦੀ ਮਾਨਤਾ ਹੈ ਕਿ ਦੋ ਸਮਾਨ ਦਿੱਖ ਵਾਲੀਆਂ ਵਸਤਾਂ ਸਮਾਨ ਪ੍ਰਭਾਵ ਪੈਦਾ ਕਰਦੀਆਂ ਹਨ। ਚੜ੍ਹਾਵੇ ਨਾਲ ਸੰਬੰਧਿਤ ਸਮੱਗਰੀ ਦਾ ਵੱਡਾ ਹਿੱਸਾ ਇਸ ਸਿਧਾਂਤ ਦੀ ਹੀ ਪੈਰਵੀ ਕਰਦਾ ਹੈ।

ਚੜ੍ਹਾਵੇ ਦੇ ਅਰੰਭ ਦਾ ਇੱਕ ਮਹੱਤਵਪੂਰਨ ਪੱਖ ਮਾਤਰੀ ਅਤੇ ਪਿੱਤਰੀ ਸੱਤਾ ਦੌਰਾਨ ਵਡੇਰਿਆਂ ਦੀ ਪੂਜਾ ਅਰਚਨਾ ਨਾਲ ਸੰਬੰਧਿਤ ਹੈ। ਮਾਤਰੀ ਅਤੇ ਪਿੱਤਰੀ ਪ੍ਰਧਾਨ ਸਮਾਜ ਵਿੱਚ ਪਰਿਵਾਰ/ਕਬੀਲੇ ਦੇ ਮੁਖੀ ਦੀ ਇੱਕਤੰਤਰ ਪ੍ਰਭੁਤਾ ਸੀ। ਪਰਿਵਾਰ/ਕਬੀਲੇ ਦੇ ਮੈਂਬਰਾਂ ਦੀ ਜ਼ਿੰਦਗੀ ਉਹਨਾਂ ਦੇ ਮੁਖੀਏ ਦੇ

ਹੱਥ ਵਿੱਚ ਹੁੰਦੀ ਸੀ। ਮੌਤ ਦਾ ਭੈਅ ਹੀ ਉਹਨਾਂ ਦੀ ਅਧੀਨਗੀ ਕਬੂਲ ਕਰ ਲੈਣ ਦਾ ਪ੍ਰਮੁੱਖ ਕਾਰਨ ਸੀ, ਜਿਸ ਕਾਰਨ ਮੁਖੀਆ ਹੋਣ ਦੇ ਨਾਂ 'ਤੇ ਉਹਨਾਂ ਦੀ ਸੇਵਾ, ਅਰਾਧਨਾ ਕਰਨੀ ਲਾਜ਼ਮੀ ਸੀ। ਇਸ ਲਈ ਕਬੀਲੇ ਦੇ ਮੈਂਬਰ ਉਤਪਾਦਨ ਦਾ ਕੁੱਝ ਹਿੱਸਾ ਮੁਖੀਏ ਨੂੰ ਭੇਂਟ ਕਰਨਾ ਜ਼ਰੂਰੀ ਸਮਝਦੇ ਸਨ।

ਚੜ੍ਹਾਵੇ ਦੀ ਸ਼ੁਰੂਆਤ ਦਾ ਇੱਕ ਅਹਿਮ ਪੱਖ ਪਿੱਤਰ ਪੂਜਾ ਨਾਲ ਜੁੜਿਆ ਹੋਇਆ ਹੈ। ਮਿੱਥ ਸੋਚ ਹੈ ਕਿ ਮੌਤ ਤੋਂ ਬਾਅਦ ਮਨੁੱਖ ਦਾ ਅਖੌਤੀ ਰੂਹ ਰੂਪੀ ਆਤਮਤੱਤ 'ਅਗਲੇ ਲੋਕ' (ਪਰਲੋਕ) ਵਿੱਚ ਪ੍ਰਸਥਾਨ ਕਰ ਜਾਂਦਾ ਹੈ। ਇਸ ਬਿਰਤੀ ਕਾਰਨ ਹੀ ਸਾਡੇ ਪੂਰਵਜ ਵਿਸ਼ਵਾਸ ਕਰਦੇ ਸਨ ਕਿ ਮਨੁੱਖ ਨੂੰ ਮੌਤ ਤੋਂ ਬਾਅਦ ਦੇ ਸੰਸਾਰ ਵਿੱਚ ਵੀ ਇਸ ਸੰਸਾਰ ਵਾਲੀਆਂ ਵਸਤੂਆਂ, ਪਰਿਵਾਰਿਕ ਸੁੱਖ ਸਹੂਲਤਾਂ ਦੀ ਜ਼ਰੂਰਤ ਪੈਂਦੀ ਹੈ। ਇਸ ਕਾਰਨ ਹੀ ਮ੍ਰਿਤਕ ਦੇਹ ਨੂੰ ਦਫ਼ਨਾਉਣ/ਸਾੜਨ ਸਮੇਂ ਪਤਨੀਆਂ, ਦਾਸੀਆਂ, ਗੁਲਾਮਾਂ ਅਤੇ ਪਸ਼ੂਆਂ ਦੀ ਬਲੀ ਦਿੱਤੀ ਜਾਣੀ ਸ਼ੁਰੂ ਹੋ ਗਈ ਅਤੇ ਨਾਲ ਹੀ ਖਾਣ-ਪੀਣ, ਪਹਿਨਣ ਅਤੇ ਹੋਰ ਵਰਤੋਂ ਵਾਲੀਆਂ ਵਸਤਾਂ ਮੁਰਦੇ ਨੂੰ ਭੇਂਟ ਕੀਤੀਆਂ ਜਾਣ ਲੱਗੀਆਂ। ਅੱਜ ਵੀ ਜਠੇਰਿਆਂ ਦੀ ਪੂਜਾ ਸ਼ਰਧਾ ਦੇ ਨਾਲ ਨਾਲ ਉਹਨਾਂ ਦੀ ਕਰੋਪੀ ਦੇ ਡਰੋਂ ਕੀਤੀ ਜਾਂਦੀ ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਉਨ੍ਹਾਂ ਨੂੰ ਲੋੜੀਂਦੀਆਂ ਵਸਤੂਆਂ ਚਾੜ੍ਹ ਕੇ ਹੀ ਖੁਸ਼ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਦੀ ਕਰੋਪੀ ਤੋਂ ਬਚਿਆ ਜਾ ਸਕਦਾ ਹੈ।

ਇਸ ਵਿਵਹਾਰ ਤੋਂ ਪਤਾ ਲਗਦਾ ਹੈ ਕਿ ਦੇਵੀ, ਦੇਵਤਿਆਂ, ਜਠੇਰਿਆਂ ਦੀ ਪੂਜਾ ਉਹਨਾਂ ਪ੍ਰਤੀ ਸ਼ਰਧਾ ਵਜੋਂ, ਉਨ੍ਹਾਂ ਦੀ ਬਖ਼ਸ਼ਿਸ਼ ਹਾਸਲ ਕਰਨ ਲਈ, ਉਨ੍ਹਾਂ ਦੀ ਕਰੋਪੀ ਤੋਂ ਬਚਣ ਲਈ ਕੀਤੀ ਜਾਂਦੀ ਹੈ। ਇਹਨਾਂ ਦੈਵੀ ਸ਼ਕਤੀਆਂ ਦੀ ਪੂਜਾ ਅਰਚਨਾ ਵਿੱਚੋਂ ਇਹ ਗੱਲ ਪ੍ਰਗਟ ਹੁੰਦੀ ਹੈ ਕਿ ਦੈਵੀ ਸ਼ਕਤੀ ਦਾ ਸੁਭਾਅ ਮਨੁੱਖੀ ਸੁਭਾਅ ਦਾ ਹੀ ਪ੍ਰਤੀਰੂਪ ਹੁੰਦਾ ਹੈ ਜੋ ਲੋਕਾਂ ਨੂੰ ਡਰ ਦੇ ਭਾਵ ਨਾਲ ਆਪਣੇ ਅਧੀਨ ਰੱਖਣਾ ਚਾਹੁੰਦਾ ਹੈ। ਦੈਵੀਕਰਨ ਉਹ ਪੜਾਅ ਹੈ ਜਦੋਂ ਮਨੁੱਖ ਨੇ ਸ਼ਕਤੀ ਨਾਲ ਪਵਿੱਤਰ ਭਾਵਨਾ ਜੋੜ ਲਈ ਅਤੇ ਉਸਨੂੰ ਦੇਵਤੇ ਦੇ ਰੂਪ ਵਿੱਚ ਕਲਪਨਾ ਸ਼ੁਰੂ ਕਰ ਦਿੱਤਾ। ਦੇਵ ਕਲਪਨਾ ਸਬੰਧੀ ਗੋਬਿੰਦ ਕ੍ਰਿਸ਼ਨ ਪਿੱਲੇ ਦਾ ਵਿਚਾਰ ਹੈ ਕਿ "ਸਾਰੇ ਦੇਵਤੇ ਮਨੁੱਖ ਦੇ ਆਪਣੇ ਬਣਾਏ ਹੋਏ ਹਨ। ਦੇਵ ਸੰਕਲਪਨਾ (God-Conception) ਪਿੱਛੇ ਮੁੱਖ ਵਿਚਾਰ ਸੁਰੱਖਿਆ (Protection) ਦਾ ਹੀ ਹੈ। ਸ਼ਕਤੀ ਤੋਂ ਬਿਨਾਂ ਸੁਰੱਖਿਆ ਸੋਚੀ ਨਹੀਂ ਜਾ ਸਕਦੀ। ਇਸ ਲਈ ਇਨਸਾਨ ਨੇ ਸਾਰੀਆਂ ਤਾਕਤਾਂ ਦੀ ਜ਼ਿੰਮੇਵਾਰੀ ਦੇਵਤਿਆਂ ਨੂੰ ਸੰਭਾਲ ਕੇ ਉਨ੍ਹਾਂ ਕੋਲੋਂ ਸੁਰੱਖਿਆ ਦੀ ਆਸ ਕੀਤੀ।" ਮਨੁੱਖੀ ਮਨ ਦੀ ਕਲਪਨਾ ਦੇਵਤਿਆਂ ਦੇ ਸੁਭਾਅ ਪੱਖੋਂ ਵੀ ਸਿੱਧ ਹੁੰਦੀ ਹੈ। ਇਹ ਮਨੁੱਖ ਵਾਂਗ ਹੀ ਖੁਸ਼, ਉਦਾਸ ਤੇ ਨਰਾਜ਼ ਹੁੰਦੇ ਹਨ। ਇਸਦਾ ਸੰਬੰਧ ਮਨੁੱਖ ਵੱਲੋਂ ਪ੍ਰਾਚੀਨ ਸਮੇਂ ਕਬੀਲੇ ਦੇ ਮੁਖੀ ਜਾਂ ਰਾਜੇ ਨੂੰ ਦੇਵਤਾ ਸਮਝ ਕੇ ਪੂਜਣ ਨਾਲ ਵੀ ਜੁੜਦਾ ਹੈ ਕਿਉਂਕਿ ਕਬੀਲੇ ਦੇ ਮੁਖੀਏ/ਰਾਜੇ ਦੇ ਸਖ਼ਤ ਜਾਂ ਨਰਮ ਸੁਭਾਅ ਉੱਤੇ ਹੀ ਕਬੀਲਾ ਵਾਸੀਆਂ ਦਾ ਜੀਵਨ ਅਤੇ ਮੌਤ ਨਿਰਭਰ ਹੁੰਦੀ ਹੈ। ਇਸ ਸਮੇਂ ਪਰਜਾ ਦੁਆਰਾ ਉਸਨੂੰ ਖੁਸ਼ ਕਰਨਾ/ਪਤਿਆਉਣਾ ਜ਼ਰੂਰੀ ਬਣ ਜਾਂਦਾ ਹੈ। ਇਸ ਤਰ੍ਹਾਂ ਹੀ ਦੇਵਤੇ ਦੀ ਨਾਰਾਜ਼ਗੀ ਮਨ ਵਿੱਚ ਡਰ ਪੈਦਾ ਕਰਦੀ ਹੈ ਜਿਸ ਕਾਰਨ ਉਸ ਦੀ ਬਖਸ਼ਿਸ਼ ਦਾ ਪਾਤਰ ਬਣਨ ਲਈ ਦੇਵਤੇ ਦੀ ਪੂਜਾ ਕਰਨੀ ਮਨੁੱਖ ਲਾਜ਼ਮੀ ਸਮਝਦਾ ਹੈ।

ਚੜ੍ਹਾਵੇ ਦੇ ਵੱਡੇ ਪੱਧਰ 'ਤੇ ਫੈਲਾਅ ਦਾ ਸੰਬੰਧ ਬ੍ਰਾਹਮਣਵਾਦ/ਪੁਜਾਰੀ ਸ਼੍ਰੇਣੀ ਨਾਲ ਜੁੜਦਾ ਹੈ। ਭਾਰਤੀ ਵਰਨ ਵਿਵਸਥਾ ਅਨੁਸਾਰ ਬ੍ਰਾਹਮਣ ਨੂੰ ਸਮਾਜ ਵਿੱਚ ਸਭ ਤੋਂ ਉੱਚਾ ਦਰਜਾ ਦਿੱਤਾ ਗਿਆ ਜਿਸ ਕਾਰਨ ਪੂਜਾ ਅਰਚਨਾ 'ਤੇ ਹੁਣ ਤੱਕ ਬ੍ਰਾਹਮਣ ਸ਼੍ਰੇਣੀ ਦਾ ਕਬਜ਼ਾ ਚਲਦਾ ਆ ਰਿਹਾ ਹੈ। ਵੇਦਾਂ ਅਨੁਸਾਰ ਹਰ ਪੂਜਾ ਵਿਧਾਨ ਤਾਂ ਹੀ ਸਫ਼ਲ ਹੋ ਸਕਦਾ ਹੈ ਜੇਕਰ ਉਹ ਬ੍ਰਾਹਮਣ ਰਾਹੀਂ ਕੀਤਾ ਗਿਆ ਹੋਵੇ। ਇਸ ਤਰ੍ਹਾਂ ਬ੍ਰਾਹਮਣਵਾਦ ਨੇ ਆਪਣੇ ਲਾਲਚਾਂ ਹਿੱਤ ਧਨ ਸੰਪਤੀ ਨੂੰ ਵਧਾਉਣ ਲਈ ਚੜ੍ਹਾਵੇ/ਭੇਂਟਾ/ਬਲੀ ਨੂੰ ਪ੍ਰੋਤਸ਼ਾਹਿਤ ਕੀਤਾ। ਮੈਕਸਮੂਲਰ ਬ੍ਰਾਹਮਣਾਂ ਦੀ ਇਸ ਦੰਭੀ ਚਾਲ 'ਤੇ ਇਸ ਤਰ੍ਹਾਂ ਵਿਅੰਗ ਕਰਦਾ ਹੈ "ਆਪਣੀ ਰੋਜ਼ੀ ਲਈ ਬ੍ਰਾਹਮਣਾਂ ਨੇ ਇਹ ਮ੍ਰਿਤਕ ਸੰਸਕਾਰ ਬਣਾਏ ਹਨ-ਇਨ੍ਹਾਂ ਦਾ ਕਿਤੇ ਕੋਈ ਫ਼ਲ ਨਹੀਂ ਪ੍ਰਾਪਤ ਹੁੰਦਾ। ਹਰ ਤਰ੍ਹਾਂ ਦੀਆਂ ਭੇਂਟਾਂ ਪ੍ਰੋਹਤਾਂ ਨੂੰ ਮਿਲਦੀਆਂ ਹਨ। ਇਸ ਤਰ੍ਹਾਂ ਬ੍ਰਾਹਮਣਵਾਦ ਨੇ ਆਪਣੇ ਲਾਲਚਾਂ ਹਿੱਤ ਧਨ ਸੰਪਤੀ ਨੂੰ ਵਧਾਉਣ ਲਈ ਚੜ੍ਹਾਵੇ/ਭੇਂਟਾ/ਬਲੀ ਨੂੰ ਪ੍ਰੋਤਸਾਹਿਤ ਕੀਤਾ।"

ਸੁੱਖਣਾ ਅਤੇ ਚੜ੍ਹਾਵੇ ਨਾਲ ਮਨੋਵਿਗਿਆਨਕ ਪੱਖ ਵੀ ਜੁੜਿਆ ਹੋਇਆ ਹੈ। ਮਨੋਵਿਗਿਆਨ ਦਾ ਤਰਕ ਹੈ ਕਿ ਮਨੁੱਖੀ ਮਨ ਇੱਕ ਸੀਮਾ ਤੱਕ ਹੀ ਸਮੱਸਿਆਵਾਂ ਨੂੰ ਸਹਾਰ ਸਕਦਾ ਹੈ। ਜੇਕਰ ਸਮੱਸਿਆਵਾਂ ਦਾ ਭਾਰ ਵਧ ਜਾਵੇ ਤਾਂ ਮਾਨਸਿਕ ਸੰਤੁਲਨ ਵਿਗੜ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਮਨੁੱਖ ਨੂੰ ਕਿਸੇ ਸਹਾਰੇ ਦੀ ਜ਼ਰੂਰਤ ਪੈਂਦੀ ਹੈ ਜੋ ਉਸ ਦੀ ਚਿੰਤਾ ਦੇ ਭਾਰ ਨੂੰ ਵੰਡਾ ਸਕੇ। ਅਗਿਆਨਤਾ ਕਾਰਣ ਇਸ ਸਹਾਰੇ ਦੀ ਲੋੜ ਵਿੱਚੋਂ ਹੀ ਧਰਮ ਅਤੇ ਰੱਬ ਹੋਂਦ ਵਿੱਚ ਆਏ। ਵਿਗਿਆਨ ਨੇ ਦਿਮਾਗ਼ ਦੇ ਇਸ ਸਾਰੇ ਪ੍ਰਪੰਚ ਨੂੰ ਜੀਵ ਵਿਗਿਆਨਕ ਨਜ਼ਰੀਏ ਤੋਂ ਸਮਝਣ ਦਾ ਯਤਨ ਕੀਤਾ ਹੈ। ਵਿਗਿਆਨ ਅਨੁਸਾਰ ਐਂਡਾਰਫਿਨ ਨਾਮ ਦਾ ਹਾਰਮੋਨ ਮਨੁੱਖ ਦੀ ਧਰਮ ਵਿੱਚ ਆਸਥਾ ਦਾ ਵੱਡਾ ਕਾਰਨ ਹੈ। ਡਾ. ਸੁਰਜੀਤ ਸਿੰਘ ਢਿੱਲੋਂ ਨੇ ਆਪਣੀ ਪੁਸਤਕ 'ਮਨੁੱਖ ਅਤੇ ਮਨੁੱਖਤਾ ਦਾ ਵਿਕਾਸ' ਵਿੱਚ ਜ਼ਿਕਰ ਕੀਤਾ ਹੈ ਕਿ "ਵਿਗਿਆਨਕ ਪੱਧਰ 'ਤੇ ਅੱਜ ਇੱਕ ਇਹ ਵਿਚਾਰ ਵੀ ਜਨਮ ਲੈ ਰਿਹਾ ਹੈ ਕਿ ਜਿਹੜੇ ਵਿਅਕਤੀ ਧਰਮ

ਜਾਂ ਰੱਬ 'ਤੇ ਦ੍ਰਿੜ੍ਹ ਵਿਸ਼ਵਾਸ ਰੱਖਦੇ ਹਨ, ਉਨ੍ਹਾਂ ਦੇ ਦਿਮਾਗ਼ ਅੰਦਰ ਐਂਡਾਰਫਿਨ ਸੱਦੇ ਜਾਂਦੇ ਕੁਦਰਤੀ ਅਫੀਮੀ ਤੱਤ ਰਿਸਣ ਲੱਗਦੇ ਹਨ।" ਮਨੁੱਖ ਆਪਣੇ ਇਸ਼ਟ ਅੱਗੇ ਆਪਣੀ ਕਿਸੇ ਇੱਛਾ ਦੀ ਪੂਰਤੀ ਲਈ ਜਾਂ ਕਿਸੇ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਕੁਝ ਵਸਤਾਂ ਜਾਂ ਰੁਪਇਆਂ ਦੀ ਸੁੱਖਣਾ ਸੁੱਖ ਕੇ ਆਪਣੇ ਮਨ ਨੂੰ ਧਰਵਾਸ ਦਿੰਦਾ ਹੈ ਅਤੇ ਵਿਸ਼ਵਾਸ ਕਰਦਾ ਹੈ ਕਿ ਹੁਣ ਉਸ ਦੀ ਸਮੱਸਿਆ ਦੂਰ ਹੋ ਜਾਵੇਗੀ।

ਚੜ੍ਹਾਵੇ ਦਾ ਇਹ ਪੱਖ ਲੋਕ ਚਿਕਿਤਸਾ ਨਾਲ ਜੁੜਿਆ ਹੋਇਆ ਹੈ। ਲੋਕ ਮਨ ਜ਼ਿੰਦਗੀ ਦੀਆਂ ਸਮੱਸਿਆਵਾਂ ਅਤੇ ਬਿਮਾਰੀਆਂ ਦਾ ਕਾਰਨ ਦੇਵੀ-ਦੇਵਤਿਆਂ ਦੀ ਕਰੋਪੀ, ਪਿੱਤਰਾਂ ਅਤੇ ਜਠੇਰਿਆਂ ਦੀ ਨਾਰਾਜ਼ਗੀ ਨੂੰ ਮੰਨਦਾ ਹੈ। ਇਹ ਮਾਨਸਿਕਤਾ ਲੋਕਾਂ ਨੂੰ ਡਾਕਟਰੀ ਇਲਾਜ ਦੀ ਥਾਂ ਪੂਜਾ ਅਰਚਨਾ ਵੱਲ ਲਿਜਾਂਦੀ ਹੈ। ਸਮੇਂ ਦੇ ਬੀਤਣ ਨਾਲ ਜਦ ਬਿਮਾਰੀ ਆਪਣੇ ਆਪ ਸਾਡੇ ਸਰੀਰ ਦੀ ਖ਼ੁਦ ਦੀ ਬਿਮਾਰੀਆਂ ਨਾਲ ਲੜਣ ਦੀ ਸਮਰੱਥਾ ਕਾਰਣ ਠੀਕ ਹੋ ਜਾਂਦੀ ਹੈ ਤਾਂ ਇਸ ਨੂੰ ਉਹ ਅਖੌਤੀ ਰੱਬ ਦੀ ਕਿਰਪਾ ਹੀ ਸਮਝਦੇ ਹਨ।

ਚੜ੍ਹਾਵਾ ਜੀਵਨ ਦੀਆਂ ਵੱਡੀਆਂ ਅਤੇ ਛੋਟੀਆਂ ਹਰ ਤਰ੍ਹਾਂ ਦੀਆਂ ਇੱਛਾਵਾਂ/ਮੰਗਾਂ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਮੰਗਾਂ ਵਿੱਚ ਵਿਆਹ ਅਤੇ ਪੁੱਤਰ ਪ੍ਰਾਪਤੀ ਦੀ ਮੰਗ ਸਮੁੱਚੀਆਂ ਮੰਗਾਂ ਵਿੱਚੋਂ ਪ੍ਰਮੁੱਖ ਹੈ। ਵਿਆਹ ਵਿੱਚ ਰੁਕਾਵਟ ਦੇ ਪ੍ਰਮੁੱਖ ਕਾਰਨ ਸਰੀਰਕ, ਮਾਨਸਿਕ ਅਤੇ ਆਰਥਿਕ ਸਮੱਸਿਆਵਾਂ ਹੁੰਦੀਆਂ ਹਨ। ਜਦੋਂ ਭੌਤਿਕ ਪੱਧਰ 'ਤੇ ਇਨ੍ਹਾਂ ਦਾ ਹੱਲ ਸੰਭਵ ਨਹੀਂ ਹੁੰਦਾ ਤਾਂ ਲੋਕ ਦੇਵੀ-ਦੇਵਤੇ ਦੀ ਸ਼ਰਨ ਲੈਂਦੇ ਹਨ ਅਤੇ ਵਿਆਹ ਲਈ ਅਰਦਾਸ ਕਰਦੇ ਹਨ। ਵਿਆਹ ਤੋਂ ਬਾਅਦ ਅਗਲੀ ਸਮੱਸਿਆ ਔਲਾਦ ਪ੍ਰਾਪਤੀ ਦੀ ਹੈ। ਔਲਾਦ ਵਿੱਚ ਵੀ ਪੁੱਤਰ ਪ੍ਰਾਪਤੀ ਦੀ ਇੱਛਾ ਪ੍ਰਮੁੱਖ ਹੈ। ਔਰਤ ਦੇ ਗਰਭਵਤੀ ਨਾ ਹੋਣ ਦੀ ਸਮੱਸਿਆ ਬਹੁਤ ਪੁਰਾਣੀ ਹੈ। ਜਿਸ ਨੂੰ ਹੁਣ ਤੱਕ ਸਿਰਫ਼ ਔਰਤ ਦੇ ਬਾਂਝਪਣ ਨਾਲ ਹੀ ਜੋੜਿਆ ਜਾਂਦਾ ਰਿਹਾ ਹੈ ਪਰ ਆਧੁਨਿਕ ਡਾਕਟਰੀ ਵਿਗਿਆਨ ਨੇ ਸਿੱਧ ਕਰ ਦਿੱਤਾ ਹੈ ਕਿ ਇਹ ਸਮੱਸਿਆ ਔਰਤ ਦੀ ਬਜਾਏ ਮਰਦ ਵਿੱਚ ਵੀ ਹੋ ਸਕਦੀ ਹੈ। ਹੇਠਲੇ ਵਰਗ ਦੀ ਚੇਤਨਾ ਅੱਜ ਵੀ ਇਸ ਸਮੱਸਿਆ ਦਾ ਇਲਾਜ ਜਾਦੂ-ਟੂਣੇ ਅਤੇ ਪੂਜਾ ਅਰਚਨਾ ਵਿੱਚੋਂ ਹੀ ਲੱਭਦੀ ਹੈ। ਇਸ ਵਿੱਚ ਉਹ ਲੋਕ ਵੀ ਸ਼ਾਮਲ ਹੁੰਦੇ ਹਨ ਜੋ ਡਾਕਟਰੀ ਇਲਾਜ ਦੀ ਅਸਫ਼ਲਤਾ ਤੋਂ ਬਾਅਦ ਪੀਰ, ਫ਼ਕੀਰਾਂ ਦੀ ਦਰਗਾਹ 'ਤੇ ਔਲਾਦ ਦੀ ਪ੍ਰਾਪਤੀ ਲਈ ਮੱਥੇ ਰਗੜਦੇ ਹਨ।

ਸਾਧਾਂ-ਸੰਤਾਂ, ਤਾਂਤਰਿਕਾਂ, ਪੁਜਾਰੀਆਂ ਅਤੇ ਜੋਤਸ਼ੀਆਂ ਨੇ ਆਪਣੀ ਪ੍ਰਭੂਸੱਤਾ ਦੀ ਸਥਾਪਤੀ ਲਈ ਚੜ੍ਹਾਵੇ ਦੇ ਖੇਤਰ ਵਿੱਚ ਬਹੁਤ ਕੁਝ ਨਵਾਂ ਸ਼ਾਮਲ ਕੀਤਾ ਅਤੇ ਇਸਦਾ ਪ੍ਰਚਾਰ ਵੀ ਕੀਤਾ। ਇਹ ਕੰਮ ਜਾਦੂ ਟੂਣੇ ਤੋਂ ਸ਼ੁਰੂ ਹੁੰਦਾ ਹੈ। ਪੁੱਛਾਂ ਦੇਣ ਵਾਲੇ ਤਾਂਤਰਿਕ ਲੋਕਾਂ ਨੂੰ ਉਨ੍ਹਾਂ ਦੀ ਬਿਮਾਰੀ ਜਾਂ ਕਿਸੇ ਹੋਰ ਸਮੱਸਿਆ ਦੇ ਹੱਲ ਲਈ ਵਿਸ਼ੇਸ਼ ਕਿਸਮ ਦੀ ਸਮੱਗਰੀ ਖਾਣ, ਪਹਿਨਣ ਅਤੇ ਟੂਣਾ ਕਰਨ ਲਈ ਵਰਤਣ ਦੀ ਸਲਾਹ ਦਿੰਦੇ ਹਨ। ਇਹ ਸਮੱਗਰੀ ਇਸ ਕਰਕੇ ਸੁਝਾਈ ਜਾਂਦੀ ਹੈ ਕਿਉਂਕਿ ਇਹ ਵਰਗ ਜਾਣਦਾ ਹੈ ਕਿ ਲੋਕ ਮਨ ਮਿੱਥਕ ਮਨ ਹੈ ਜਿਸ ਕਾਰਨ ਪ੍ਰਤੀਕਾਤਮਕ ਵਸਤਾਂ ਲੋਕ ਮਨ ਨੂੰ ਧਰਵਾਸ ਦਿੰਦੀਆਂ ਹਨ। ਜਿਵੇਂ ਗਲ ਵਿੱਚ ਸ਼ੇਰ ਦਾ ਨੌਂਹ ਕਿਸੇ ਧਾਗੇ ਵਿੱਚ ਪਰੋ ਕੇ ਪਾਉਣਾ ਬਦਰੂਹ ਤੋਂ ਬਚਾਅ ਦਾ ਪ੍ਰਤੀਕ ਸਮਝ ਲਿਆ ਜਾਂਦਾ ਹੈ ਕਿਉਂਕਿ ਸ਼ੇਰ ਦਾ ਨੌਂਹ ਸ਼ੇਰ ਦੀ ਤਾਕਤ ਦਾ ਪ੍ਰਤੀਕ ਹੈ। ਲੋਕਾਂ ਦੀ ਅਜਿਹੀ ਮਾਨਸਿਕਤਾ ਦਾ ਫ਼ਾਇਦਾ ਉਠਾ ਕੇ ਹੀ ਜੋਤਸ਼ੀ ਲੋਕ ਵੱਖ-ਵੱਖ ਸਮੱਸਿਆਵਾਂ ਦੇ ਹੱਲ ਲਈ ਵੱਖ-ਵੱਖ ਵਸਤਾਂ ਬ੍ਰਾਹਮਣਾਂ ਨੂੰ ਦਾਨ ਕਰਨ ਜਾਂ ਮੰਦਰ ਵਿੱਚ ਚੜ੍ਹਾਉਣ ਲਈ ਆਖਦੇ ਹਨ। ਸ਼ਨੀ ਦੇ ਮਾੜੇ ਪ੍ਰਭਾਵ ਤੋਂ ਬਚਣ ਲਈ ਕਾਲੇ ਮਾਂਹ ਅਤੇ ਸਰ੍ਹੋਂ ਦਾ ਤੇਲ ਚੜ੍ਹਾਉਣਾ ਇਸ ਦੀ ਪ੍ਰਤੱਖ ਉਦਾਹਰਣ ਹੈ। ਇਸ ਸ਼੍ਰੇਣੀ ਦੀ ਮਾਨਸਿਕਤਾ ਹੈ ਕਿ ਜੇਕਰ ਲੋਕਾਂ ਤੋਂ ਚੜ੍ਹਾਵੇ ਵਿੱਚ ਸਿੱਧਾ ਪੈਸਾ ਮੰਗਿਆ ਜਾਵੇਗਾ ਤਾਂ ਲੋਕ ਇਸ ਦਾ ਵਿਰੋਧ ਕਰਨਗੇ, ਪ੍ਰੰਤੂ ਲੋਕਾਂ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਨ ਵਾਲੀ ਸਮੱਗਰੀ ਦੀ ਵਰਤੋਂ ਨਾਲ ਜੇ ਉਨ੍ਹਾਂ ਦੀ ਇੱਛਾ ਪੂਰੀ ਹੋ ਜਾਣ ਦਾ ਭਰਮ ਪਾ ਦਿੱਤਾ ਜਾਵੇ ਅਤੇ 100 ਵਿੱਚੋਂ 20-25 ਲੋਕਾਂ ਦੀ ਮੌਕਾ ਮੇਲ ਇੱਛਾ ਵੀ ਪੂਰੀ ਹੋ ਗਈ ਤਾਂ ਉਨ੍ਹਾਂ ਦੀ ਮਾਨਤਾ ਵਧ ਜਾਵੇਗੀ। ਮਾਨਤਾ ਵਧਣ ਨਾਲ ਲੋਕ ਖ਼ੁਸ਼ੀ-ਖ਼ੁਸ਼ੀ ਆਪ ਹੀ ਉਨ੍ਹਾਂ ਨੂੰ ਰੁਪਏ ਭੇਂਟ ਕਰਨਗੇ। ਇਸ ਚਰਚਾ ਵਿੱਚੋਂ ਦੋ ਗੱਲਾਂ ਸਪੱਸ਼ਟ ਹੁੰਦੀਆਂ ਹਨ ਕਿ ਚੜ੍ਹਾਵੇ ਦੇ ਪ੍ਰਚਲਨ ਪਿੱਛੇ ਮੁੱਢਲਾ ਪੱਖ ਲੋਕਮਨ ਦਾ ਵਸਤਾਂ ਨੂੰ ਜ਼ਿੰਦਗੀ ਦੀ ਤੁਲਨਾ ਵਿੱਚ ਵਿਸ਼ੇਸ਼ ਪ੍ਰਤੀਕ ਦੇ ਤੌਰ 'ਤੇ ਵੇਖਣਾ ਹੈ। ਇਹ ਮਨ ਦੀ ਮੂਲ ਬਿਰਤੀ ਹੈ ਜਿਸ ਵਿੱਚੋਂ ਚੜ੍ਹਾਵਾ ਜਨਮ ਲੈਂਦਾ ਹੈ ਪਰ ਜਦ ਪੁਜਾਰੀ, ਤਾਂਤਰਿਕ, ਜੋਤਸ਼ੀ ਅਤੇ ਪਾਖੰਡੀ ਸਾਧਾਂ ਦੀ ਟੋਲੀ ਇਸ ਮਾਨਸਿਕਤਾ ਦਾ ਫ਼ਾਇਦਾ ਉਠਾ ਕੇ ਆਪਣੀ ਮਰਜ਼ੀ ਨਾਲ ਨਵੀਂ ਸਮੱਗਰੀ ਇਸ ਵਿੱਚ ਸ਼ਾਮਲ ਕਰ ਲੈਂਦੀ ਹੈ ਤਾਂ ਚੜ੍ਹਾਵੇ ਦਾ ਇਹ ਵਰਤਾਰਾ ਪੀੜ੍ਹੀ-ਦਰ-ਪੀੜ੍ਹੀ ਚਲਦਾ ਹੋਇਆ ਰੂੜ ਹੋ ਜਾਂਦਾ ਹੈ ਤੇ ਚਲਾਕ ਵਰਗ ਦੀ ਕਮਾਈ ਦਾ ਸਾਧਨ ਬਣ ਜਾਂਦਾ ਹੈ।

ਇਸ ਪੜਾਅ 'ਤੇ ਆ ਕੇ ਚੜ੍ਹਾਵਾ ਗੁੰਮਰਾਹ ਕਿਸਮ ਦੀ ਮਾਨਸਿਕਤਾ ਨੂੰ ਉਜਾਗਰ ਕਰਦਾ ਹੈ। ਚਲਾਕ ਵਰਗ ਦੇ ਜੰਜਾਲ ਵਿਚ ਫ਼ਸੇ ਲੋਕ ਆਪਣੇ ਪੁੱਤਰਾਂ ਤੱਕ ਦੀ ਬਲੀ ਵੀ ਦੇ ਦਿੰਦੇ ਹਨ। ਇਨ੍ਹਾਂ ਤਾਂਤਰਿਕਾਂ, ਪੁਜਾਰੀਆਂ ਵੱਲੋਂ ਜ਼ਬਰਦਸਤੀ ਹੀ ਮਨੁੱਖ ਦੀਆਂ ਸਮੱਸਿਆਵਾਂ ਨੂੰ ਕਿਸੇ ਦੈਵੀ ਸ਼ਕਤੀ ਦੀ ਕਰੋਪੀ ਨਾਲ ਜੋੜ ਦਿੱਤਾ ਜਾਂਦਾ ਹੈ। ਅਖੌਤੀ ਦੈਵੀ ਸ਼ਕਤੀ ਮਨੁੱਖ ਲਈ ਰਹੱਸ਼ ਹੈ। ਇਸ ਰਹੱਸ ਕਾਰਨ ਲੋਕ ਇਨ੍ਹਾਂ ਦੇ ਜੰਜਾਲ ਵਿੱਚ ਫਸ ਜਾਂਦੇ ਹਨ। ਐੱਸ.ਐੱਸ. ਆਜ਼ਾਦ ਦਾ ਵਿਚਾਰ ਹੈ ਕਿ "ਦੇਵਤਿਆਂ ਦੀ ਘਾੜਤ ਇਸ ਸ਼੍ਰੇਣੀ ਵੱਲੋਂ ਹੀ

ਕੀਤੀ ਗਈ ਹੈ ਜੋ ਲੋਕਾਂ ਨੂੰ ਸਮੱਸਿਆਵਾਂ ਦੇ ਹੱਲ ਲਈ ਇਹਨਾਂ ਦੀ ਪੂਜਾ ਕਰਨ ਲਈ ਪ੍ਰੇਰਦੇ ਹਨ।" ਉਹਨਾਂ ਦੀ ਇਹ ਟਿੱਪਣੀ ਵਿਚਾਰਨਯੋਗ ਹੈ: "ਦੇਵਤਿਆਂ ਜਾਂ ਭੂਤਾਂ ਪ੍ਰੇਤਾਂ, ਬੁੱਤਾਂ ਜਾਂ ਤਸਵੀਰਾਂ ਅੱਗੇ ਪੂਜਾ-ਪਾਠ ਕਰਨਾ ਉਹਨਾਂ ਨੂੰ ਖੁਸ਼ ਕਰਨ ਦੀ ਵਿਧੀ ਹੈ। ਮਨੁੱਖ ਵੱਲੋਂ ਤਰਾਸ਼ੀ ਪੱਥਰ ਦੀ ਮੂਰਤੀ ਅਤੇ ਕੰਧ 'ਤੇ ਵਾਹੀ ਤਸਵੀਰ ਕਦੇ ਵੀ ਪ੍ਰਸ਼ੰਨ ਜਾਂ ਨਾਰਾਜ਼ ਨਹੀਂ ਹੋ ਸਕਦੀ। ਬੁੱਤਾਂ ਨੂੰ ਪਸ਼ੂਆਂ ਦੀ ਬਲੀ ਜਾਂ ਬੱਚਿਆਂ ਦੀ ਭੇਂਟਾ ਚੜ੍ਹਾਉਣ ਤੇ ਫ਼ਲ, ਮੇਵੇ ਤੇ ਬਸਤਰ ਚੜ੍ਹਾ ਕੇ ਪੂਜਾ ਕਰਨ ਨਾਲ ਦੇਵਤਿਆਂ ਦੇ ਬੁੱਤ ਪ੍ਰਸ਼ੰਨ ਨਹੀਂ ਹੁੰਦੇ ਤੇ ਅਖੌਤੀ ਭੂਤ ਪ੍ਰੇਤ ਭੋਗ ਨਹੀਂ ਲਗਾਉਂਦੇ। ਅੰਨ੍ਹੇ ਸ਼ਰਧਾਲੂਆਂ ਦੀ ਗ਼ੈਰ-ਹਾਜ਼ਰੀ 'ਚ ਦੇਵਤਿਆਂ ਅੱਗੇ ਰੱਖੀ ਜਾਂਦੀ ਸਮੱਗਰੀ, ਕਿਸੇ ਪਾਲਤੂ ਜਾਨਵਰ ਦੇ ਖਾ ਜਾਣ ਨਾਲ ਜਾਂ ਚਤੁਰ ਵਿਅਕਤੀ ਵੱਲੋਂ ਚੁਰਾ ਲੈਣ ਨਾਲ ਦੇਵਤਿਆਂ ਵੱਲੋਂ ਭੋਗ ਲੱਗਿਆ ਸਮਝਣਾ ਸਿਰੇ ਦੀ ਅੰਧ ਵਿਸ਼ਵਾਸੀ ਤੇ ਭੋਲਾਪਣ ਹੈ। ਇਸੇ ਤਰ੍ਹਾਂ ਪੁੱਠੇ ਸਿੱਧੇ ਹੋ ਕੇ ਵਿਸ਼ੇਸ਼ ਮੁਦਰਾਵਾਂ 'ਚ ਭਜਨ ਬੰਦਗੀ ਕਰਨੀ, ਢੋਲਕੀਆਂ ਛੈਣੇ ਵਜਾਉਣੇ, ਸੰਖ ਤੇ ਟੱਲ ਗੁੰਜਾਉਣੇ, ਕੰਨ ਪਾੜਵੇਂ ਰਾਗ ਗਾਉਣੇ ਨਿਰਾਰਥਕ ਹਨ ਜਿਨ੍ਹਾਂ ਦੇ ਗਿਆਨ ਇੰਦਰੀ ਹੀ ਨਹੀਂ ਉਹ ਤੁਹਾਡੀਆਂ ਆਵਾਜ਼ਾਂ ਕਿਵੇਂ ਸੁਣ ਸਕਦੇ ਹਨ।" ਇਸ ਟਿੱਪਣੀ ਤੋਂ ਸਪੱਸ਼ਟ ਹੁੰਦਾ ਹੈ ਕਿ ਚੜ੍ਹਾਵੇ ਦਾ ਇੱਕ ਪਾਸਾਰ ਗ਼ੁਲਾਮ ਕਿਸਮ ਦੀ ਮਾਨਸਿਕਤਾ ਨਾਲ ਜੁੜਦਾ ਹੈ। ਇਸ ਮਾਨਸਿਕਤਾ ਕਾਰਨ ਹੀ ਲੋਕਾਂ ਦੀ ਇਹ ਸ਼੍ਰੇਣੀ ਆਪਣੇ ਆਪ ਨੂੰ ਲੁੱਟੇ ਜਾਣ ਲਈ ਪੇਸ਼ ਕਰ ਰਹੀ ਹੈ।

ਧਾਰਮਿਕ ਸਥਾਨਾਂ ਅਤੇ ਉਹਨਾਂ ਦੇ ਸਰਪ੍ਰਸਤਾਂ ਦੀ ਆਰਥਿਕਤਾ ਵਿੱਚ ਚੜ੍ਹਾਵਾ ਸਭ ਤੋਂ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਇਹਨਾਂ ਦੇ ਨਾਲ ਹੀ ਧਰਮ ਸਥਾਨਾਂ ਦੇ ਬਾਹਰ ਲੱਗੇ ਬਾਜ਼ਾਰ ਦੀ ਆਰਥਿਕਤਾ ਵੀ ਚੜ੍ਹਾਵੇ 'ਤੇ ਹੀ ਨਿਰਭਰ ਕਰਦੀ ਹੈ। ਚੜ੍ਹਾਵੇ ਦੀ ਜ਼ਿਆਦਾਤਰ ਸਮੱਗਰੀ ਨੇੜਲੀਆਂ ਦੁਕਾਨਾਂ ਅਤੇ ਰੇਹੜੀਆਂ ਤੋਂ ਹੀ ਖ਼ਰੀਦੀ ਜਾਂਦੀ ਹੈ। ਇਸ ਤਰ੍ਹਾਂ ਚੜ੍ਹਾਵਾ ਧਰਮ ਸਥਾਨ ਦੇ ਸਫ਼ਾਈ ਸੇਵਕਾਂ ਤੋਂ ਲੈ ਕੇ ਦੁਕਾਨਦਾਰਾਂ, ਸੇਵਾਦਾਰਾਂ, ਪੁਜਾਰੀਆਂ, ਸਾਧੂਆਂ, ਪਾਠੀਆਂ ਅਤੇ ਖ਼ਲੀਫ਼ਿਆਂ ਦੀ ਆਰਥਿਕਤਾ ਨਾਲ ਜੁੜਿਆ ਹੋਇਆ ਹੈ। ਧਰਮੀ ਸਥਾਨਾਂ 'ਤੇ ਚੜ੍ਹਨ ਵਾਲੀ ਵਰਤੋਂ ਯੋਗ ਅਤੇ ਕੀਮਤੀ ਸਮੱਗਰੀ ਨੂੰ ਵੇਚ ਕੇ ਪੈਸੇ ਵਿੱਚ ਬਦਲ ਲਿਆ ਜਾਂਦਾ ਹੈ ਅਤੇ ਬਾਕੀ ਬਚੀ ਸਮਗੱਰੀ ਨੂੰ ਇੱਧਰ-ਉੱਧਰ ਖਪਾ ਦਿੱਤਾ ਜਾਂਦਾ ਹੈ। ਕਈ ਥਾਵਾਂ 'ਤੇ ਸਰਪ੍ਰਸਤਾਂ ਅਤੇ ਸੇਵਾਦਾਰਾਂ ਦੀ ਗਿਣਤੀ ਅਨੁਸਾਰ ਚੜ੍ਹਾਵੇ ਦੇ ਹਿੱਸੇ ਕਰ ਲਏ ਜਾਂਦੇ ਹਨ। ਜਿਵੇਂ ਡੇਰਿਆਂ ਵਿੱਚ ਚੜ੍ਹਦੀਆਂ ਭੇਲੀਆਂ ਨੂੰ ਡੇਰੇ ਦੇ ਮੌਜੂਦਾ ਸਾਧ ਦਾ ਹਿੱਸਾ, ਪ੍ਰਬੰਧਕ ਕਮੇਟੀ ਦਾ ਹਿੱਸਾ ਅਤੇ ਸੇਵਾਦਾਰਾਂ ਦੇ ਹਿੱਸੇ ਦੇ ਤੌਰ 'ਤੇ ਵੰਡ ਲਿਆ ਜਾਂਦਾ ਹੈ। ਸ਼ੀਤਲਾ ਮਾਤਾ ਦੇ ਸਥਾਨ 'ਤੇ ਚੜ੍ਹਦੇ ਗੁਲਗਲੇ, ਮੱਠੀਆਂ, ਦਾਲਾਂ, ਲੱਡੂਆਂ ਦਾ ਮਿਸ਼ਰਣ ਫੀਡ ਫੈਕਟਰੀਆਂ ਨੂੰ ਫੀਡ ਬਣਾਉਣ ਲਈ ਵੇਚ ਦਿੱਤਾ ਜਾਂਦਾ ਹੈ। ਝਾੜੂ, ਲੂਣ, ਖਿਡੌਣੇ, ਚੁੰਨੀਆਂ, ਨਾਰੀਅਲ ਬੋਲੀ ਲਗਾ ਕੇ ਵੇਚ ਦਿੱਤੇ ਜਾਂਦੇ ਹਨ ਜੋ ਵਾਪਸ ਫਿਰ ਉਨ੍ਹਾਂ ਦੁਕਾਨਦਾਰਾਂ ਕੋਲ ਚਲੇ ਜਾਂਦੇ ਹਨ ਜੋ ਇਹ ਸਮਾਨ ਵੇਚਦੇ ਹਨ। ਬੱਕਰੇ, ਮੁਰਗੇ ਅਤੇ ਹੋਰ ਜਾਨਵਰ ਮੀਟ ਦੇ ਕਾਰੋਬਾਰੀਆਂ ਨੂੰ ਵੇਚੇ ਜਾਂਦੇ ਹਨ। ਬੱਕਰਾ ਅਤੇ ਮੁਰਗਾ ਚੜ੍ਹਾਉਣ ਵਾਲੇ ਬਹੁਤੇ ਸ਼ਰਧਾਲੂ ਮੁੱਲ ਨਹੀਂ ਖ਼ਰੀਦਦੇ ਸਗੋਂ ਸੰਬੰਧਿਤ ਸਥਾਨ ਤੋਂ ਹੀ ਕੁੱਝ ਸਮੇਂ ਲਈ ਰੁਪਏ ਦੇ ਕੇ ਲੈ ਲੈਂਦੇ ਹਨ ਜਿਵੇਂ ਹੈਦਰ ਸ਼ੇਖ਼ ਦੀ ਦਰਗਾਹ, ਮਾਲੇਰਕੋਟਲਾ ਵਿਖੇ 230 ਰੁਪਏ ਵਿੱਚ ਦਰਗਾਹ 'ਤੇ ਚੜ੍ਹਾਉਣ ਲਈ ਬੱਕਰਾ (ਬਾਬੇ ਦਾ ਘੋੜਾ) ਮਿਲ ਜਾਂਦਾ ਹੈ, ਜੋ ਮਜ਼ਾਰ ਨੂੰ ਛੂੰਹਾਉਣ ਤੋਂ ਬਾਅਦ ਉਸ ਦੇ ਮਾਲਕ ਨੂੰ ਵਾਪਸ ਕਰ ਦਿੱਤਾ ਜਾਂਦਾ ਹੈ। ਜਿਨ੍ਹਾਂ ਥਾਵਾਂ 'ਤੇ ਚਾਂਦੀ, ਸੋਨੇ ਦੀਆਂ ਭੌਰੀਆਂ, ਗੁੰਮੀਆਂ, ਅੱਖਾਂ, ਨੱਕ, ਕੰਨ, ਜੀਭ, ਕੀੜੇ-ਕੀੜੀਆਂ, ਸਿਉਂਕ, ਸੱਪ ਅਤੇ ਘੋੜੇ ਚੜ੍ਹਾਏ ਜਾਂਦੇ ਹਨ, ਉਨ੍ਹਾਂ ਨੂੰ ਪ੍ਰਬੰਧਕਾਂ ਦੁਆਰਾ ਸੁਨਿਆਰੇ ਨੂੰ ਵੇਚ ਦਿੱਤਾ ਜਾਂਦਾ ਹੈ। ਚੜ੍ਹਾਵੇ ਦੀ ਇਸ ਸਮੱਗਰੀ ਵਿੱਚੋਂ ਕੁੱਝ ਸਮੱਗਰੀ ਅਜਿਹੀ ਵੀ ਹੈ ਜੋ ਵਿਅਰਥ ਜਾਂਦੀ ਹੈ। ਕਾਲੀ ਮਾਤਾ ਮੰਦਰ, ਪਟਿਆਲਾ ਵਿੱਚ ਸ਼ਨੀਵਾਰ ਦੇ ਦਿਨ ਅੰਦਾਜ਼ੇ ਮੁਤਾਬਕ ਪੰਜ ਲੱਖ ਰੁਪਏ ਦੀ ਸ਼ਰਾਬ ਚੜ੍ਹਦੀ ਹੈ। ਦੇਸੀ ਅਤੇ ਵੱਖ-ਵੱਖ ਅੰਗਰੇਜ਼ੀ ਫਲੇਵਰ ਦੀ ਸ਼ਰਾਬ ਮਿਕਸ ਹੋ ਜਾਣ ਕਰਕੇ ਵੇਚਣਯੋਗ ਨਹੀਂ ਰਹਿੰਦੀ। ਇਸ ਲਈ ਸ਼ਰਾਬ ਕੁੰਡ ਹੇਠਾਂ ਬਣੇ ਵੱਡੇ ਗਟਰ ਵਿੱਚ ਡੋਲ੍ਹ ਦਿੱਤੀ ਜਾਂਦੀ ਹੈ।


ਸਮੱਗਰੀ ਤੋਂ ਬਾਅਦ ਪੈਸੇ ਦਾ ਚੜ੍ਹਾਵਾ ਹਰ ਸਥਾਨ ਦੀ ਆਰਥਿਕਤਾ ਵਿੱਚ ਮਹੱਤਵ ਰਖਦਾ ਹੈ। ਹਰ ਧਰਮ ਦੇ ਪ੍ਰਮੁੱਖ ਸਥਾਨਾਂ 'ਤੇ ਵਿਸ਼ੇਸ਼ ਦਿਨਾਂ ਵਿੱਚ ਕਰੋੜਾਂ ਰੁਪਿਆਂ ਦਾ ਚੜ੍ਹਾਵਾ ਚੜ੍ਹਦਾ ਹੈ ਜਿਸ ਪਿੱਛੇ ਚਲਦੇ ਤਕਰਾਰ ਅਕਸਰ ਸੁਰਖ਼ੀਆਂ ਵਿੱਚ ਰਹਿੰਦੇ ਹਨ। ਇਸ ਲਾਲਚੀ ਬਿਰਤੀ ਨੇ ਨਵੇਂ ਧਰਮ ਸਥਾਨਾਂ ਅਤੇ ਧਰਮ ਪੋਪਾਂ ਨੂੰ ਜਨਮ ਦਿੱਤਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਚੜ੍ਹਾਵਾ ਧਰਮ ਦੇ ਪੈਰੋਕਾਰਾਂ ਲਈ ਕਾਲਾ ਧਨ ਇੱਕਠਾ ਕਰਨ ਦਾ ਇੱਕ ਵੱਡਾ ਸਾਧਨ ਬਣ ਚੁੱਕਾ ਹੈ।

(ਇੱਕ ਲੰਬੇ ਅਧਿਐਨ ਵਿੱਚੋਂ) **94644 14806**

ਸੋਧ

'ਤਰਕਸ਼ੀਲ' ਸਤੰਬਰ-ਅਕਤੂਬਰ 2022 ਵਿਚ ਪਹਿਲੇ ਪੰਨੇ 'ਤੇ ਸੰਪਾਦਕੀ ਵਿਚ ਸੱਤਵੀਂ ਲਾਈਨ ਵਿਚ 2022 ਨੂੰ 2002 ਪੜ੍ਹਿਆ ਜਾਵੇ ਜੀ। ਇਹ ਪਰੂਫ ਰੀਡਿੰਗ ਦੀ ਗਲਤੀ ਧਿਆਨ ਵਿਚ ਲਿਆਉਣ ਲਈ ਅਜੀਤ ਪ੍ਰਦੇਸੀ ਜੀ ਦਾ ਧੰਨਵਾਦ- ਸੰਪਾਦਕ।

ਭਗਵਾਂਕਰਨ ਕੀ ਹੈ.... ?



- ਹੇਮ ਰਾਜ ਸਟੈਨੋ

ਅੱਜ-ਕੱਲ੍ਹ ਬੌਧਿਕ ਤੇ ਜਨਤਕ-ਸਿਆਸੀ ਹਲਕਿਆਂ ਵਿੱਚ ਇੱਕ ਸ਼ਬਦ ਬੜਾ ਪ੍ਰਚੱਲਤ ਹੋਇਆ-ਵਿਆ ਹੈ, ਉਹ ਹੈ ਭਗਵਾਂਕਰਨ। ਕਦੇ ਵਿੱਦਿਆ ਦਾ ਭਗਵਾਂਕਰਨ ਤੇ ਕਦੇ ਕਿਸੇ ਹੋਰ ਨੀਤੀ ਨੂੰ ਭਗਵਾਂਕਰਨ ਦਾ ਨਾਮ ਦਿੱਤਾ ਜਾ ਰਿਹਾ ਹੈ। ਪਰ ਇਹ ਭਗਵਾਂਕਰਨ ਕੀ ਹੈ?, ਇਸ ਬਾਰੇ ਪੂਰੀ ਸਪੱਸ਼ਟਤਾ ਨਹੀਂ ਹੈ। ਇਹੀ ਵਜ੍ਹਾ ਹੈ ਕਿ ਇਸ ਭਗਵਾਂਕਰਨ ਦੇ ਸਮੁੱਚੇ ਸਮਾਜ 'ਤੇ ਪੈਣ ਵਾਲੇ ਪ੍ਰਭਾਵਾਂ ਤੋਂ ਆਮ ਜਨਤਾ ਸੁਚੇਤ ਨਹੀਂ ਹੈ। ਸੋ ਅੱਜ ਅਸੀਂ ਇਸ ਭਗਵਾਂਕਰਨ ਬਾਰੇ ਹੀ ਗੱਲ ਕਰਨ ਜਾ ਰਹੇ ਹਾਂ।

ਕਿਸੇ ਵੀ ਵਰਤਾਰੇ ਬਾਰੇ ਜਾਨਣ-ਸਮਝਣ ਲਈ ਇਹ ਠੀਕ ਹੁੰਦਾ ਹੈ ਕਿ ਉਸਦੇ ਇਤਿਹਾਸ ਬਾਰੇ ਜਾਣਿਆ ਜਾਵੇ। ਇਸ ਲਈ ਭਗਵਾਂਕਰਨ ਬਾਰੇ ਜਾਨਣ ਲਈ ਇਸ ਦੇ ਇਤਿਹਾਸ ਬਾਰੇ ਸੰਖੇਪ 'ਚ ਗੱਲ ਕਰਦੇ ਹਾਂ।

ਵਿਨਾਇਕ ਦਮੋਦਰ ਸਾਵਰਕਰ ਨੂੰ ਆਰ.ਐਸ.ਐਸ. ਦੇ ਵਿਚਾਰਕ ਤੇ ਰਾਹ ਦਰਸਾਵੇ ਵਜੋਂ ਮੰਨਿਆ ਜਾਂਦਾ ਹੈ। ਉਸਨੇ ਪ੍ਰਸਤਾਵਨਾ ਲਿਆਂਦੀ ਸੀ ਕਿ ਹਿੰਦੁਸਤਾਨ ਹਿੰਦੂਆਂ ਦਾ ਦੇਸ਼ ਹੈ। ਉਸਦਾ ਮੁੱਖ 'ਪ੍ਰਵਚਨ' ਸੀ ਕਿ "ਸਮੁੱਚੀ ਸਿਆਸਤ ਦਾ ਹਿੰਦੂਕਰਣ ਅਤੇ ਸਮੁੱਚੀ ਹਿੰਦੂ ਜਨਤਾ ਦਾ ਫੌਜੀਕਰਣ।"[1]

ਸਾਡੇ ਦੇਸ਼ ਅੰਦਰ 1857 ਦੇ ਗ਼ਦਰ ਨੂੰ ਆਜ਼ਾਦੀ ਦੀ ਪਹਿਲੀ ਲੜਾਈ ਵਜੋਂ ਜਾਣਿਆ ਜਾਂਦਾ ਹੈ ਅਤੇ ਇਸ 'ਤੇ ਸ਼ਾਇਦ ਹੀ ਕਿਸੇ ਦੇ ਮੱਤਭੇਦ ਹੋਣ। ਇਸ ਬਾਰੇ ਸਾਵਰਕਰ ਨੇ ਆਪਣੀ ਕਿਤਾਬ ਵੀ ਲਿਖੀ ਸੀ। ਇਸ ਵਿੱਚ ਉਸਨੇ 1857 ਦੇ ਗ਼ਦਰ ਦੀ ਬੜੀ ਸਿਫ਼ਤ-ਸਲਾਹੀ ਕੀਤੀ ਸੀ, ਖਾਸ ਕਰਕੇ ਹਿੰਦੂ-ਮੁਸਲਿਮ ਏਕਤਾ ਦੀ।

ਪਰ ਇਸ 1857 ਦੇ ਗ਼ਦਰ 'ਚ ਅੰਗਰੇਜ਼ਾਂ ਦਾ ਸਾਥ ਦੇ ਕੇ ਇਸ ਲੜਾਈ ਨੂੰ ਹਾਰ ਕਿਸ ਨੇ ਦਿਵਾਈ? 'ਮਯੂਟਿਨੀ'-ਵਿਦਰੋਹ- ਦੇ ਸਮਕਾਲੀ ਬ੍ਰਿਟਿਸ਼ ਸਰਕਾਰੀ ਦਸਤਾਵੇਜ਼ ਇਸ ਗੱਲ ਦੇ ਗਵਾਹ ਹਨ ਕਿ ਦਿੱਲੀ ਅਤੇ ਅਬਧ ਨੂੰ ਅੰਗਰੇਜ਼ਾਂ ਨੂੰ ਜਿਤਵਾਉਣ ਵਿੱਚ ਨੇਪਾਲ ਦੇ ਸ਼ਾਸਕ ਜੰਗ ਬਹਾਦੁਰ ਦੀ ਅਗਵਾਈ ਵਿੱਚ ਹਜ਼ਾਰਾਂ ਗੋਰਖਾ ਸਿਪਾਹੀਆਂ ਨੇ ਸਭ ਤੋਂ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਆਜ਼ਮਗੜ੍ਹ, ਬਾਰਾਬਾਂਕੀ, ਗੋਰਖਪੁਰ, ਬਸਤੀ, ਬਹਰਾਇਚ, ਬੁਲੰਦ ਸ਼ਹਿਰ, ਬਦਾਯੂੰ ਆਦਿ ਜ਼ਿਲ੍ਹਿਆਂ ਦੇ ਬ੍ਰਿਟਿਸ਼ 'ਮਯੂਟਿਨੀ' ਗਜ਼ੇਟੀਅਰ ਅਜਿਹੀਆਂ ਅਣਗਿਣਤ ਦਾਸਤਾਨਾਂ ਨਾਲ ਭਰੇ ਪਏ ਹਨ ਜਿਨ੍ਹਾਂ ਤੋਂ ਸਪੱਸ਼ਟ ਪਤਾ ਲਗਦਾ ਹੈ ਕਿ ਜੇ ਅੰਗਰੇਜ਼ਾਂ ਦੀ ਮੱਦਦ ਲਈ ਪੰਜਾਹ ਹਜ਼ਾਰ ਤੋਂ ਵੀ ਵੱਧ ਗੋਰਖਾ ਸਿਪਾਹੀਆਂ ਦੀ ਸਹਾਇਤਾ ਉਪਲਬਧ ਨਾ ਹੁੰਦੀ ਤਾਂ ਬ੍ਰਿਟਿਸ਼ ਫੌਜ ਵੱਲੋਂ 1857 ਦੇ ਵਿਦਰੋਹ ਨੂੰ ਕੁਚਲਣਾ ਅਸੰਭਵ ਸੀ। ਬ੍ਰਿਟਿਸ਼ ਗਜ਼ੇਟਿਅਰ ਦੇ ਅਨੁਸਾਰ, "ਸੈਂਕੜੇ ਵਿਦਰੋਹੀਆਂ ਨੂੰ ਨੇਪਾਲੀਆਂ ਵੱਲੋਂ ਮੌਤ ਦੇ ਘਾਟ ਉਤਾਰ ਦਿੱਤਾ ਗਿਆ।"[2]

ਸਮਕਾਲੀ ਸਰਕਾਰੀ ਦਸਤਾਵੇਜ਼ਾਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਨੇਪਾਲ ਦੇ ਹਿੰਦੂ ਸ਼ਾਸ਼ਕਾਂ ਦੀਆਂ 1857 ਦੀ ਬਗਾਵਤ ਨੂੰ ਦਬਾਉਣ ਲਈ ਬ੍ਰਿਟਿਸ਼ ਸਰਕਾਰ ਨੂੰ ਦਿੱਤੀਆਂ ਸੇਵਾਵਾਂ ਤੋਂ ਖੁਸ਼ ਹੋ ਕੇ ਹਿੰਦੁਸਤਾਨ ਤਰਾਈ ਖੇਤਰ ਦੇ ਇੱਕ ਵੱਡੇ ਹਿੱਸੇ ਨੂੰ ਨੇਪਾਲ ਦੇ ਹਵਾਲੇ ਕਰ ਦਿੱਤਾ ਗਿਆ ਸੀ। ਇਹੀ ਕਾਰਣ ਸੀ ਕਿ 1857 ਦੇ ਵਿਦਰੋਹ ਦੇ ਪ੍ਰਮੁੱਖ ਨਾਇਕ ਬਿਠੂਰ ਦੇ ਨਾਨਾ ਸਾਹਿਬ ਨੇ ਦੇਸ਼ ਵਾਸੀਆਂ ਦੇ ਨਾਮ ਆਪਣੇ ਆਖਰੀ ਪੱਤਰ ਵਿੱਚ ਇਹ ਸਾਫ ਲਿਖਿਆ ਸੀ ਕਿ ਬ੍ਰਿਟਿਸ਼ ਸਰਕਾਰ ਕੋਲ ਵਿਦਰੋਹ ਨੂੰ ਕੁਚਲਣ ਦੀ ਸਮਰੱਥਾ ਨਹੀਂ ਸੀ ਪਰ ਗੋਰਖਿਆਂ ਅਤੇ ਰਜਵਾੜਿਆਂ ਦੀ ਮੱਦਦ ਨਾਲ ਬ੍ਰਿਟਿਸ਼ ਸਰਕਾਰ ਜਿੱਤੀ।[3]

ਹੁਣ ਸਾਵਰਕਰ ਦਾ ਵਿਰੋਧਾ-ਭਾਸ ਦੇਖੋ। ਨੇਪਾਲ ਦੇ ਨਰੇਸ਼ ਨੇ ਸਾਡੇ ਦੇਸ਼ ਹਿੰਦੁਸਤਾਨ ਦੇ ਅੰਗਰੇਜ਼ਾਂ ਖਿਲਾਫ ਵਿਦਰੋਹ ਨੂੰ ਕੁਚਲਣ ਵਾਸਤੇ ਅੰਗਰੇਜ਼ਾਂ ਦੀ ਖੁੱਲ੍ਹ ਕੇ ਮੱਦਦ ਕੀਤੀ ਪਰ ਸਾਵਰਕਰ 30 ਸਤੰਬਰ, 1937, ਨੂੰ ਅਹਿਮਦਾਬਾਦ 'ਚ ਹੋਏ ਹਿੰਦੂ ਮਹਾਂ ਸਭਾ ਦੇ 19ਵੇਂ ਇਜਲਾਸ ਦਾ ਪ੍ਰਧਾਨਗੀ ਭਾਸ਼ਣ ਦਿੰਦੇ ਹੋਏ ਸਭ ਤੋਂ ਪਹਿਲਾਂ ਨੇਪਾਲ ਨਰੇਸ਼ ਪ੍ਰਤੀ ਸਨਮਾਨ ਪ੍ਰਗਟਾ ਰਿਹਾ ਹੈ। ਉਹ ਇਉਂ? ਉਨ੍ਹਾਂ ਕਿਹਾ ਕਿ:

ਸਾਰੇ ਹਿੰਦੂਆਂ ਦੀ ਤਰਫੋਂ ਮੈਂ ਅਤਿ ਸਤਿਕਾਰਤ ਨੇਪਾਲ ਨਰੇਸ਼ ਨੂੰ ਵਫਾਦਾਰੀ ਅਤੇ ਪਿਆਰ ਭਰੀਆਂ ਸ਼ੁਭ-ਕਾਮਨਾਵਾਂ ਭੇਜਣਾ ਆਪਣਾ ਜ਼ਰੂਰੀ ਫਰਜ਼ ਸਮਝਦਾ ਹਾਂ। ਨੇਪਾਲ ਦੇ ਪ੍ਰਧਾਨ ਮੰਤਰੀ ਮਹਾਮਹਿਮ ਯੁੱਧ-ਸਮਸ਼ੇਰ ਰਾਣਾ ਜੀ ਅਤੇ ਉੱਥੇ ਵਸੇ ਸਾਡੇ ਸਾਰੇ ਧਰਮ ਭਰਾ ਅਤੇ ਦੇਸ਼ ਵਾਸੀ ਸਾਡੇ ਇਤਿਹਾਸ ਦੇ ਸਭ ਤੋਂ ਕਾਲੇ ਦੌਰ ਵਿੱਚ ਵੀ ਹਿੰਦੂ ਸੱਤਾ ਅਤੇ ਹਿੰਦੂ ਸੁਤੰਤਰਤਾ ਰੱਖਣ ਵਿੱਚ ਸਫਲ ਰਹੇ ਹਨ। ਹਿਮਾਲਿਆ ਦੇ ਸਿਖਰ 'ਤੇ ਹਿੰਦੂ ਸੁਤੰਤਰਤਾ ਦਾ ਝੰਡਾ ਬੇਦਾਗ ਲਹਿਰਾ

ਰੱਖਿਆ ਹੈ। ਨੇਪਾਲ ਦੀ ਰਾਜਸ਼ਾਹੀ ਦੁਨੀਆਂ ਵਿੱਚ ਇਕਲੌਤੀ ਹਿੰਦੂ ਰਾਜਸ਼ਾਹੀ ਹੈ ਜਿਸਦੀ ਸੁਤੰਤਰਤਾ; ਇੰਗਲੈਂਡ, ਫਰਾਂਸ, ਇਟਲੀ ਅਤੇ ਹੋਰ ਮਹਾਨ ਸ਼ਕਤੀਆਂ ਵੱਲੋਂ ਮਾਨਤਾ ਪ੍ਰਾਪਤ ਹੈ। ਇਸ ਨਸਲ ਦੇ 25 ਕਰੋੜ ਹਿੰਦੂਆਂ (ਉਸ ਸਮੇਂ ਸੰਸਾਰ ਦੇ ਹਿੰਦੂਆਂ ਦੀ ਸੰਖਿਆਂ) ਵਿੱਚ ਨੇਪਾਲ ਦੇ ਮਹਾਨ ਰਾਜਾ ਪਹਿਲੇ ਅਤੇ ਸਭ ਤੋਂ ਉੱਚ ਕੋਟੀ ਦੇ ਹਿੰਦੂ ਹਨ ਜੋ ਸ਼ਾਨ ਨਾਲ ਸਿਰ ਚੁੱਕ ਕੇ ਬਿਨ੍ਹਾਂ ਝੁਕੇ ਹੋਰਾਂ ਦੀ ਬਰਾਬਰੀ ਕਰਦੇ ਹੋਏ ਵਿਸ਼ਵ ਭਰ ਦੇ ਸੁਤੰਤਰ ਰਾਸ਼ਟਰਾਂ ਦੇ ਰਾਜਿਆਂ, ਸ਼ਹਿਨਸ਼ਾਹਾਂ ਅਤੇ ਰਾਜ-ਮੁਖੀਆਂ ਦੀਆਂ ਸਭਾਵਾਂ ਵਿੱਚ ਸ਼ਾਮਲ ਹੋ ਸਕਦੇ ਹਨ...ਨੇਪਾਲ ਨੇ, **ਸਮਾਨ ਨਸਲ, ਧਰਮ, ਭਾਸ਼ਾ ਅਤੇ ਸੰਸਕ੍ਰਿਤੀ, ਸਾਡੀ ਸਾਂਝੀ ਮਾਤ ਭੂਮੀ ਦੀ ਵਿਰਾਸਤ ਅਤੇ ਸਾਡੀ ਸਾਂਝੀ ਪਵਿੱਤਰ ਭੂਮੀ ਦੇ ਡੂੰਘੇ ਬੰਧਨਾਂ ਕਾਰਣ ਹਿੰਦੂਤਵ ਨਾਲ ਜੁੜੇ ਹੀ ਰਹਿਣਾ ਹੈ। ਸਾਡਾ ਜੀਵਨ ਇੱਕ ਹੈ।** (ਜ਼ੋਰ ਲੇਖਕ ਵੱਲੋਂ)[4]

ਇੱਥੇ ਹੀ ਬੱਸ ਨਹੀਂ ਬਲਕਿ ਸਾਵਰਕਰ ਨੇ ਭਾਰਤ ਦੀ ਸਮੱਸਿਆ ਦਾ ਅਨੋਖਾ "ਹਿੰਦੂ" ਹੱਲ ਸੁਝਾਉਂਦੇ ਹੋਏ ਮਹਾਰਾਣੀ ਨੂੰ ਸੁਝਾਅ ਦਿੱਤਾ ਕਿ ਉਹ ਇਸ ਦੇਸ਼ ਨੂੰ "ਬ੍ਰਿਟੇਨ ਦੇ ਬਰਾਬਰੀ ਵਾਲੇ ਅਤੇ ਸੁਤੰਤਰ ਮਿੱਤਰ ਰਾਸ਼ਟਰ ਨੇਪਾਲ ਦੇ ਮਹਾਂਮਹਿਮ ਨਰੇਸ਼ ਦੇ ਹੱਥਾਂ ਵਿੱਚ ਸੌਂਪ ਦੇਵੇ"[5]

ਵੀਰ ਸਾਵਰਕਰ ਦੇ ਵਿਚਾਰਾਂ ਨੂੰ ਇਹ ਧਿਰ ਛੱਡ ਨਹੀਂ ਸਕੀ। 23 ਜਨਵਰੀ 2004 ਨੂੰ ਕਾਠਮੰਡੂ ਵਿੱਚ ਵਿਸ਼ਵ ਹਿੰਦੂ ਮਹਾਂ ਸੰਘ ਦੇ ਇੱਕ ਪ੍ਰੋਗਰਾਮ ਵਿੱਚ ਨੇਪਾਲ ਨਰੇਸ਼ ਗਿਆਨੇਂਦ੍ਰ ਵੀਰ ਵਿਕਰਮ ਸ਼ਾਹ ਨੂੰ ਮਹਿਮਾ-ਮੰਡਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਤਤਕਾਲੀ ਕਾਰਜਪਾਲਕ ਪ੍ਰਧਾਨ ਅਸ਼ੋਕ ਸਿੰਘਲ ਸਮੇਤ ਆਰ.ਐਸ.ਐਸ. ਦੇ ਕਈ ਨੇਤਾ ਮੌਜੂਦ ਸਨ। ਨੇਪਾਲ ਨਰੇਸ਼ ਦੇ ਇਸ ਦੈਵੀਕਰਣ ਸਮਾਗਮ ਵਿੱਚ ਸਿੰਘਲ ਨੇ ਕਿਹਾ,"ਵਿਸ਼ਵ ਭਰ ਦੇ 90 ਕਰੋੜ ਹਿੰਦੂਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਹਿੰਦੂ ਸਮਰਾਟ ਦੀ ਰੱਖਿਆ ਕਰਨ।... .....ਈਸ਼ਵਰ ਨੇ ਉਹਨਾਂ ਨੂੰ ਧਰਮ ਦੀ ਰੱਖਿਆ ਲਈ ਬਣਾਇਆ ਹੈ।" ਪ੍ਰੋਗਰਾਮ ਦੇ ਅੰਤ ਵਿੱਚ ਹਿੰਦੂ ਹਿਤਾਂ ਪ੍ਰਤੀ ਸੇਵਾਵਾਂ ਲਈ ਸਿੰਘਲ ਨੂੰ ਸਨਮਾਨਤ ਕੀਤਾ।[6]

ਸਾਵਰਕਰ ਦੇ ਹਿੰਦੂਤਵ ਦੇ ਤਿੰਨ ਬੁਨਿਆਦੀ ਤੱਤਾਂ ਨੂੰ ਜੇ ਜਾਨਣਾ ਚਾਹੀਏ ਤਾਂ ਉਹ ਹਨ, ਪਹਿਲਾ ਹਿੰਦੂ ਰਾਸ਼ਟਰ ਦਾ ਉੱਚ ਨਸਲ ਵਿੱਚੋਂ ਪੈਦਾ ਹੋਣਾ, ਦੂਜਾ ਇਹ ਵਰਣ-ਪ੍ਰਬੰਧ ਕਾਰਣ ਜਿਉਂਦਾ ਰਿਹਾ (ਭਾਵ ਬ੍ਰਾਹਮਣ, ਕਸ਼ੱਤਰੀ, ਵੈਸ਼ ਅਤੇ ਸ਼ੂਦਰ ਵਾਲੀ ਵਰਣ-ਵੰਡ ਠੀਕ ਹੈ) ਅਤੇ **ਆਖਰੀ ਗੱਲ ਇਹ ਕਿ ਹਿੰਦੂ ਨਸਲ ਨੇ ਸੰਸਾਰ 'ਤੇ ਸ਼ਾਸ਼ਨ ਕਰਨਾ ਹੈ।** (**ਜ਼ੋਰ ਲੇਖਕ ਦਾ**)[7] ਜਿਵੇਂ ਅੱਜ-ਕੱਲ੍ਹ ਭਾਜਪਾਈਆਂ ਵੱਲੋਂ ਸਾਡੇ ਦੇਸ਼ ਨੂੰ 'ਵਿਸ਼ਵ-ਗੁਰੂ' ਬਣਨ ਦੀ ਗੱਲ ਕੀਤੀ ਜਾ ਰਹੀ ਹੈ।

ਸਾਵਰਕਰ ਨੇ ਇਹ ਤੱਥ ਵੀ ਉਭਾਰਿਆ ਕਿ ਹਿੰਦੂ ਨਸਲ ਅਤੇ ਉਸ ਦੀ ਭੂਮੀ ਦੁਨੀਆਂ ਦੇ ਦੂਸਰੇ ਲੋਕਾਂ ਅਤੇ ਦੇਸ਼ਾਂ ਤੋਂ ਉੱਤਮ-ਸ਼੍ਰੇਸ਼ਟ-ਹੈ-

ਸਿੰਧੂਸਥਾਨ ਵਿਦੇਸ਼ੀਆਂ ਦੀ ਭੂਮੀ ਮਲੇਛਸਤਾਨ ਤੋਂ ਵੱਖ ਭਾਵ ਸ਼੍ਰੇਸ਼ਟ ਆਰੀਆ ਭੂਮੀ ਹੈ। (ਮਲੇਛ ਦੇਸ਼ ਤੋਂ ਭਾਵ ਹੈ ਅਜਿਹਾ ਸਥਾਨ ਜਿੱਥੇ ਗੈਰ ਆਰੀਆ, ਪਾਪ ਕਰਨ ਵਾਲੇ, ਨੀਵੀਂ ਜਾਤ ਦੇ ਲੋਕ ਰਹਿੰਦੇ ਹਨ ਅਤੇ ਜਿੱਥੇ ਸੰਸਕ੍ਰਿਤ ਭਾਸ਼ਾ ਨਹੀਂ ਬੋਲੀ ਜਾਂਦੀ।)[8]

ਮੁੱਕਦੀ ਗੱਲ ਇਹ ਹੈ ਕਿ ਹਰ ਉਹ ਵਿਚਾਰ, ਕਰਮ, ਉਪਦੇਸ਼, ਜਿਹੜਾ ਸਾਡੇ ਦੇਸ਼ ਨੂੰ ਇੱਕ ਧਰਮ-ਹਿੰਦੂ ਧਰਮ- ਦੇ ਰੰਗ'ਚ ਰੰਗਕੇ ਹਿੰਦੂ ਰਾਸ਼ਟਰ ਬਣਾਉਣ ਵਾਲਾ ਹੈ, ਉਸਨੂੰ ਭਗਵਾਂਕਰਣ ਕਿਹਾ ਜਾਂਦਾ ਹੈ। ਇਸਨੂੰ ਭਗਵਾਂਕਰਣ ਕਿਉਂ ਕਿਹਾ ਜਾਂਦਾ ਹੈ ?, ਇਸਦਾ ਕਾਰਨ ਹੇਠ ਦਿੱਤਾ ਜਾ ਰਿਹਾ ਹੈ।

ਸਾਵਰਕਰ ਨੇ ਆਪਣੀ ਹਿੰਦੂ ਮਹਾਂ ਸਭਾ ਦੇ ਕਾਰਕੁੰਨਾਂ ਦੇ ਨਾਮ 22 ਸਤੰਬਰ 1941 ਨੂੰ ਜਾਰੀ ਬਿਆਨ ਵਿੱਚ ਐਲਾਨ ਕੀਤਾ ਕਿ-

ਜਿੱਥੋਂ ਤੱਕ ਝੰਡੇ ਦਾ ਸਵਾਲ ਹੈ, ਹਿੰਦੂ ਲੋਕ ਸਮੁੱਚੇ ਹਿੰਦੂਤਵ ਦੀ ਪ੍ਰਤੀਨਿਧਤਾ ਕਰਨ ਵਾਲੇ ਉਸ ਝੰਡੇ ਤੋਂ ਬਿਨ੍ਹਾਂ ਹੋਰ ਕਿਸੇ ਝੰਡੇ ਨੂੰ ਨਹੀਂ ਜਾਣਦੇ ਜੋ ਕੁੰਡਲਿਨੀ ਕ੍ਰਪਾਣ ਅੰਕਿਤ ਮਹਾਂ ਸਭਾ ਦਾ ਝੰਡਾ ਹੈ ਜਿਸ ਤੇ ਓਮ ਅਤੇ ਸਵਾਸਤਿਕ ਅੰਕਿਤ ਹੈ ਜੋ ਹਿੰਦੂ ਜਾਤੀ ਅਤੇ ਨੀਤੀ ਦਾ ਪੁਰਾਤਨ ਪ੍ਰਤੀਕ ਹੈ ਅਤੇ ਹਿੰਦੁਸਤਾਨ ਵਿੱਚ ਯੁੱਗਾਂ-ਯੁੱਗਾਂ ਤੋਂ ਸਨਮਾਨ-ਪ੍ਰਾਪਤ ਹੈ।

ਜਾਣੇ-ਪਛਾਣੇ ਸਮਾਜਵਾਦੀ ਨੇਤਾ ਐਨ.ਜੀ.ਗੋਰੇ ਨੇ ਇਸ ਝੰਡੇ ਨੂੰ ਭਗਵਾਂ ਝੰਡਾ ਦਰਸਾਇਆ ਸੀ।

ਸੰਨ 1929 'ਚ ਲਾਹੌਰ ਕਾਂਗਰਸ ਨੇ ਪੂਰਨ ਸਵਰਾਜ ਦਾ ਮਤਾ ਪਾਸ ਕੀਤਾ ਅਤੇ ਸਭ ਨੂੰ 26 ਜਨਵਰੀ, 1930 ਨੂੰ ਆਜ਼ਾਦੀ ਦਿਵਸ ਵਜੋਂ ਮਨਾਉਣ ਲਈ ਕਿਹਾ ਤਾਂ ਉਦੋਂ ਹੈਡਗੇਵਾਰ ਆਰ.ਐਸ.ਐਸ. ਦੀ ਅਗਵਾਈ ਕਰਦੇ ਸਨ। ਆਰ.ਐਸ.ਐਸ. ਵਾਲਿਆਂ ਨੇ ਇਹ ਦਿਵਸ ਤਾਂ ਮਨਾਇਆ ਪ੍ਰੰਤੂ ਉਨ੍ਹਾਂ ਨੇ ਭਗਵਾਂ ਝੰਡਾ ਲਹਿਰਾਕੇ ਮਨਾਇਆ।

ਕਹਿਣ ਤੋਂ ਭਾਵ ਇਹ ਹੈ ਕਿ ਇਹ ਹਿੰਦੂਤਵਵਾਦੀਏ ਇਸ ਭਗਵੇਂ ਝੰਡੇ ਨੂੰ ਹੀ ਪ੍ਰਵਾਨਗੀ ਦਿੰਦੇ ਹਨ, ਇਸ ਲਈ ਇਨ੍ਹਾਂ ਦੇ ਸਾਰੇ ਸੰਘ-ਪਰਿਵਾਰ ਨੂੰ ਭਗਵਾਂ ਪਰਿਵਾਰ ਵੀ ਕਹਿ ਦਿੱਤਾ ਜਾਂਦਾ ਹੈ। ਕਿਉਂਕਿ ਇਹ ਸਾਡੇ ਦੇਸ਼ ਨੂੰ ਸਿਰਫ ਹਿੰਦੂਆਂ ਦਾ ਦੇਸ਼-ਇਨ੍ਹਾਂ ਦੀ ਸ਼ਬਦਾਵਲੀ 'ਚ ਰਾਸ਼ਟਰ-ਮੰਨਦੇ ਹਨ ਅਤੇ ਇੱਥੋਂ ਦੀ ਸਾਰੀ ਸੱਭਿਅਤਾ ਨੂੰ ਹਿੰਦੂਆਂ ਦੀ ਪ੍ਰਾਚੀਨ

ਅਤੇ ਗੌਰਵਮਈ ਸੱਭਿਅਤਾ ਮੰਨਦੇ ਹਨ। ਇਨ੍ਹਾਂ ਦੇ ਲੀਡਰਾਂ ਦੇ ਆਮ ਹੀ ਬਿਆਨ ਆਉਂਦੇ ਰਹਿੰਦੇ ਹਨ ਕਿ ਜਿਵੇਂ ਪਹਿਲਾਂ ਸਾਡਾ ਦੇਸ਼ ਵਿਸ਼ਵ-ਗੁਰੂ ਸੀ ਹੁਣ ਵੀ ਵਿਸ਼ਵ-ਗੁਰੂ ਬਣੇਗਾ।

ਮੁੱਕਦੀ ਗੱਲ ਇਹ ਹੈ ਕਿ ਹਕੂਮਤ ਵੱਲੋਂ ਚੁੱਕਿਆ ਇੱਕ ਦੇਸ਼ ਹਿੰਦੁਸਤਾਨ ਵਿੱਚ ਇੱਕ ਭਾਸ਼ਾ ਹਿੰਦੀ, ਇੱਕ ਕੌਮ ਹਿੰਦੂ ਵਾਲੀ ਸੇਧ ਵੱਲ ਚੁੱਕਿਆ ਜਾਣ ਵਾਲਾ ਹਰ ਕਦਮ, ਹਰ ਵਿਚਾਰ, ਹਰ ਨੀਤੀ ਭਗਵਾਂਕਰਣ ਦੀ ਨੀਤੀ ਅਖਵਾਉਂਦੀ ਹੈ। ਇਹ ਗੱਲ ਕਿਸੇ ਇੱਕ ਖੇਤਰ 'ਤੇ ਲਾਗੂ ਨਹੀਂ ਹੁੰਦੀ ਬਲਕਿ ਦੇਸ਼ ਦੇ ਸਮੁੱਚੇ ਆਰਥਕ-ਸਮਾਜਕ-ਸਿਆਸੀ ਤਾਣੇ-ਬਾਣੇ 'ਤੇ ਲਾਗੂ ਹੁੰਦੀ ਹੈ। ਇਸ ਦੀ ਇੱਕ ਤਾਜ਼ਾ ਤੇ ਠੋਸ ਮਿਸਾਲ ਲੈਂਦੇ ਹਾਂ। ਆਹ ਹੁਣੇ ਹੁਣੇ ਮਹਾਂਰਾਸ਼ਟਰ ਸਰਕਾਰ ਨੇ ਇੱਕ ਸਰਕਾਰੀ ਹੁਕਮ ਜਾਰੀ ਕੀਤਾ ਹੈ ਕਿ ਜੇ ਕਿਸੇ ਨਾਗਰਿਕ ਨੇ ਕਿਸੇ ਸਰਕਾਰੀ ਕਰਮਚਾਰੀ ਜਾਂ ਅਧਿਕਾਰੀ ਨਾਲ ਗੱਲ ਕਰਨੀ ਹੈ ਤਾਂ ਉਹ ਟੈਲੀਫੋਨ 'ਤੇ ਹੈਲੋ ਨਹੀਂ ਕਹੇਗਾ ਬਲਕਿ "ਬੰਦੇ ਮਾਤਰਮ" ਕਹੇਗਾ। ਹੁਣ ਦੇਖਣ ਨੂੰ ਤਾਂ ਇਹ ਗੱਲ ਵੀ ਕੋਈ ਖਾਸ ਨਹੀਂ ਲੱਗਦੀ ਕਿ ਚਲੋ ਹੈਲੋ ਨਾ ਕਹਿਕੇ ਬੰਦੇ ਮਾਤਰਮ ਕਹਿ ਦਿੱਤਾ, ਇਸ ਨਾਲ ਕੀ ਫਰਕ ਪੈਣ ਲੱਗਿਆ ਹੈ। ਪਰ ਇਸਨੂੰ ਇੱਕ ਮਿਸਾਲ ਰਾਹੀਂ ਸਮਝੋ। ਪੰਜਾਬ ਸੂਬੇ ਅੰਦਰ ਖਾਸ ਕਰਕੇ ਅਤੇ ਹੋਰਨਾਂ ਸੂਬਿਆਂ ਅੰਦਰ ਵੀ ਸਾਰੀ ਸਿੱਖ ਸੰਗਤ ਇੱਕ ਦੂਸਰੇ ਨੂੰ ਟੈਲੀਫੋਨ 'ਤੇ ਜਾਂ ਉਂਝ ਆਹਮੋ-ਸਾਹਮਣੇ ਹੋਣ 'ਤੇ ਵਹਿਗੁਰੂ ਜੀ ਕਾ ਖਾਲਸਾ, ਵਹਿਗੁਰੂ ਜੀ ਕੀ ਫਤਿਹ ਕਹਿਕੇ ਸੰਬੋਧਨ ਹੁੰਦੀ ਹੈ। ਇਹ ਸਿੱਖ ਧਰਮ ਦੀ ਆਸਥਾ ਦਾ ਸਵਾਲ ਹੈ ਕਿ ਉਹ ਵਹਿਗੁਰੂ 'ਚ ਸ਼ਰਧਾ ਰੱਖਦੇ ਹਨ ਅਤੇ ਉਸ ਨੂੰ ਧਿਆਉਂਦੇ ਹਨ। ਪਰ ਬੰਦੇ-ਮਾਤਰਮ ਗੀਤ ਵਿੱਚ ਤਾਂ ਦਸ-ਭੁਜਾਵਾਂ ਵਾਲੀ ਦੁਰਗਾ ਦੇਵੀ ਦੀ ਉਸਤਿਤ ਤੇ ਅਰਾਧਨਾ ਹੈ। ਕੀ ਇਹ ਸੰਭਵ ਹੋ ਸਕੇਗਾ ਕਿ ਇੱਕ ਸਿੱਖ ਧਰਮ ਦਾ ਅਨੁਆਈ ਵਹਿਗੁਰੂ ਦੀ ਬਜਾਇ ਦੁਰਗਾ ਦੀ ਪੂਜਾ-ਅਰਚਨਾ ਕਰਨ ਲੱਗ ਜਾਵੇ। ਇਵੇਂ ਹੀ ਹੋਰਨਾਂ ਧਰਮਾਂ ਵਾਲਿਆਂ ਦੇ ਵੀ ਅੱਡ ਅੱਡ ਬੋਲੇ ਹਨ।

ਹੁਣ ਮਹਾਂਰਾਸ਼ਟਰ ਦੀ ਇਹ ਸਰਕਾਰੀ ਮਿਸਾਲ ਇਹ ਸਾਬਤ ਕਰ ਦਿੰਦੀ ਹੈ ਕਿ ਇਨ੍ਹਾਂ ਨੇ ਇਹ ਵੀ ਨਹੀਂ ਕਿਹਾ ਕਿ ਤੁਸੀਂ ਹਿੰਦੂ ਧਰਮ 'ਚ ਮੰਨੀ ਜਾਂਦੀ ਦੁਰਗਾ ਦੇਵੀ ਦੀ ਉਸਤਿਤ ਕਰਦਿਆਂ ਉਸਨੂੰ ਪੂਜਣ ਲੱਗ ਜਾਵੋ ਪਰ ਵਲ-ਫੇਰ ਪਾਕੇ ਇੱਕ ਸਰਕਾਰੀ ਫਰਮਾਨ ਨਾਲ ਹਰੇਕ 'ਤੇ ਇਹ ਬੰਧਨ ਵੀ ਲਗਾ ਦਿੱਤਾ ਕਿ ਉਹ ਹਿੰਦੂਆਂ ਦੇ ਪੂਜਨੀਕ ਪ੍ਰਤੀਕਾਂ ਨੂੰ ਹਿੰਦੂਆਂ ਵਾਂਗ ਹੀ ਪੂਜੇ। ਇਹ ਵੱਖੋ-ਵੱਖਰੇ ਧਰਮਾਂ ਨੂੰ ਮੰਨਣ ਦੀ ਵਿਅਕਤੀ ਦੀ ਆਜ਼ਾਦੀ ਕਿਵੇਂ ਕਹੀ ਜਾ ਸਕਦੀ ਹੈ ਤੇ ਨਾਸਤਿਕਾਂ ਦੀ ਤਾਂ ਗੱਲ ਹੀ ਪਾਸੇ ਰਹੀ! ਬਸ, ਇਹੀ ਭਗਵਾਂਕਰਣ ਹੈ। ਇਸ ਭਗਵਾਂਕਰਣ ਵਿੱਚ ਅਧੁਨਿਕ ਸਮਿਆਂ ਕਰਕੇ ਫਰਕ ਸਿਰਫ ਇੰਨਾ ਕੁ ਹੈ ਕਿ ਅੱਜ ਭਗਵੇਂ ਕੱਪੜੇ ਪਾਉਣ ਦੀ ਸ਼ਰਤ ਨਹੀਂ ਲਗਾਈ ਜਾਂਦੀ। ਭਵਿੱਖ 'ਚ ਸੰਸਕ੍ਰਿਤੀ ਦੇ ਨਾਮ ਥੱਲੇ ਇਹ ਵੀ ਠੋਸ ਦਿੱਤੀ ਜਾਵੇ ਤਾਂ ਕਹਿ ਨਹੀਂ ਸਕਦੇ। ਹਾਂ, ਭਾਸ਼ਾ ਹਿੰਦੀ, ਸੰਸਕ੍ਰਿਤ, ਹਿੰਦੂਆਂ ਦਾ ਦੇਸ਼ ਜਾਂ ਹਿੰਦੂ ਰਾਸ਼ਟਰ, ਹਿੰਦੂ ਹੀ ਇਸਦੇ ਅਸਲੀ ਹੱਕਦਾਰ ਨਾਗਰਿਕ ਅਤੇ ਬਾਕੀ ਵਸਦੀ ਵਸੋਂ ਦੂਸਰੇ ਨੰਬਰ ਦੀ ਨਾਗਰਿਕ ਹੋ ਸਕਦੀ ਹੈ, ਹੋ ਸਕਦਾ ਹੈ ਉਹ ਦੂਸਰੇ ਨੰਬਰ ਦੀ ਨਾਗਰਿਕ ਵੀ ਨਾ ਰਹੇ।


ਇੱਥੇ ਇੱਕ ਗੱਲ ਸਭ ਦੇ ਚੇਤੇ ਕਰਾ ਦੇਣੀ ਵੀ ਠੀਕ ਰਹੇਗੀ ਕਿ ਜਦੋਂ ਮੋਦੀ ਪ੍ਰਧਾਨ ਮੰਤਰੀ ਬਣੇ ਸਨ ਤੇ ਕੇਂਦਰ 'ਚ ਭਾਜਪਾ ਦੀ ਹਕੂਮਤ ਕਾਇਮ ਹੋਈ ਸੀ ਉਦੋਂ ਇਹ ਬਿਆਨ ਆਉਂਦੇ ਰਹੇ ਸਨ ਕਿ ਸੈਂਕੜੇ ਸਾਲਾਂ ਬਾਅਦ ਹਿੰਦੂਆਂ ਦਾ ਰਾਜ ਆਇਆ ਹੈ। ਇਹ ਬਿਆਨ ਐਵੇਂ ਹੀ ਨਹੀਂ ਦਿੱਤੇ ਜਾ ਰਹੇ ਸਨ ਬਲਕਿ ਸਾਡੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਵੱਲ ਜਾਣ ਦਾ ਸੰਕੇਤ ਹੀ ਸਨ ਭਾਵੇਂ ਉੱਪਰੋਂ ਦੇਖਣ ਨੂੰ ਆਮ ਲੋਕ ਇਸਨੂੰ ਸਾਧਾਰਣ ਤੌਰ 'ਤੇ ਲੈਂਦੇ ਰਹੇ ਸਨ।

ਐਮ.ਐਸ. ਗੋਲਵਾਲਕਰ, ਜਿਸਨੂੰ ਸੰਘ ਪਰਿਵਾਰ "ਗੁਰੂ ਜੀ" ਕਹਿਕੇ ਸਤਿਕਾਰ ਕਰਦਾ ਹੈ, ਨੇ ਹਿਟਲਰ ਦੇ ਸਮੇਂ ਨੂੰ ਸਲਾਹੁੰਦਿਆਂ ਆਪਣੀ ਕਿਤਾਬ (ਵੂਈ ਔਰ ਅਵਰ ਨੇਸ਼ਨਹੁੱਡ ਡੀਫਾਈਂਡ ਦੇ ਪੰਨਾ 27 ਛਾਪ ਨਾਗਪੁਰ 1938) (We or Our nationhood Defined P. 27 Nagpur 1938) 'ਚ ਲਿਖਿਆ ਸੀ ਕਿ "ਜਰਮਨ ਕੌਮੀ ਮਾਣ ਅੱਜ ਦੇ ਸਮੇਂ ਦੀ ਚਰਚਾ ਬਣ ਗਿਆ ਹੈ। ਕੌਮ ਅਤੇ ਇਸਦੇ ਸਭਿਆਚਾਰ ਦੀ ਸ਼ੁੱਧਤਾ ਨੂੰ ਕਾਇਮ ਰੱਖਣ ਲਈ, ਜਰਮਨੀ ਨੇ ਆਪਣੇ ਦੇਸ਼ 'ਚੋਂ ਯਹੂਦੀ ਨਸਲਾਂ ਦਾ ਸਫਾਇਆ ਕਰਕੇ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਜਰਮਨੀ ਨੇ ਇਹ ਵੀ ਦਿਖਾ ਦਿੱਤਾ ਹੈ ਕਿ ਮੁੱਢੋਂ ਵੱਖ ਵੱਖ ਨਸਲਾਂ ਅਤੇ ਸਭਿਆਚਾਰ ਇੱਕ ਇਕਹਰੀ ਇਕਾਈ 'ਚ ਸੰਮਲਿਤ ਨਹੀਂ ਕੀਤੀਆਂ ਜਾ ਸਕਦੀਆਂ ਅਤੇ ਇਹ ਸਾਡੇ ਲਈ ਹਿੰਦੁਸਤਾਨ ਵਾਸਤੇ ਇੱਕ **ਚੰਗਾ ਸਬਕ ਹੈ ਅਤੇ ਸਾਨੂੰ ਇਸਤੋਂ ਲਾਭ ਉਠਾਉਣਾ ਚਾਹੀਦਾ ਹੈ**।[9]

ਹਰ ਹਿੰਦੁਸਤਾਨੀ ਸਿਆਣੇ ਲਈ ਗੋਲਵਾਲਕਰ ਦਾ ਇਸ਼ਾਰਾ ਹੀ ਕਾਫੀ ਹੈ। ਜੇਕਰ ਗੱਲ ਇਹ ਬਣ ਜਾਂਦੀ ਹੈ ਭਾਵ ਭਗਵਾਂਕਰਣ ਦਾ ਉਦੇਸ਼ ਪੂਰਾ ਹੋ ਜਾਂਦਾ ਹੈ ਤਾਂ ਸਾਡੇ ਦੇਸ਼ ਅੰਦਰ ਕੋਈ ਵੀ ਕਿਸੇ ਵੀ ਕਿਸਮ ਦਾ ਤੇ ਜਿੰਨਾ ਕੁ ਵੀ ਹੈ ਉਹ ਲੋਕਤਾਂਤਰਿਕ ਸੰਵਿਧਾਨ ਲਾਗੂ ਨਹੀਂ ਰਹੇਗਾਂ ਬਲਕਿ ਮਨੂੰ-ਸਮ੍ਰਿਤੀ ਦਾ ਕਾਨੂੰਨ ਲਾਗੂ ਹੋਵੇਗਾ। ਮਨੂੰ ਸਮ੍ਰਿਤੀ ਬਾਰੇ ਸਭ ਨੂੰ ਪਤਾ ਹੀ ਹੈ ਕਿ ਉਹ ਸਾਰੇ **ਬਾਕੀ ਪੰਨਾ** 33 **'ਤੇ**

ਯਾਦ ਕਰਦਿਆਂ

ਪਹਿਲੀ ਨੋਬਲ ਇਨਾਮ ਜੇਤੂ ਔਰਤ ਵਿਗਿਆਨਕ - ਮੇਰੀ ਕਿਊਰੀ



- ਰਾਜਪਾਲ ਸਿੰਘ

7 ਨਵੰਬਰ 1867 ਨੂੰ ਮੌਜੂਦਾ ਪੋਲੈਂਡ ਵਿੱਚ ਜਨਮੀ ਮੇਰੀ ਕਿਊਰੀ ਕੋਈ ਸਾਧਾਰਣ ਵਿਗਿਆਨਕ ਨਹੀਂ ਸੀ। ਉਹ ਨੋਬਲ ਇਨਾਮ ਪ੍ਰਾਪਤ ਕਰਨ ਵਾਲੀ ਪਹਿਲੀ ਔਰਤ ਸੀ, ਉਹ ਦੋ ਵਾਰ ਨੋਬਲ ਇਨਾਮ ਲੈਣ ਵਾਲੀ ਪਹਿਲੀ ਵਿਗਿਆਨਕ ਸੀ, ਉਹ ਵਿਗਿਆਨ ਦੇ ਖੇਤਰ ਵਿੱਚ ਡਾਕਟਰੇਟ ਦੀ ਡਿਗਰੀ ਹਾਸਲ ਕਰਨ ਵਾਲੀ ਪਹਿਲੀ ਔਰਤ ਸੀ, ਉਹ ਫਰਾਂਸ ਦੀ ਵਕਾਰੀ ਸਰਬੋਰਨ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਲੱਗਣ ਵਾਲੀ ਪਹਿਲੀ ਔਰਤ ਸੀ। ਇਸ ਤਰ੍ਹਾਂ ਆਪਣੀਆਂ ਪ੍ਰਾਪਤੀਆਂ ਨਾਲ ਵਿਗਿਆਨ ਦੀ ਤਰੱਕੀ ਵਿੱਚ ਵੱਡਾ ਯੋਗਦਾਨ ਪਾਉਣ ਦੇ ਨਾਲ-ਨਾਲ ਉਸਨੇ ਵਿਗਿਆਨ ਦੀ ਦੁਨੀਆਂ ਵਿੱਚ ਔਰਤਾਂ ਨੂੰ ਵੀ ਸਨਮਾਨਯੋਗ ਸਥਾਨ ਦਿਵਾਇਆ।



ਇਹ ਪ੍ਰਾਪਤੀਆਂ ਉਸਨੂੰ ਕੋਈ ਸਹਿਜੇ ਹੀ ਹਾਸਲ ਨਹੀਂ ਹੋ ਗਈਆਂ। ਇਨ੍ਹਾਂ ਪਿੱਛੇ ਉਸਦਾ ਬੇਮਿਸਾਲ ਸੰਘਰਸ਼ ਸੀ ਜਿਸਨੂੰ ਪੜ੍ਹ ਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ ਅਤੇ ਇਸ ਸੰਘਰਸ਼ ਦੇ ਪਿੱਛੇ ਉਸਦੀ ਵਿਗਿਆਨ ਨਾਲ ਜਨੂੰਨ ਦੀ ਹੱਦ ਤੱਕ ਪ੍ਰਤੀਬੱਧਤਾ ਸੀ। ਉਸ ਦੀਆਂ ਵਿਗਿਆਨਕ ਪ੍ਰਾਪਤੀਆਂ ਤਾਂ ਵੱਡੀਆਂ ਹਨ ਹੀ ਪਰ ਇਹ ਪ੍ਰਾਪਤੀਆਂ ਉਸਨੇ ਜਿਨ੍ਹਾਂ ਜੀਵਨ ਹਾਲਤਾਂ ਵਿੱਚੋਂ ਉੱਠ ਕੇ ਹਾਸਲ ਕੀਤੀਆਂ, ਉਹ ਉਸਦੇ ਜੀਵਨ ਨੂੰ ਵੱਧ ਮਹਾਨ ਅਤੇ ਪ੍ਰੇਰਨਾਦਾਇਕ ਬਣਾਉਂਦੀਆਂ ਹਨ। ਉਸਦੇ ਬਚਪਨ ਦੇ ਸਾਲਾਂ ਵਿਚ ਉਸਦਾ ਪਰਿਵਾਰ ਅੰਤਾਂ ਦੀ ਗਰੀਬੀ ਵਿੱਚੋਂ ਲੰਘ ਰਿਹਾ ਸੀ ਅਤੇ ਦੂਜੀ ਗੱਲ ਉਹ ਪੋਲਿਸ਼ ਕੌਮ ਨਾਲ ਸਬੰਧਿਤ ਸੀ ਜਿਸਨੂੰ ਉਸ ਸਮੇਂ ਰੂਸੀ ਕੌਮ ਨੇ ਬਹੁਤ ਦਬਾਇਆ ਹੋਇਆ ਸੀ ਅਤੇ ਪੜ੍ਹਨ ਲਿਖਣ ਦੀਆਂ ਬਹੁਤੀਆਂ ਸਹੂਲਤਾਂ ਖੋਹੀਆਂ ਹੋਈਆਂ ਸਨ। ਉਸਦਾ ਪਿਤਾ ਸਕੂਲ ਵਿੱਚ ਗਣਿਤ ਅਧਿਆਪਕ ਸੀ ਪਰ ਪੋਲੈਂਡ ਪ੍ਰਤੀ ਉਸ ਦੀਆਂ ਦੇਸ਼ ਭਗਤ ਭਾਵਨਾਵਾਂ ਕਾਰਣ ਉਸਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ। ਹੋਰ ਮਾੜੀ ਗੱਲ ਇਹ ਹੋਈ ਕਿ ਜਦ ਉਹ ਦਸ ਸਾਲ ਦੀ ਹੀ ਸੀ ਤਾਂ ਟੀ.ਬੀ. ਦੀ ਬਿਮਾਰੀ ਨਾਲ ਉਸਦੀ ਮਾਤਾ ਦਾ ਦੇਹਾਂਤ ਹੋ ਗਿਆ। ਸਕੂਲ ਵਿੱਚ ਉਸਨੇ ਗੋਲਡ ਮੈਡਲ ਪ੍ਰਾਪਤ ਕੀਤਾ ਪਰ ਉਸ ਸਮੇਂ ਦੇ ਗੁਲਾਮ ਪੋਲੈਂਡ ਵਿੱਚ ਇਕ ਔਰਤ ਦੇ ਅੱਗੇ ਪੜ੍ਹ ਸਕਣ ਦੀਆਂ ਕੋਈ ਸੰਭਾਵਨਾਵਾਂ ਨਹੀਂ ਸਨ। ਅਸਲ ਵਿੱਚ ਵਾਰਸਾ ਦੀ ਯੂਨੀਵਰਸਿਟੀ ਵਿੱਚ ਔਰਤਾਂ ਨੂੰ ਦਾਖਲ ਹੀ ਨਹੀਂ ਕੀਤਾ ਜਾਂਦਾ ਸੀ। ਇਨ੍ਹਾਂ ਹਾਲਤਾਂ ਵਿੱਚ ਮੇਰੀ ਅਤੇ ਉਸਦੀ ਭੈਣ ਇੱਕ "ਚਲਦੀ ਫਿਰਦੀ ਯੂਨੀਵਰਸਿਟੀ" ਵਿੱਚ ਸ਼ਾਮਲ ਹੋ ਗਈਆਂ। ਇਹ 'ਚਲਦੀ ਫਿਰਦੀ ਯੂਨੀਵਰਸਿਟੀ' ਪੋਲਿਸ਼ ਨੌਜਵਾਨਾਂ ਵੱਲੋਂ ਬਣਾਇਆ ਗਿਆ ਵੱਖ-ਵੱਖ ਵਿਸ਼ਿਆਂ 'ਤੇ ਗਿਆਨ ਦੇਣ ਲਈ ਇੱਕ ਸਟੱਡੀ ਸਰਕਲ ਸੀ ਜੋ ਰੂਸੀ ਅਧਿਕਾਰੀਆਂ ਦੀ ਨਿਗ੍ਹਾ ਤੋਂ ਬਚਣ ਲਈ ਬਦਲਵੀਆਂ ਥਾਵਾਂ 'ਤੇ ਰਾਤਾਂ ਨੂੰ ਚਲਾਇਆ ਜਾਂਦਾ ਸੀ। ਇਨ੍ਹਾਂ ਪੋਲਿਸ਼ ਨੌਜਵਾਨਾਂ ਦਾ ਵਿਸ਼ਵਾਸ ਸੀ ਕਿ ਉਨ੍ਹਾਂ ਦੀ ਸਿੱਖਿਆ ਪ੍ਰਾਪਤੀ ਪੋਲਿਸ਼ ਕੌਮ ਨੂੰ ਆਜ਼ਾਦ ਹੋਣ ਵਿੱਚ ਮਦਦ ਕਰੇਗੀ, ਸੋ ਜਿਸ ਖੇਤਰ ਦਾ ਕੋਈ ਮਾਹਰ ਹੁੰਦਾ ਉਹ ਦੂਸਰਿਆਂ ਨੂੰ ਉਸ ਬਾਰੇ ਸਿਖਿਅਤ ਕਰਦਾ।

ਪਰ ਇਹ ਸਪਸ਼ਟ ਸੀ ਕਿ ਇਸ ਤਰ੍ਹਾਂ ਹਾਸਲ ਕੀਤਾ ਗਿਆਨ, ਬਕਾਇਦਾ ਯੂਨੀਵਰਸਿਟੀਆਂ ਸਿੱਖਿਆ ਦਾ ਮੁਕਾਬਲਾ ਨਹੀਂ ਕਰ ਸਕਦਾ ਸੀ, ਇਸ ਕਰਕੇ ਦੋਵਾਂ ਭੈਣਾਂ ਦੀ ਤੀਬਰ ਇੱਛਾ ਸੀ ਕਿ ਉਹ ਪੈਰਿਸ ਦੀ ਯੂਨੀਵਰਿਸਟੀ ਵਿੱਚ ਸਿੱਖਿਆ ਹਾਸਲ ਕਰਨ। ਪਰ ਉਨ੍ਹਾਂ ਕੋਲੋਂ ਐਨੇ ਪੈਸੇ ਦਾ ਪ੍ਰਬੰਧ ਨਹੀਂ ਸੀ ਜਿਸ ਨਾਲ ਉਹ ਦੋਵੇਂ ਉੱਥੇ ਜਾ ਕੇ ਪੜ੍ਹ ਸਕਣ। ਇਸ ਹਾਲਤ ਵਿੱਚ ਮੇਰੀ ਕਿਊਰੀ ਨੇ ਪਹਿਲਾਂ ਆਪਣੀ ਵੱਡੀ ਭੈਣ ਬਰੋਨੀਆ ਨੂੰ ਪੈਰਿਸ ਭੇਜਿਆ ਅਤੇ ਉਸਦਾ ਖਰਚਾ ਚਲਾਉਣ ਲਈ ਆਪ ਤਿੰਨ ਸਾਲ ਘਰਾਂ ਵਿੱਚ ਆਯਾ ਦਾ ਕੰਮ ਕਰਦੀ ਰਹੀ। ਆਖਰ ਉਨ੍ਹਾਂ ਨੇ ਰਲ ਮਿਲ ਕੇ ਐਨੇ ਕੁ ਪੈਸੇ ਜੋੜ ਲਏ ਕਿ ਉਹ ਵੀ ਪੈਰਿਸ ਜਾ ਸਕੇ। ਇਸ ਤਰ੍ਹਾਂ 24 ਸਾਲ ਦੀ ਉਮਰ ਵਿਚ ਉਸਦਾ ਪੈਰਿਸ ਵਿਖੇ ਪੜ੍ਹਨ ਦਾ ਸੁਪਨਾ ਸਾਕਾਰ ਹੋਇਆ।

ਪੈਰਿਸ ਵਿੱਚ ਉਸਦੀ ਪੜ੍ਹਾਈ ਵੀ ਇੱਕ ਤਪੱਸਿਆ

ਹੀ ਸੀ। ਗਰੀਬੀ ਕਾਰਣ ਉਹ ਬਹੁਤ ਮਾੜੇ ਕਮਰੇ ਕਿਰਾਏ ’ਤੇ ਲੈਂਦੀ ਸੀ, ਠੰਢ ਨੂੰ ਦੂਰ ਰੱਖਣ ਲਈ ਉਸ ਕੋਲ ਲੋੜੀਂਦਾ ਕੋਲਾ ਵੀ ਨਹੀਂ ਹੁੰਦਾ ਸੀ, ਆਪਣੇ ਸਾਰੇ ਕੰਮ ਉਹ ਆਪ ਕਰਦੀ, ਆਉਣ ਜਾਣ ਦੇ ਪੈਸੇ ਬਚਾਉਣ ਲਈ ਉਹ ਪੈਦਲ ਹੀ ਚਲਦੀ ਪਰ ਪੜ੍ਹਾਈ ਦਾ ਉਸਨੂੰ ਐਨਾ ਜਨੂੰਨ ਸੀ ਕਿ ਐਨੀਆਂ ਮੁਸ਼ਕਿਲ ਹਾਲਤਾਂ ਦੇ ਬਾਵਜੂਦ ਉਸਨੇ ਸਾਇੰਸ ਵਿੱਚ ਮਾਸਟਰ ਡਿਗਰੀ ਯੂਨੀਵਰਸਿਟੀ ਵਿੱਚੋਂ ਫਸਟ ਰਹਿ ਕੇ ਹਾਸਲ ਕੀਤੀ। ਇਸ ਪ੍ਰਾਪਤੀ ’ਤੇ ਉਸਨੂੰ 600 ਰੂਬਲ ਦਾ ਸਕਾਲਰਸ਼ਿਪ ਮਿਲਿਆ ਜਿਸ ਦੇ ਆਸਰੇ ਉਸਨੇ ਅਗਲੇ ਸਾਲ ਗਣਿਤ ਵਿੱਚ ਮਾਸਟਰ ਡਿਗਰੀ ਹਾਸਲ ਕਰ ਲਈ।

ਇਸੇ ਦੌਰਾਨ ਉਸਨੂੰ ਵੱਖ-ਵੱਖ ਤਰ੍ਹਾਂ ਦੇ ਸਟੀਲ ਦੇ ਚੁੰਬਕੀ ਗੁਣਾਂ ਦਾ ਅਧਿਐਨ ਕਰਨ ਦਾ ਪ੍ਰੋਜੈਕਟ ਮਿਲਿਆ। ਇਸ ਸਬੰਧ ਵਿੱਚ ਉਸਦਾ ਮੇਲ ਆਪਣੇ ਤੋਂ ਦਸ ਸਾਲ ਵੱਡੇ ਪੀਅਰੇ ਕਿਊਰੀ ਨਾਲ ਹੋਇਆ ਜੋ ਬਹੁਤ ਜ਼ਹੀਨ ਵਿਗਿਆਨੀ ਸੀ। ਮੇਰੀ ਕਿਊਰੀ ਵਿੱਚ ਦੇਸ਼ ਭਗਤੀ ਦੀਆਂ ਭਾਵਨਾਵਾਂ ਬਹੁਤ ਬਲਵਾਨ ਸਨ ਅਤੇ ਉਹ ਵਾਪਸ ਪੋਲੈਂਡ ਜਾ ਕੇ ਅਧਿਆਪਕ ਲੱਗਣਾ ਚਾਹੁੰਦੀ ਸੀ ਤਾਂ ਜੋ ਆਪਣੇ ਦੇਸ਼ ਵਾਸੀਆਂ ਦੇ ਕੰਮ ਆ ਸਕੇ। ਉਹ ਪੋਲੈਂਡ ਚਲੀ ਵੀ ਗਈ ਪਰ ਪੀਅਰੇ ਉਸ ਦੀ ਪ੍ਰਤਿਭਾ ਨੂੰ ਪਛਾਣਦਾ ਸੀ। ਉਹ ਸਮਝਦਾ ਸੀ ਕਿ ਮੇਰੀ ਪੋਲੈਂਡ ਜਾ ਕੇ ਸਮਾਜ ਨੂੰ ਬਦਲਣ ਵਿੱਚ ਜਿੰਨ੍ਹਾਂ ਕੁ ਯੋਗਦਾਨ ਪਾ ਸਕਦੀ ਹੈ, ਪੈਰਿਸ ਰਹਿ ਕੇ ਉਹ ਵਿਗਿਆਨ ਦੇ ਖੇਤਰ ਵਿੱਚ ਉਸ ਨਾਲੋਂ ਕਿਤੇ ਜਿਆਦਾ ਯੋਗਦਾਨ ਪਾ ਸਕੇਗੀ। ਸੋ ਉਸਨੇ ਮੇਰੀ ਨੂੰ ਖ਼ਤ ਲਿਖ-ਲਿਖ ਕੇ ਵਾਪਸ ਆਉਣ ਲਈ ਮਨਾ ਲਿਆ। ਪੈਰਿਸ ਵਾਪਸ ਆ ਕੇ ਜੁਲਾਈ 1895 ਵਿਚ ਉਸਨੇ ਪੀਅਰੇ ਨਾਲ ਵਿਆਹ ਕਰਵਾ ਲਿਆ ਅਤੇ ਅਗਲੇ ਸਾਲ ਤੋਂ ਉਸਨੇ ਭੌਤਿਕ ਵਿਗਿਆਨ ਵਿੱਚ ਖੋਜ ਦਾ ਰਸਤਾ ਚੁਣ ਲਿਆ। ਉਨ੍ਹਾਂ ਸਾਲਾਂ ਵਿੱਚ ਰੋਇੰਟਜਨ ਨੇ ਐਕਸ ਕਿਰਨਾਂ ਦੀ ਖੋਜ ਕੀਤੀ ਸੀ ਅਤੇ ਵਿਗਿਆਨੀ ਬੈਕੁਅਰਲ ਨੇ ਯੂਰੇਨੀਅਮ ਵਿਚੋਂ ਕਿਸੇ ਪ੍ਰਕਾਰ ਦੀ ਰੇਡੀਏਸ਼ਨ ਨਿਕਲਣ ਦਾ ਪਤਾ ਲਗਾਇਆ ਸੀ। ਮੇਰੀ ਕਿਉਰੀ ਨੇ ਇਨ੍ਹਾਂ ਨਵੀਆਂ ਖੋਜਾਂ ਵਿੱਚ ਡਾਹਢੀ ਦਿਲਚਸਪੀ ਦਿਖਾਉਂਦਿਆਂ ਆਪਣੀ ਡਾਕਟਰੇਟ ਦੇ ਖੋਜ ਕਾਰਜ ਲਈ ਯੂਰੇਨੀਅਮ ਵਿੱਚੋਂ ਨਿਕਲਣ ਵਾਲੀ ਰੇਡੀਏਸ਼ਨ ’ਤੇ ਨੇਮਬੱਧ ਖੋਜ ਕਰਨ ਨੂੰ ਚੁਣਿਆ। ਪੀਅਰੇ ਨੂੰ ਵੀ ਇਹ ਖੇਤਰ ਮਹੱਤਵਪੂਰਨ ਲੱਗਿਆ ਅਤੇ ਉਹ ਵੀ ਮੇਰੀ ਦੇ ਨਾਲ ਹੀ ਇਸ ਦੀ ਖੋਜ ਵਿੱਚ ਜੁਟ ਗਿਆ। ਇਸ ਖੇਤਰ ਵਿਚ ਕੰਮ ਕਰਦਿਆਂ ਉਨ੍ਹਾਂ ਨੇ ਬਹੁਤ ਮਹੱਤਵਪੂਰਨ ਖੋਜਾਂ ਕੀਤੀਆਂ ਜਿਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ ਖੋਜ ਇੱਕ ਨਵੇਂ ਤੱਤ ਰੇਡੀਅਮ ਦੀ ਸੀ ਜੋ ਯੂਰੇਨੀਅਮ ਤੋਂ ਕਈ ਗੁਣਾਂ ਵੱਧ ਰੇਡੀਓਐਕਟਿਵ ਸੀ। ਫਿਰ ਉਸਨੇ ਇਕ ਹੋਰ ਨਵੇਂ ਤੱਤ ਦੀ ਖੋਜ ਕੀਤੀ ਜਿਸ ਦਾ ਨਾਮ ਉਸਨੇ ਆਪਣੇ ਦੇਸ਼ ਨੂੰ ਮਾਣ ਦੇਣ ਲਈ ਪੋਲੋਨੀਅਮ ਰੱਖਿਆ। ਉਸਨੇ ਰੇਡੀਏਸ਼ਨ ਨਿਕਲਣ ਦੀ ਪ੍ਰਕਿਰਿਆ ਦੀ ਵਿਆਖਿਆ ਕੀਤੀ ਅਤੇ ਇਸਨੂੰ ਰੇਡੀਓਐਕਟਿਵਟੀ ਦਾ ਨਾਮ ਦਿੱਤਾ। ਰੇਡੀਓਐਕਟਿਵਟੀ ’ਤੇ ਉਸਦੇ ਕੰਮ ਲਈ ਉਸਨੂੰ ਅਤੇ ਉਸਦੇ ਪਤੀ ਨੂੰ 1903 ਦਾ ਭੌਤਿਕ ਵਿਗਿਆਨ ਦੇ ਖੇਤਰ ਵਿੱਚ ਨੋਬਲ ਇਨਾਮ ਦਿੱਤਾ ਗਿਆ ਜਦ ਕਿ ਦੋ ਨਵੇਂ ਤੱਤ ਰੇਡੀਅਮ ਅਤੇ ਪੋਲੋਨੀਅਮ ਖੋਜਣ ਲਈ ਉਸਨੂੰ 1911 ਵਿੱਚ ਰਸਾਇਣ ਵਿਗਿਆਨ ਦਾ ਨੋਬਲ ਇਨਾਮ ਦਿੱਤਾ ਗਿਆ।

ਪਹਿਲੇ ਨੋਬਲ ਇਨਾਮ ਤੋਂ ਬਾਅਦ ਉਸਨੂੰ ਬਹੁਤ ਸ਼ੋਹਰਤ ਮਿਲੀ ਪਰ ਉਹ ਜੋੜੀ ਇਸ ਸ਼ੋਹਰਤ ਤੋਂ ਦੁਖੀ ਵੱਧ ਹੁੰਦੀ ਸੀ ਕਿਉਂਕਿ ਇਸ ਨਾਲ ਉਨ੍ਹਾਂ ਦੇ ਖੋਜ ਕਰਨ ਦੇ ਸ਼ਾਂਤ ਮਾਹੌਲ ਵਿੱਚ ਖਲਲ ਪੈਂਦਾ ਸੀ। ਉਹ ਅਸਲ ਆਨੰਦ ਤਾਂ ਆਪਣੀ ਖੋਜ ਦੇ ਕਾਰਜਾਂ ਵਿੱਚੋਂ ਹੀ ਲੈਂਦੀ ਸੀ। ਉਸਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਦੁਖਾਂਤ ਉਸ ਵੇਲੇ ਵਾਪਰਿਆ ਜਦ 1906 ਵਿੱਚ ਇੱਕ ਸੜਕ ਹਾਦਸੇ ਵਿੱਚ ਉਸਦੇ ਪਤੀ ਦੀ ਮੌਤ ਹੋ ਗਈ। ਪੀਅਰੇ ਨਾਲ ਉਸਨੂੰ ਬਹੁਤ ਪਿਆਰ ਸੀ, ਉਹ ਉਸਦਾ ਜੀਵਨ ਸਾਥੀ ਹੀ ਨਹੀਂ ਬਲਕਿ ਵਿਗਿਆਨ ਦਾ ਸਾਥੀ ਵੀ ਸੀ। ਉਸ ਲਈ ਇਹ ਬਹੁਤ ਵੱਡਾ ਸਦਮਾ ਸੀ ਜਿਸਨੂੰ ਬਰਦਾਸ਼ਤ ਕਰਨ ਲਈ ਉਸਨੇ ਆਪਣੇ ਆਪ ਨੂੰ ਖੋਜ ਕਾਰਜਾਂ ਵਿੱਚ ਹੋਰ ਡੁਬੋ ਲਿਆ।


ਅੱਜ ਕੈਂਸਰ ਦਾ ਜੋ ਮੁੱਖ ਇਲਾਜ ਹੈ ਉਹ ਰੇਡੀਏਸ਼ਨ ਰਾਹੀਂ ਹੀ ਹੈ। ਇਸ ਰੇਡੀਏਸ਼ਨ ਥਰੈਪੀ ਦੀ ਸ਼ੁਰੂਆਤ ਮੇਰੀ ਕਿਊਰੀ ਅਤੇ ਉਸਦੇ ਪਤੀ ਦੀਆਂ ਖੋਜਾਂ ਨਾਲ ਹੀ ਹੋਈ ਸੀ। ਉਸਨੇ ਮਨੁੱਖਤਾ ਨੂੰ ਇਹ ਵੱਡੀ ਦੇਣ ਦਿੱਤੀ ਪਰ ਉਸਦੀ ਖ਼ੁਦ ਦੀ ਮੌਤ 1934 ਵਿੱਚ ਬਲੱਡ ਕੈਂਸਰ ਨਾਲ ਹੋਈ ਜਿਸ ਦਾ ਕਾਰਣ ਖੋਜ ਕਾਰਜ ਦੌਰਾਨ ਉਸਦਾ ਹਰ ਸਮੇਂ ਰੇਡੀਓਐਕਟਿਵ ਵਿਕਿਰਣਾਂ ਵਿੱਚ ਘਿਰੇ ਰਹਿਣਾ ਸੀ। ਇਸ ਤਰ੍ਹਾਂ ਸ਼ਬਦਾਂ ਦੇ ਸਹੀ ਅਰਥਾਂ ਵਿੱਚ, ਉਸਨੇ ਵਿਗਿਆਨ ਨੂੰ ਆਪਣੇ ਖ਼ੂਨ ਦਾ ਆਖਰੀ ਕਤਰਾ ਤੱਕ ਅਰਪਿਤ ਕਰ ਦਿੱਤਾ।

98767-10809

ਉਹ ਕਿਵੇਂ ਕਵਿਤਾ ’ਚ ਕਰਦੇ
ਗੱਲ ਰਿਸ਼ੀ ਸ਼ੰਭੂਕ ਦੀ
ਜੋ ਦੁਸ਼ਾਲੇ ਲੈਣ ਲਈ
ਹਾਕਮ ਦੇ ਸੋਹਿਲੇ ਗਾ ਰਹੇ।

-ਅਜੇ ਤਨਵੀਰ

ਆਓ ਵਿਗਿਆਨਕ ਕਾਰਣ ਜਾਣੀਏ



– ਰਣਧੀਰ ਗਿੱਲਪੱਤੀ

ਵਿਦਿਆਰਥੀ ਦੋਸਤੋ, ਹੁਣ ਤੱਕ ਤੁਸੀਂ ਸਤੰਬਰ ਦੀ ਪ੍ਰੀਖਿਆ ਦੇ ਬੋਝ ਤੋਂ ਮੁਕਤ ਹੋ ਕੇ ਸਫ਼ਲਤਾ ਵੱਲ ਕਦਮ ਵਧਾਉਂਦੇ ਹੋਏ ਅਗਲੇਰੇ ਪਾਠਕਰਮ ਦੀ ਪੜ੍ਹਾਈ ਲਈ ਜੁਟ ਚੁੱਕੇ ਹੋਵੋਗੇ। ਬੀਤੇ ਸਮੇਂ ਦੌਰਾਨ ਵਿਗਿਆਨਕ ਨਿਯਮਾਂ ਦੀ ਜਾਣਕਾਰੀ ਹਾਸਿਲ ਕਰਨ ਦੀ ਲੜੀ ਨਾਲ ਜੁੜੇ ਰਹਿਣ ਕਾਰਣ ਉਮੀਦ ਹੈ ਕਿ ਹੁਣ ਵੀ ਤੁਹਾਡੇ ਮਨਾਂ ਅੰਦਰ ਕੁੱਝ ਹੋਰ ਜਾਣਨ ਦੀ ਜਿਗਿਆਸਾ ਕਾਇਮ ਹੋਵੇਗੀ। ਆਓ ਇੱਕ ਵਾਰ ਫਿਰ ਆਪਣੇ ਗਿਆਨ ਭੰਡਾਰ ਨੂੰ ਵਧਾਉਣ ਲਈ ਕੁੱਝ ਹੋਰ ਵਰਤਾਰਿਆਂ ਦੇ ਪਿੱਛੇ ਕੰਮ ਕਰਦੇ ਵਿਗਿਆਨ ਦੇ ਨਿਯਮਾਂ ਨੂੰ ਜਾਨਣ ਤੇ ਸਮਝਣ ਦਾ ਯਤਨ ਕਰੀਏ।

ਡਾਟਾਂ ਵਾਲੀ ਛੱਤ ਦੀ ਗੁਲਾਈ ਕਿਉਂ ਰੱਖੀ ਜਾਂਦੀ ਹੈ ?

ਅੱਜਕੱਲ੍ਹ ਦੇ ਮਕਾਨਾਂ, ਦੁਕਾਨਾਂ ਤੇ ਬਹੁਮੰਜਲੀ ਇਮਾਰਤਾਂ ਦੀਆਂ ਕੰਕਰੀਟ ਤੇ ਸੀਮਿੰਟ ਦੀਆਂ ਛੱਤਾਂ (ਆਰ.ਸੀ.ਸੀ.ਲੈਂਟਰ) ਪਾਉਣ ਦੀ ਵਿਕਸਿਤ ਤਕਨੀਕ ਤੋਂ ਪਹਿਲਾਂ, ਉੱਚ ਤੇ ਮੱਧ ਵਰਗ ਦੇ ਲੋਕ ਡਾਟਾਂ ਲਾ ਕੇ ਮਕਾਨਾਂ ਦੀਆਂ ਪੱਕੀਆਂ ਛੱਤਾਂ ਪਾਉਂਦੇ ਸਨ। ਇਹਨਾਂ ਛੱਤਾਂ ਦੀ ਮਜ਼ਬੂਤੀ ਲਈ ਡਾਟਾਂ ਨੂੰ ਚਾਪ ਦੀ ਤਰ੍ਹਾਂ ਵਿਚਕਾਰੋਂ ਉੱਚਾ ਕਰਕੇ ਕੁੱਝ ਗੋਲ ਆਕਾਰ ਦਿੱਤਾ ਜਾਂਦਾ ਸੀ। ਮਕਾਨ ਉਸਾਰੀ ਵਿੱਚ ਡਾਟਾਂ ਦਾ ਅਜਿਹਾ ਕੰਮ ਹੁਣ ਵੀ ਕਰੀਬ ਸਦੀ ਪਹਿਲਾਂ ਅੰਗਰੇਜ਼ੀ ਰਾਜ ਸਮੇਂ ਬਣੇ ਨਹਿਰਾਂ ਦੇ ਪੁਲਾਂ, ਪੁਰਾਣੇ ਘਰਾਂ ਵਿੱਚ ਦਲਾਨ ਦੇ ਦਰਵਾਜ਼ਿਆਂ ਜਾਂ ਮਕਾਨਾਂ ਦੀਆਂ ਛੱਤਾਂ ਵਿੱਚ ਦੇਖਿਆ ਜਾ ਸਕਦਾ ਹੈ। ਇਸ ਤਕਨੀਕ ਵਿੱਚ ਦਰਵਾਜ਼ੇ ਦੀ ਗੁਲਾਈਦਾਰ ਮਹਿਰਾਬ ਤੋਂ ਇਲਾਵਾ ਕਮਰੇ ਦੀਆਂ ਆਹਮੋ–ਸਾਹਮਣੇ ਦੀਆਂ ਕੰਧਾਂ ਉੱਪਰ ਬੀੜੇ ਦੋ ਗਾਰਡਰਾਂ ਦੇ ਵਿਚਕਾਰ ਕੁੱਬਦਾਰ ਡਾਟ ਲਗਾਈ ਜਾਂਦੀ ਸੀ। ਭਾਵੇਂ ਉਸ ਸਮੇਂ ਦੇ ਜ਼ਿਆਦਾਤਰ ਰਾਜ ਮਿਸਤਰੀ ਅਨਪੜ੍ਹ ਹੀ ਹੁੰਦੇ ਸਨ ਪਰ ਉਹਨਾਂ ਨੇ ਆਪਣੇ ਤਜਰਬੇ ਵਿੱਚੋਂ ਹੀ ਇਸ ਤਕਨੀਕ ਦਾ ਗਿਆਨ ਹਾਸਿਲ ਕੀਤਾ ਹੋਇਆ ਸੀ। ਤੁਹਾਡੇ ਮਨ ਵਿੱਚ ਇਹ ਸਵਾਲ ਉਠਣਾ ਸੁਭਾਵਿਕ ਹੈ ਕਿ ਛੱਤ ਜਾਂ ਦਰਵਾਜ਼ੇ ਦੀ ਮਹਿਰਾਬ ਦੀ ਮਜ਼ਬੂਤੀ ਲਈ ਡਾਟ ਨੂੰ ਗੁਲਾਈ ਦੇਣ ਦੀ ਜ਼ਰੂਰਤ ਕਿਉਂ ਪੈਂਦੀ ਸੀ ? ਇਸ ਕਲਾ ਦੇ ਪਿੱਛੇ ਕੰਮ ਕਰਦੇ ਵਿਗਿਆਨਕ ਕਾਰਣ ਨੂੰ ਆਸਾਨੀ ਨਾਲ ਸਮਝਣ ਲਈ ਆਓ ਕਿਸੇ ਪੁਰਾਣੇ ਮਹਿਰਾਬਦਾਰ ਦਰਵਾਜ਼ੇ ਉੱਪਰ ਲੱਗੀ ਲੱਗੀ ਅਜਿਹੀ ਡਾਟ ਨੂੰ ਦੇਖੀਏ ਜਿਸ ਨੂੰ ਪਲਸਤਰ ਨਾ ਕੀਤਾ ਗਿਆ ਹੋਵੇ ਤੇ ਡਾਟ ਦੀਆਂ ਇੱਟਾਂ ਦੀ ਚਿਣਾਈ ਸਾਫ਼ ਦਿਖਾਈ ਦਿੰਦੇ ਹੋਵੇ। ਤੁਸੀਂ ਦੇਖੋਗੇ ਕਿ ਰਾਜ ਮਿਸਤਰੀ ਨੂੰ ਦਰਵਾਜ਼ੇ ਦੀ ਮਹਿਰਾਬ ਦੀ ਚਿਣਾਈ ਕਰਦੇ ਹੋਏ ਦੋਵਾਂ ਪਾਸਿਆਂ ਵਾਲੇ ਮਜ਼ਬੂਤ ਥਮਲਿਆਂ ਤੋਂ ਚਿਣੇ ਹੋਏ ਰਦਿਆਂ ਨੂੰ ਚਾਪ ਦੀ ਤਰ੍ਹਾਂ ਗੁਲਾਈਦਾਰ ਆਕਾਰ ਦਿੱਤਾ ਹੋਇਆ ਹੈ। ਹਰ ਰਦੇ ਦੇ ਐਨ ਵਿਚਕਾਰ ਉੱਪਰੋਂ ਮੋਟੀ ਹੇਠਲੇ ਪਾਸਿਉਂ ਪਤਲੀ ਫਾਨੇ ਵਰਗੀ ਇੱਟ ਫਸਾਈ ਹੋਈ ਹੈ। ਇਹ 'ਫਾਨਾ' ਹੀ ਡਾਟ ਦੀ ਮਜ਼ਬੂਤੀ ਦਾ ਆਧਾਰ ਹੈ ਤੇ ਡਾਟ ਨੂੰ ਡਿੱਗਣੋ ਬਚਾ ਰਿਹਾ ਹੈ। ਅਜਿਹੇ ਫਾਨੇ ਡਾਟਦਾਰ ਛੱਤ ਦੀ ਹਰ ਡਾਟ ਦੇ ਹਰ ਰਦੇ ਵਿੱਚ ਵੀ ਲਾਏ ਹੁੰਦੇ ਹਨ। ਡਾਟ ਦੇ ਗੁਲਾਈਦਾਰ ਆਕਾਰ ਕਰਕੇ ਹੀ ਡਾਟ ਦੇ ਉੱਪਰ ਪਾਏ ਜਾਂਦੇ ਵਜ਼ਨ ਦਾ ਦਬਾਅ ਇਸ ਫਾਨੇ ਉੱਪਰ ਪੈਂਦਾ ਹੈ ਤੇ ਇਹ ਫਾਨਾ ਇਸ ਦਬਾਅ ਨੂੰ ਹੇਠਾਂ ਵੱਲ ਪੈਣ ਤੋਂ ਰੋਕ ਦੇ ਦੋਵੇਂ ਪਾਸਿਆਂ ਵੱਲ ਲੱਗੀਆਂ ਇੱਟਾਂ ਉੱਪਰ ਪਾਉਂਦਾ ਹੈ ਜੋ ਪਹਿਲਾਂ ਹੀ ਮਜ਼ਬੂਤੀ ਨਾਲ ਜੁੜੀਆਂ ਹੁੰਦੀਆਂ ਹਨ ਤੇ ਭਾਰੀ ਦਬਾਅ ਨੂੰ ਝੱਲਣ ਦੇ ਸਮਰੱਥ ਹੁੰਦੀਆਂ ਹਨ। ਇਸ ਕਿਸਮ ਦੀ ਉਸਾਰੀ ਦੀ ਖ਼ੂਬਸੂਰਤ ਮਿਸਾਲ–ਕਾਲਕਾ–ਸ਼ਿਮਲਾ ਰੇਲ ਮਾਰਗ ਤੇ ਕੰਡਾਘਾਟ ਤੇ ਕਨੋਹ ਸਟੇਸ਼ਨਾਂ ਦੇ ਵਿਚਕਾਰ ਬਣਿਆਂ ਪੁਲ ਨੰਬਰ 493 ਹੈ ਜੋ ਡਾਟਦਾਰ ਇੰਜੀਨੀਅਰਿੰਗ ਦਾ ਸ਼ਾਨਦਾਨ ਨਮੂਨਾ ਹੈ। ਕਰੀਬ ਸਵਾ ਸੌ ਸਾਲ ਪਹਿਲਾਂ ਘਾਟੀ 'ਚੋਂ ਕਰੀਬ 53 ਫੁੱਟ ਉੱਚਾ ਬਣਿਆ ਇਹ ਚਾਰ ਮੰਜ਼ਿਲਾ ਡਾਟਦਾਰ ਪੁਲ ਰੇਲ ਗੱਡੀ ਦਾ ਭਾਰੀ ਦਬਾਅ ਸਹਿਣ ਦੇ ਸਮਰੱਥ ਹੈ। ਹੁਣ ਇਸ ਦੇ ਮੁਕਾਬਲੇ ਜੇ ਇੱਟਾਂ ਦੀ ਬਿਲਕੁਲ ਪੱਧਰੀ ਚਿਣਾਈ ਕੀਤੀ ਹੋਵੇ ਤਾਂ ਉਹ ਅਤੀ ਕਮਜ਼ੋਰ ਸਾਬਤ ਹੋਵੇਗੀ ਤੇ ਜ਼ਿਆਦਾ ਦਬਾਅ ਨਹੀਂ ਝੱਲ ਸਕੇਗੀ ਕਿਉਂਕਿ ਇਸ ਉੱਪਰ ਪੈਣ ਵਾਲਾ ਦਬਾਅ ਪਾਸਿਆਂ ਨੂੰ ਪੈਣ ਦੀ ਬਜਾਏ ਸਾਰੀਆਂ ਇੱਟਾਂ ਨੂੰ ਹੇਠਾਂ ਵੱਲ ਧਕਦਾ ਹੈ ਤੇ ਡਾਟ ਦੇ ਡਿੱਗਣ ਦਾ ਕਾਰਣ ਬਣਦਾ ਹੈ। ਇਸ ਲਈ ਗੁਲਾਈਦਾਰ ਡਾਟ ਬਿਲਕੁਲ ਪੱਧਰੀ ਲਗਾਈ ਇੱਟਾਂ ਦੀ ਡਾਟ ਦੇ ਮੁਕਾਬਲੇ ਬਹੁਤ ਜ਼ਿਆਦਾ ਮਜ਼ਬੂਤ ਹੁੰਦੀ ਹੈ। ਦਿਲਚਸਪ ਗੱਲ ਇਹ ਹੈ ਕਿ ਇਹ ਫਾਨਾ ਉੱਪਰਲੇ ਪਾਸਿਉਂ ਪੈਣ ਵਾਲੇ ਦਬਾਅ ਨੂੰ ਹੀ ਰੋਕਦਾ ਹੈ, ਹੇਠੋਂ ਪਾਏ ਦਬਾਅ ਨੂੰ ਨਹੀਂ। ਇਸ ਲਈ ਗੁਲਾਈਦਾਰ ਡਾਟ ਨੂੰ ਉੱਪਰ ਨਾਲੋਂ ਹੇਠਲੇ ਪਾਸਿਉਂ ਬਲ ਲਗਾ ਕੇ ਤੋੜਨਾ ਆਸਾਨ ਹੁੰਦਾ

ਹੈ। ਇਸਦੀ ਇੱਕ ਉਦਾਹਰਣ ਮੁਰਗੀ ਦਾ ਆਂਡਾ ਵੀ ਹੈ ਜਿਸਦੀ ਬਣਤਰ ਡਾਟ ਵਾਂਗ ਗੁਲਾਈਦਾਰ ਹੋਣ ਕਾਰਣ ਦੋਵਾਂ ਹੱਥਾਂ ਦੀਆਂ ਤਲੀਆਂ ਵਿਚਕਾਰ ਦਬਾਉਣ ਨਾਲ ਆਸਾਨੀ ਨਾਲ ਨਹੀਂ ਟੁੱਟਦਾ ਜਦਕਿ ਇਸਦੇ ਅੰਦਰੋਂ ਨਿਕਲਣ ਵਾਲਾ ਚੂਚਾ ਇਸਨੂੰ ਮਾਮੂਲੀ ਦਬਾਅ ਨਾਲ ਹੀ ਤੋੜ ਕੇ ਬਾਹਰ ਆ ਜਾਂਦਾ ਹੈ।

ਸਰਦੀ ਦੀ ਰੁੱਤ ਵਿੱਚ ਕੋਟ ਸਾਨੂੰ ਗਰਮੀ ਨਹੀਂ ਦਿੰਦਾ, ਕਿਉਂ ?

ਵਿਦਿਆਰਥੀ ਦੋਸਤੋ, ਸਰਦੀ ਦੀ ਰੁੱਤ ਆ ਗਈ ਹੈ ਤੇ ਤੁਸੀਂ ਠੰਢ ਤੋਂ ਬਚਣ ਲਈ ਗਰਮ ਕੱਪੜੇ ਦਾ ਕੋਟ ਪਹਿਨਦੇ ਹੋ। ਸ਼ਾਇਦ ਤੁਸੀਂ ਸੋਚਦੇ ਹੋਵੋ ਕਿ ਸਰਦੀ ਵਿੱਚ ਪਹਿਨਿਆ ਕੋਟ ਤੁਹਾਨੂੰ ਗਰਮੀ ਦੇ ਰਿਹਾ ਹੈ। ਜੇ ਤੁਸੀਂ ਅਜਿਹਾ ਖਿਆਲ ਕਰਦੇ ਹੋ ਤਾਂ ਤੁਸੀਂ ਹੈਰਾਨ ਹੋਵੋਗੇ ਕਿ ਵਿਗਿਆਨਕ ਤੌਰ ’ਤੇ ਤੁਹਾਡਾ ਅਜਿਹਾ ਸੋਚਣਾ ਗਲਤ ਹੈ ਕਿਉਂਕਿ ਤੁਹਾਡਾ ਕੋਟ ਤਾਪਮਾਨ ਦਾ ਸਰੋਤ ਨਹੀਂ ਹੈ। ਬਗੈਰ ਤਾਪਮਾਨ ਦੇ ਸਰੋਤ ਤੋਂ ਗਰਮੀ ਹਾਸਿਲ ਨਹੀਂ ਕੀਤੀ ਜਾ ਸਕਦੀ। ਸੂਰਜ, ਬਿਜਲੀ ਦਾ ਹੀਟਰ, ਅੰਗੀਠੀ, ਚੁੱਲ੍ਹੇ ਦੀ ਅੱਗ, ਧੂਣੀ ਆਦਿ ਤਾਪਮਾਨ ਦੇ ਸਰੋਤ ਹਨ ਜੋ ਸਾਨੂੰ ਗਰਮੀ ਦਿੰਦੇ ਹਨ, ਪਰ ਕੋਟ ਨਹੀਂ। ਅਸਲ ਵਿੱਚ ਜਦੋਂ ਤੁਸੀਂ ਠੰਢ ਤੋਂ ਬਚਣ ਲਈ ਕੋਟ ਪਹਿਨਦੇ ਹੋ ਤਾਂ ਕੋਟ ਤੁਹਾਡੇ ਸਰੀਰ ਨੂੰ ਗਰਮੀ ਨੂੰ ਨਹੀਂ ਦੇ ਰਿਹਾ ਹੁੰਦਾ ਬਲਕਿ ਇਹ ਤੁਹਾਡੇ ਸਰੀਰ ਦੀ ਗਰਮੀ ਨੂੰ ਬਾਹਰਲੇ ਵਾਤਾਵਰਣ ਵਿੱਚ ਖਾਰਜ ਹੋਣ ਤੋਂ ਰੋਕ ਕੇ ਰੱਖਣ ਦਾ ਕੰਮ ਹੀ ਕਰਦਾ ਹੈ, ਜਿਸ ਨਾਲ ਤੁਸੀਂ ਨਿੱਘ ਮਹਿਸੂਸ ਕਰਦੇ ਹੋ। ਕੋਟ ਤਾਪ ਦਾ ਚੰਗਾ ਕੁਚਾਲਕ ਹੈ ਤੇ ਇਹ ਸਰੀਰ ਦੇ ਤਾਪ ਨੂੰ ਬਾਹਰ ਨਹੀਂ ਨਿਕਲਣ ਦਿੰਦਾ। ਕੰਬਲ, ਰਜਾਈ, ਸਵੈਟਰ, ਜੈਕਟ ਆਦਿ ਵੀ ਇਹੀ ਕੰਮ ਕਰਦੇ ਹਨ। ਖੁੱਲ੍ਹੇ ਆਸਮਾਨ ਹੇਠ ਪਈ ਬਰਫ਼ ਦੇ ਮੁਕਾਬਲੇ ਕੰਬਲ ਜਾਂ ਬੋਰੀ ਵਿੱਚ ਲਪੇਟੀ ਜਾਂ ਤੂੜੀ ਤੇ ਲੱਕੜੀ ਦੇ ਬੁਰਾਦੇ ਆਦਿ ਵਿੱਚ ਦੱਬੀ ਬਰਫ਼ ਦੇ ਜਲਦੀ ਨਾ ਪਿਘਲਣ ਦੇ ਮਾਮਲੇ ਵਿੱਚ ਵੀ ਵਿਗਿਆਨ ਦਾ ਇਹੀ ਨਿਯਮ ਕੰਮ ਕਰਦਾ ਹੈ। ਕੰਬਲ, ਬੋਰੀ, ਤੂੜੀ ਜਾਂ ਲੱਕੜੀ ਦਾ ਬੁਰਾਦਾ ਬਰਫ਼ ਦੀ ਠੰਢਕ ਨੂੰ ਬਾਹਰ ਖਾਰਜ ਹੋਣ ਤੋਂ ਅਤੇ ਬਾਹਰੀ ਤਾਪਮਾਨ ਦੇ ਪ੍ਰਭਾਵ ਨੂੰ ਬਰਫ਼ ਤੱਕ ਪਹੁੰਚਣ ਤੋਂ ਰੋਕਦਾ ਹੈ। ਦਿਲਚਸਪ ਗੱਲ ਇਹ ਹੈ ਕਿ ਬਰਫ਼ਾਨੀ ਇਲਾਕਿਆਂ ਵਿੱਚ ਜ਼ਮੀਨ ਉੱਪਰ ਪਈ ਬਰਫ਼ ਵੀ ਜ਼ਮੀਨ ਵਾਸਤੇ ਕੋਟ ਦਾ ਕੰਮ ਹੀ ਕਰਦੀ ਹੈ, ਕਿਉਂਕਿ ਬਰਫ਼ ਤਾਪ ਦੀ ਕੁਚਾਲਕ ਹੈ ਤੇ ਆਪਣੀ ਤਹਿ ਹੇਠਲੀ ਜ਼ਮੀਨ ਦੇ ਤਾਪਮਾਨ ਨੂੰ ਖਾਰਜ ਹੋਣ ਤੋਂ ਰੋਕਦੀ ਹੈ। ਸਿੱਟੇ ਵਜੋਂ ਬਰਫ਼ ਹੇਠਲੀ ਜ਼ਮੀਨ ਦਾ ਤਾਪਮਾਨ ਬਰਫ਼ ਨਾਲੋਂ ਜ਼ਿਆਦਾ ਰਹਿੰਦਾ ਹੈ। ਵਿਗਿਆਨੀਆਂ ਵੱਲੋਂ ਕੀਤੇ ਗਏ ਤਜਰਬਿਆਂ ਮੁਤਾਬਿਕ ਜ਼ਮੀਨ ਉੱਪਰ ਵਿਛੀ ਬਰਫ਼ ਦਾ ਤਾਪਮਾਨ ਜ਼ੀਰੋ ਡਿਗਰੀ ਸੈਲਸੀਅਸ ਹੁੰਦਾ ਹੈ ਜਦਕਿ ਇਸਦੇ ਹੇਠਾਂ ਜ਼ਮੀਨ ਦਾ ਤਾਪਮਾਨ ਕੁੱਝ ਜ਼ਿਆਦਾ ਹੁੰਦਾ ਹੈ ਤੇ ਇਹ ਦਸ ਡਿਗਰੀ ਸੈਲਸੀਅਸ ਤੱਕ ਵੀ ਹੋ ਸਕਦਾ ਹੈ। ਆਓ ਪਰਦੇ ਦੀ ਤਹਿ ਹੇਠਾਂ ਤਾਪਮਾਨ ਦੇ ਖਾਰਜ ਨਾ ਹੋਣ ਦੇ ਵਰਤਾਰੇ ਨੂੰ ਇੱਕ ਵੱਖਰੇ ਮਾਮਲੇ ਵਿੱਚ ਦੇਖੀਏ। ਅਜੇ ਵੀ ਬਹੁਤ ਸਾਰੇ ਖੇਤਰਾਂ ਵਿੱਚ ਔਰਤਾਂ ਘੁੰਡ ਕਢਦੀਆਂ ਹਨ। ਉਹ ਭਾਵੇਂ ਪਛੜੇ ਸਮਾਜਿਕ ਰਿਵਾਜ਼ਾਂ ਕਰਕੇ ਅਜਿਹਾ ਕਰਦੀਆਂ ਹਨ ਪਰ ਸਰਦੀ ਦੇ ਮੌਸਮ ਵਿੱਚ ਉਹਨਾਂ ਨੂੰ ਇਸਦਾ ਫਾਇਦਾ ਵੀ ਹੁੰਦਾ ਹੈ। ਚਿਹਰੇ ਅੱਗੇ ਕੀਤਾ ਪਰਦਾ ਗਰਮੀ ਨੂੰ ਰੋਕ ਕੇ ਰੱਖਣ ਦਾ ਕੰਮ ਕਰਦਾ ਹੈ ਤੇ ਉਹਨਾਂ ਦਾ ਚਿਹਰਾ ਨਿੱਘਾ ਰਹਿੰਦਾ ਹੈ।

ਡੂੰਘਾਈ ਜਾਣਨ ਲਈ ਸਮੁੰਦਰੀ ਜਹਾਜ਼ ਦੇ ਹੇਠਾਂ ਧਮਾਕਾ ਕੀਤਾ ਜਾਂਦਾ ਹੈ, ਕਿਉਂ ?

ਪੁਰਾਣੇ ਜ਼ਮਾਨੇ ਵਿੱਚ ਸਮੁੰਦਰ ਦੀ ਗਹਿਰਾਈ ਮਾਪਣ ਵਾਸਤੇ, ਸਮੁੰਦਰੀ ਬੇੜੇ ਤੋਂ ਲੋਹੇ ਦੀ ਮਜਬੂਤ ਤਾਰ ਦੇ ਸਿਰੇ ਨਾਲ ਭਾਰ ਬੰਨ੍ਹ ਕੇ ਇਸ ਨੂੰ ਹੇਠਾਂ ਸਮੁੰਦਰ ਦੇ ਤਲ ਵੱਲ ਭੇਜਿਆ ਜਾਂਦਾ ਸੀ। ਜਦੋਂ ਤਾਰ ਨਾਲ ਬੰਨ੍ਹਿਆਂ ਵਜ਼ਨ ਸਮੁੰਦਰ ਦੇ ਥੱਲੇ ਨਾਲ ਟਕਰਾਉਂਦਾ ਸੀ ਤਾਂ ਤਾਰ ਨੂੰ ਉੱਪਰ ਖਿੱਚਦੇ ਹੋਏ ਮਿਣਤੀ ਕਰਕੇ ਸਮੁੰਦਰ ਦੀ ਗਹਿਰਾਈ ਮਾਪੀ ਜਾਂਦੀ ਸੀ। ਅੱਜਕਲ੍ਹ ਨਵੀਂ ਤਕਨੀਕ ਨਾਲ ਸਮੁੰਦਰੀ ਜਹਾਜ਼ ਦੇ ਫ਼ਰਸ਼ ਦੇ ਹੇਠਲੇ ਪਾਸੇ ਧਮਾਕਾ ਕਰਕੇ ਪਾਣੀ ਵਿੱਚ ਇਸਦੀ ਗੂੰਜ ਦਾ ਸਮਾਂ ਨੋਟ ਕਰਕੇ ਸਾਗਰ ਦੀ ਡੂੰਘਾਈ ਮਾਪੀ ਜਾਂਦੀ ਹੈ। ਤਾਰ ਵਾਲੇ ਤਰੀਕੇ ਨਾਲ ਜਹਾਜ਼ ਨੂੰ ਰੋਕਣਾ ਪੈਂਦਾ ਸੀ ਤੇ ਇਸ ਨਾਲ ਸਮਾਂ ਵੀ ਬਹੁਤ ਖਰਚ ਹੁੰਦਾ ਸੀ। ਧਮਾਕੇ ਵਾਲੀ ਵਿਧੀ ਨਾ ਸਿਰਫ ਪੁਰਾਣੇ ਤਰੀਕੇ ਦੇ ਮੁਕਾਬਲੇ ਵੱਧ ਸ਼ੁੱਧਤਾ ਨਾਲ ਪੈਮਾਇਸ਼ ਕਰਦੀ ਹੈ ਬਲਕਿ ਇਸ ਨਾਲ ਜਹਾਜ਼ ਨੂੰ ਰੋਕਣ ਦੀ ਲੋੜ ਵੀ ਨਹੀਂ ਪੈਂਦੀ ਤੇ ਗਹਿਰਾਈ ਦੀ ਜਾਣਕਾਰੀ ਸਕਿੰਟਾਂ ਵਿੱਚ ਹੀ ਪ੍ਰਾਪਤ ਹੋ ਜਾਂਦੀ ਹੈ। ਧਮਾਕੇ ਦੀ ਗੂੰਜ ਸਮੁੰਦਰ ਦੇ ਥੱਲੇ ਨਾਲ ਟਕਰਾ ਕੇ ਵਾਪਸ ਪਹੁੰਚਦੀ ਹੈ ਤੇ ਇਸ ਗੂੰਜ ਦੇ ਸ਼ੁਰੂ ਹੋਣ ਤੋਂ ਪਰਤਣ ਤੱਕ ਦੇ ਸਮੇਂ ਨੂੰ ਅਤੀ ਸੰਵੇਦਨਸ਼ੀਲ ਘੜੀ ਨਾਲ ਨੋਟ ਕੀਤਾ ਜਾਂਦਾ ਹੈ ਜਿਸ ਨਾਲ ਸਹੀ ਗਹਿਰਾਈ ਦਾ ਪਤਾ ਲਾਇਆ ਜਾਂਦਾ ਹੈ। ਭਾਵੇਂ ਪਾਣੀ ਵਿੱਚ ਆਵਾਜ਼ ਦੀ ਰਫ਼ਤਾਰ ਪਾਣੀ ਦੇ ਤਾਪਮਾਨ ਅਨੁਸਾਰ ਵੱਧ ਘੱਟ ਹੋ ਸਕਦੀ ਹੈ ਪਰ ਪਾਣੀ ਦਾ ਔਸਤ ਤਾਪਮਾਨ 20 ਦਰਜੇ ਸੈਲਸੀਅਤ ਮੰਨ ਕੇ ਡੂੰਘਾਈ ਦਾ ਨਤੀਜਾ ਹਾਸਿਲ ਕੀਤਾ ਜਾਂਦਾ ਹੈ। ਇਸ ਤਾਪਮਾਨ ਤੇ ਸਮੁੰਦਰੀ ਪਾਣੀ ਵਿੱਚ ਆਵਾਜ਼ ਦੀ ਰਫ਼ਤਾਰ 1552 ਮੀਟਰ ਪ੍ਰਤੀ ਸਕਿੰਟ ਹੁੰਦੀ ਹੈ। ਜੇ ਧਮਾਕੇ ਦੀ ਗੂੰਜ ਚਾਰ ਸਕਿੰਟ ਵਿੱਚ ਪਰਤਦੀ ਹੈ ਤਾਂ ਸੰਬੰਧਿਤ ਖੇਤਰ ਦੇ ਸਮੁੰਦਰ ਦੀ ਡੂੰਘਾਈ (ਆਵਾਜ਼ ਦੇ ਜਾਣ ਆਉਣ ਦੇ ਸਮੇਂ ਦਾ ਅੱਧ ਭਾਵ ਦੋ ਸਕਿੰਟਾਂ ਅਨੁਸਾਰ) **ਬਾਕੀ ਪੰਨਾ** 33 **’ਤੇ**

ਭੋਜਨ ਕਿਹੜਾ ਖਾਈਏ



- ਡਾ. ਸੁਰੇਸ਼ ਰਤਨ

[ਡਾਕਟਰ ਸੁਰੇਸ਼ ਰਤਨ ਇਕ ਜੀਵ-ਵਿਗਿਆਨੀ ਹਨ ਜੋ ਮਨੁੱਖੀ ਉਮਰ ਤੇ ਬੁਢਾਪੇ ਬਾਰੇ ਆਪਣੀਆਂ ਵਿਗਿਆਨਕ ਖੋਜਾਂ ਕਰਕੇ ਸੰਸਾਰ ਪ੍ਰਸਿੱਧ ਹਨ। ਉਹ ਅੱਜਕੱਲ੍ਹ ਡੈਨਮਾਰਕ ਵਿਖੇ ਰਹਿ ਰਹੇ ਹਨ। ਇਹ ਲੇਖ ਉਨ੍ਹਾਂ ਦੇ ਕਰੋਨਾ ਵਾਇਰਸ ਕਰਕੇ ਲੌਕ-ਡਾਊਨ ਦਰਮਿਆਨ, ਅਪ੍ਰੈਲ-ਮਈ 2020 ਵਿਚ ਕੀਤੀ ਹੋਈ ਇਕ ਅਠੱਤੀ ਗੱਲਾਂ ਬਾਤਾਂ ਦੀ ਫੇਸਬੁੱਕ ਦੀ ਲੜੀ ਜੋ ਯੁਟਿਊਬ 'ਤੇ ਵੀ ਸੁਣੀ ਜਾ ਸਕਦੀ ਹੈ, ਦਾ ਲਿਖਤੀ ਰੂਪਾਂਤਰਣ ਹੈ, ਜਿਸਨੂੰ ਅਸੀਂ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਇਸ ਵਾਰ ਪੇਸ਼ ਹੈ ਲੜੀ ਨੰਬਰ 27 ਤੇ 28]

ਆਪਾਂ ਪਿਛਲੇ ਕੁੱਝ ਦਿਨਾਂ ਤੋਂ ਹੌਰਮੈਸਿਸ ਯਾਨਿ ਮਰਜ਼ੀ ਨਾਲ ਲਏ ਤਣਾਅ ਦੀ (Sress of Choice) ਗੱਲ ਕਰ ਰਹੇ ਹਾਂ। ਪਰ ਮੈਨੂੰ ਕਦੇ ਕਦੇ ਲਗਦਾ ਹੈ ਕਿ ਮੈਂ ਇਹ ਗੱਲ ਕਿੰਨ੍ਹਾਂ ਲੋਕਾਂ ਲਈ ਕਰ ਰਿਹਾਂ। ਉਨ੍ਹਾਂ ਲੋਕਾਂ ਲਈ ਜਿਨਾਂ ਕੋਲ ਐਸ਼ੋ ਆਰਾਮ ਹੈ, ਉੱਚ ਮੱਧਵਰਗ ਜਿਨ੍ਹਾਂ ਕੋਲ ਸਾਰੀਆਂ ਸਹੂਲਤਾਂ ਹਨ। ਪਰ ਆਮ ਬੰਦੇ ਨੂੰ ਤਾਂ ਰੋਟੀ ਦਾ ਤਣਾਅ ਹੀ ਪਿੱਛਾ ਨਹੀਂ ਛੱਡਦਾ। ਕਿੰਨੇ ਮਸਲੇ ਰੋਜ਼ ਖੜ੍ਹੇ ਹਨ ਤਣਾਅ ਦੇਣ ਲਈ। ਉਹ ਤਣਾਅ ਵਿਚ ਐਨਾ ਗ੍ਰਸਤ ਹੈ ਕਿ ਇਹ ਸਟਰੈਸ ਆਫ ਚੋਆਇਸ ਦੀ ਗੱਲ ਕੋਈ ਢੁੱਕਵੀਂ ਲੱਗਦੀ ਵੀ ਹੈ? ਇਸ ਬਾਰੇ ਆਪਣੇ ਆਪ ਨੂੰ ਹੀ ਸ਼ੱਕ ਜਿਹਾ ਹੋਣ ਲਗਦਾ ਹੈ। ਲੋਕਾਂ ਨੂੰ ਤਣਾਅ ਤੋਂ ਸਾਹ ਨਹੀਂ ਆ ਰਿਹਾ, ਉਸ ਵੇਲੇ ਤਣਾਅ ਲੈਣ ਦੀ ਮਰਜ਼ੀ ਤਾਂ ਕੀ ਕਰਨੀ? ਇਹ ਸੋਚ ਕਈ ਵਾਰ ਉਦੋਂ ਵੀ ਆਈ ਹੈ ਜਦੋਂ ਮੈਂ ਭਾਰਤ ਆਉਂਦਾ ਹਾਂ, ਲੈਕਚਰ ਦਿੰਦਾ ਹਾਂ, ਵਿਗਿਆਨਕ ਸੋਚ ਬਾਰੇ, ਨੈਤਿਕਤਾ ਬਾਰੇ। ਫਿਰ ਦੇਖਦਾ ਕਿ ਕੁੱਝ ਬਦਲ ਤਾਂ ਰਿਹਾ ਨਹੀਂ, ਪਰਨਾਲਾ ਉੱਥੇ ਦਾ ਉੱਥੇ ਹੀ ਹੈ। ਬੜੇ ਨਿਰਾਸ਼ ਜਿਹੇ ਹੋਣਾ। ਇਸੇ ਤਰ੍ਹਾਂ ਇੱਕ ਵਾਰ ਮੈਂ ਨਿਰਾਸ਼ਾ ਜਿਹੀ ਦੇ ਮੂਡ ਵਿੱਚ ਜੇ ਐਨ ਯੂ ਵਿੱਚ ਆਪਣੇ ਪੁਰਾਣੇ ਟੀਚਰਾਂ ਨਾਲ ਬੈਠਾ ਸਾਂ। ਮੈਂ ਇਸੇ ਤਰ੍ਹਾਂ ਕਹਿ ਬੈਠਾ ਕਿ ਮੈਨੂੰ ਕਦੇ ਕਦੇ ਲੱਗਦਾ ਹੈ ਕਿ ਮੈਂ ਐਵੇਂ ਹੀ ਲੈਕਚਰ ਦਿੰਦਾ ਰਹਿੰਦਾ ਹਾਂ ਇਸ ਦੀ ਕਿਸੇ ਨੂੰ ਲੋੜ ਵੀ ਕੋਈ ਨਹੀਂ, ਕਦਰ ਵੀ ਕੋਈ ਨਹੀਂ। ਉੱਥੇ ਬੈਠੇ ਮੇਰੇ ਟੀਚਰ ਮੈਨੂੰ ਵਿਅੰਗ ਨਾਲ ਕਹਿੰਦੇ, "ਅੱਛਾ ਤੂੰ ਇਹ ਦੱਸ, ਤੂੰ ਹੋਰ ਕੀ ਕਰ ਸਕਦਾ ਹੈ, ਸਮੋਸੇ ਤਲਣੇ ਆਉਂਦੇ ਨੇ ਤੈਨੂੰ?" ਮੈਂ ਕਿਹਾ ਜੀ ਨਹੀਂ। ਕਹਿੰਦੇ ਫਿਰ ਚੱਜ ਦਾ ਕੰਮ ਤੇ ਤੈਨੂੰ ਆਉਂਦਾ ਕੋਈ ਨਹੀਂ, ਫਿਰ ਜਿਹੜੀ ਆਪਣੀ ਜ਼ਿੰਦਗੀ ਵਿੱਚ ਤੂੰ ਪੜ੍ਹਾਈ ਕੀਤੀ ਐ, ਜੋ ਤੇਰੀ ਸੋਚ, ਤੇਰੀ ਸਮਝ ਬਣੀ ਹੈ, ਤੂੰ ਇਹੀ ਸਾਂਝੀ ਕਰ ਸਕਦਾ ਹੈਂ, ਇਹ ਕਰੀ ਚੱਲ। ਏਥੋਂ ਮੈਨੂੰ ਇਹੀ ਸਬਕ ਮਿਲਿਆ ਕਿ ਮੈਨੂੰ ਆਪਣੇ ਕੰਮ ਦੀ ਜਿੰਨੀ ਵੀ ਸਮਝ ਹੈ, ਉਹ ਇਮਾਨਦਾਰੀ ਨਾਲ ਸਾਂਝੀ ਕਰਨੀ ਚਾਹੀਦੀ ਹੈ।

ਸਤਾਈਵੇਂ ਦਿਨ ਆਪਣੀ ਗੱਲਬਾਤ ਵਿੱਚ ਅੱਜ ਅਸੀਂ ਚਰਚਾ ਕਰਾਂਗੇ ਕਿ ਜ਼ਿੰਦਗੀ ਵਿੱਚ ਹਾਰਮੈਟਿਕ ਢੰਗ ਤਰੀਕਿਆਂ ਨੂੰ ਕਿਵੇਂ ਇਸਤੇਮਾਲ ਕਰਨਾ ਹੈ? ਹਾਰਮੈਟਿਕ ਤਰੀਕੇ ਇੱਕ ਪੁੜੀ ਵਾਂਗ ਨਹੀਂ ਹੁੰਦੇ, ਜੋ ਝੱਟ ਲਾਗੂ ਕੀਤੇ ਤੇ ਅਸਰ ਦਿਖਾਉਣ ਲੱਗਣ। ਇਨ੍ਹਾਂ ਨੂੰ ਵਰਤਣ ਸਮੇਂ ਆਪਣਾ ਦਿਮਾਗ ਵੀ ਵਰਤੋਂ ਵਿੱਚ ਲਿਆਉਣਾ ਬੜਾ ਜਰੂਰੀ ਹੁੰਦਾ ਹੈ। ਹਾਰਮੇਸਿਸ ਦੇ ਮੁੱਢਲੇ ਸਿਧਾਂਤਾਂ ਦੀ ਉਪਯੋਗਤਾ ਨੂੰ ਇੱਕ ਵਾਰ ਫਿਰ ਸਮਝਾਉਣ ਦਾ ਯਤਨ ਕਰ ਰਿਹਾ ਹਾਂ। ਇੱਕ ਗ੍ਰਾਫ ਦਿਖਾ ਰਿਹਾ ਹਾਂ, ਜਿਸ ਵਿੱਚ ਇਕ ਪਾਸੇ ਸਿਹਤ ਹੈ ਦੂਜੇ ਪਾਸੇ ਤਣਾਉ। ਇਹ ਤਣਾਅ ਤੇ ਸਿਹਤ ਵਿਚ ਸਬੰਧਾਂ ਦੇ ਦੋ ਹਿੱਸਿਆਂ ਨੂੰ ਦਰਸਾਉਂਦਾ ਹੈ। ਪਹਿਲੇ ਪੱਧਰ 'ਤੇ ਤਣਾਅ ਵਧਣ ਨਾਲ ਸਿਹਤ ਵਿੱਚ ਸੁਧਾਰ ਹੁੰਦਾ ਹੈ। ਇਸ ਤੋਂ ਅੱਗੇ ਤਣਾਅ ਵਧਣ ਨਾਲ ਸਿਹਤ ਵਿੱਚ ਵਿਗਾੜ ਆਉਣ ਲੱਗਦਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਸਿਹਤ ਦੇ ਸੰਦਰਭ ਵਿੱਚ ਹਾਰਮੈਟਿਕ ਤਰੀਕਿਆਂ ਨੂੰ ਕਿੰਝ ਇਸਤੇਮਾਲ ਕਰੀਏ? ਆਓ ਕਾਸਮੈਟਿਕ ਦੀ ਇਕ ਮਿਸਾਲ ਲੈਂਦੇ ਹਾਂ। ਕਾਸਮੈਟਿਕਸ ਰੂਪ ਸਜਾ ਦਾ ਇਕ ਸਤਹੀ ਜਾਂ ਬਣਾਵਟੀ ਜਿਹਾ ਤਰੀਕਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਕਾਸਮੈਟਿਕਸ ਦੀ ਚੋਣ ਕਿਵੇਂ ਕਰੀਏ? ਉਂਝ ਦੇਖਣ ਵਿੱਚ ਆਇਆ ਹੈ ਕਿ ਇਕ ਕਾਸਮੈਟਿਕ ਕਰੀਮ ਦੱਸ ਰੁਪਏ ਕੀਮਤ ਵਾਲੀ ਹੁੰਦੀ ਹੈ, ਦੂਜੀ ਹਜਾਰ ਰੁਪਏ ਦੀ ਆਉਂਦੀ ਹੈ। ਪਰਖ ਕਰਕੇ ਦੇਖਿਆ ਗਿਆ ਹੈ ਕਿ ਦੋਹਾਂ ਵਿੱਚ ਕੋਈ ਬਹੁਤਾ ਫਰਕ ਨਹੀਂ ਹੁੰਦਾ। ਦੋਵੇਂ ਨਮੀ ਦੇਣ ਵਾਲੇ ਪਦਾਰਥ (Moisturiser) ਹੀ ਹੁੰਦੇ ਹਨ, ਜਿਸ ਨਾਲ ਸਿਵਾਏ ਮਾਨਸਿਕ ਅਤੇ ਮਨੋਵਿਗਿਆਨਿਕ ਪ੍ਰਭਾਵ ਤੋਂ ਇਲਾਵਾ ਹੋਰ ਕਿਸੇ ਪੱਖ ਦੀ ਪੂਰਤੀ ਨਹੀਂ ਹੁੰਦੀ। ਅਸੀਂ ਇੱਥੇ ਹਾਰਮੇਟਿਕ ਦੇ ਸਿਧਾਂਤ ਵੀ ਲਾਗੂ ਕਰ ਸਕਦੇ ਹਾਂ। ਮਾਨਸਿਕ ਤੌਰ 'ਤੇ ਤੁਹਾਨੂੰ ਲੱਗੇ ਕਿ ਤੁਸੀਂ ਕੋਈ ਮਹਿੰਗੀ ਜਿਹੀ ਕਰੀਮ ਇਸਤੇਮਾਲ ਕਰ ਰਹੇ ਹੋ ਤਾਂ ਉਹ ਅਸਰਦਾਰ ਵੀ ਹੋਵੇਗੀ ਹੀ। ਕਾਸਮੈਟਿਕਸ ਉਹੀ ਖਰੀਦੀਆਂ ਜਾਣੀਆਂ ਚਾਹੀਦੀਆਂ ਹਨ, ਜਿੰਨ੍ਹਾ ਦੀ ਕੀਮਤ ਸਾਡੇ ਖਰਚ ਕਰਨ ਦੀ ਸਮਰੱਥਾ ਤੋਂ ਘੱਟੋ-ਘੱਟ 30

ਪ੍ਰਤੀਸ਼ਤ ਵੱਧ ਹੋਵੇ ਤਾਂ ਕਿ ਇਸ ਦੇ ਕਾਰਨ ਤੁਹਾਡੇ ਮਨ ’ਤੇ ਤਣਾਉ ਪੈਦਾ ਹੋਵੇ, ਉਹ ਤਣਾਉ ਹਾਰਮੈਟਿਕ ਦੇ ਸਿਧਾਂਤ ਮੁਤਾਬਿਕ ਤੁਹਾਡੇ ’ਤੇ ਵਧੇਰੇ ਮਾਨਸਿਕ ਪ੍ਰਭਾਵ ਪਾਵੇਗਾ ਤੇ ਤੁਹਾਨੂੰ ਉਸਦਾ ਫਾਇਦਾ ਲੱਗੇਗਾ। ਉਂਝ ਸਪਾ ਸੈਂਟਰ ਜਾਣਾ, ਤਰ੍ਹਾਂ ਤਰ੍ਹਾਂ ਦੀਆਂ ਮਾਲਿਸ਼ਾਂ ਜਾਂ ਮਸਾਜ ਕਰਾਉਣੇ, ਅਜੋਕੇ ਜੀਵਨ ਦਾ ਆਪਣਾ ਇਕ ਅੰਦਾਜ਼ ਹੈ। ਇਸ ਤਰ੍ਹਾਂ ਦੇ ਤਰੀਕੇ ਸਿਹਤ ਵਿੱਚ ਸੁਧਾਰ ਅਤੇ ਸਿਹਤ ਦਾ ਸਾਂਭ ਸੰਭਾਲ ਵਿੱਚ ਸੁਚਾਰੂ ਭੂਮਿਕਾ ਨਿਭਾ ਸਕਦੇ ਹਨ।


ਜਿਉਣ ਦਾ ਹੌਰਮੈਟਿਕ ਢੰਗ ਦਰਅਸਲ ਜ਼ਿੰਦਗੀ ਪ੍ਰਤੀ ਪੂਰਾ ਨਜ਼ਰੀਆ/ਵਿਹਾਰ ਹੈ। ਜਿਉਣ ਦੇ ਹੌਰਮੈਟਿਕ ਢੰਗ ਦੇ ਤਿੰਨ ਥੰਮ ਨੇ, ਭੋਜਨ, ਸਰੀਰਕ ਗਤੀਵਿਧੀਆਂ ਤੇ ਸਾਡੀਆਂ ਸਮਾਜਕ ਤੇ ਮਾਨਸਿਕ ਸਰਗਰਮੀਆਂ ਉਸ ਵਿਚ ਆ ਜਾਂਦੀਆ ਹਨ। ਇਸ ਵਿੱਚ ਸਰੀਰਕ ਅਤੇ ਮਨੋ ਵਿਗਿਆਨਿਕ ਪੱਖ ਵੀ ਵਿਚਾਰੇ ਜਾ ਸਕਦੇ ਹਨ। ਆਪਾਂ ਭੋਜਨ ’ਤੇ ਹੀ ਇਸ ਸੰਦਰਭ ਵਿੱਚ ਵਿਚਾਰ ਕਰਦੇ ਹਾਂ। ਵਿਗਿਆਨ ਜਦੋਂ ਭੋਜਨ ਦੀ ਗੱਲ ਕਰਦਾ ਹੈ ਤਾਂ ਪੋਸ਼ਣ (Nutrition) ਦੀ ਗੱਲ ਕਰਦਾ ਹੈ ਜਾਣੀ ਕਿ ਭੋਜਨ ਖਾਣ ਨਾਲ ਸਾਡੇ ਸਰੀਰ ਨੂੰ ਕਿੰਨੇ ਪ੍ਰੋਟੀਨ, ਕਾਰਬੋਹਾਈਡ੍ਰੇਟਸ, ਚਰਬੀ, ਕੈਲੋਰੀਆਂ, ਕਿੰਨੇ ਹਾਰਮੋਟਿਨ (ਮਸਾਲੇ ਆਦਿ) ਮਿਲਦੇ ਹਨ ? ਪੋਸ਼ਣ ਦੇ ਖੇਤਰ ਵਿੱਚ ਕਾਫੀ ਖੋਜ ਅਧਿਐਨ ਵੀ ਚੱਲ ਰਿਹਾ ਹੈ। ਖਾਣਾ ਸਾਡੇ ਸਭਿਆਚਾਰ ਨਾਲ ਜੁੜਿਆ ਹੁੰਦਾ ਹੈ। ਜਦੋਂ ਡੈਨਮਾਰਕ ਦਾ ਕੋਈ ਬੰਦਾ ਕਵ੍ਹੇ ਕਿ ਅੱਜ ਮੈਂ ਚਿਕਨ ਖਾਧਾ ਹੈ ਤਾਂ ਇਹ ਉਹ ਸਾਡੇ ਵਾਲਾ ਮਸਾਲਾ ਚਿਕਨ ਜਾਂ ਤਰੀ ਵਾਲਾ ਚਿਕਨ ਨਹੀਂ ਹੁੰਦਾ। ਇਹ ਤਾਂ ਬੱਸ ਉੱਬਲਿਆ ਹੋਇਆ ਤੇ ਥੋੜ੍ਹਾ ਜਿਹਾ ਲੂਣ ਵਾਲਾ ਚਿਕਨ ਹੋਵੇਗਾ। ਖੋਜੀ ਮੈਡੀਟੀਰੀਅਨ ਭੋਜਨ ਦਾ ਜਿਕਰ ਵੀ ਕਰਦੇ ਹਨ, ਇਹ ਉਹ ਖਾਣਾ ਹੁੰਦਾ ਜੋ ਖਾਸ ਖਿੱਤੇ ਦੇ ਲੋਕ ਬਿਨ੍ਹਾਂ ਫੂਡ ਵੈਲਯੂ ਦੇਖੇ ਪੂਰੇ ਮਨ ਨਾਲ ਰੱਜ ਕੇ ਖਾਂਦੇ ਹਨ। ਐਪੀਕਿਊਰੀਅਨ ਫਿਲਾਸਫੀ ਮੁਤਾਬਿਕ–ਭੋਜਨ ਜਦੋਂ ਵੀ ਖਾਣਾ ਹੋਵੇ, ਚੰਗੀ ਸੰਗਤ ਵਿੱਚ ਬੈਠ ਕੇ ਖਾਣਾ ਚਾਹੀਦਾ ਹੈ। ਕੱਲੇ ਕੱਲੇ ਬੈਠ ਕੇ ਖਾਣਾ ਖਾਣ ਦੇ ਵੀ ਮਾੜੇ ਅਸਰ ਦੇਖਣ ਵਿੱਚ ਆਏ ਹਨ।

ਫਿਰ ਸੁਆਲ ਆਉਂਦਾ ਹੈ ਕਿ ਭੋਜਨ ਕਿਹੜਾ ਖਾਈਏ ? ਭੋਜਨ ਦਾ ਪਹਿਲਾ ਗੁਣ ਜਿਸ ਨੂੰ ਆਮ ਤੌਰ ’ਤੇ ਮੈਡੀਕਲ ਦੇ ਖੇਤਰ ਵਿਚ ਵੀ ਨਜ਼ਰਅੰਦਾਜ਼ ਕਰ ਦਿਤਾ ਜਾਂਦਾ ਹੈ, ਉਹ ਹੈ ਪ੍ਰਸੰਨਤਾ। ਹੌਰਮੈਟਿਕ ਜੀਵਣ ਜਾਚ ਦਾ ਇਹ ਪਹਿਲਾ ਅਸੂਲ ਹੈ। ਮੈਂ ਉਹ ਭੋਜਨ ਖਾਣ ਦੀ ਕੋਸ਼ਿਸ਼ ਕਰਦਾ ਹਾਂ ਜੀਹਦੇ ਨਾਲ ਮੈਨੂੰ ਪ੍ਰਸੰਨਤਾ ਮਿਲੇ। ਜਿਹੜਾ ਭੋਜਨ ਖਾਕੇ ਤੁਹਾਨੂੰ ਅਨੰਦ ਨਹੀਂ ਆਉਂਦਾ ਉਹ ਲੰਮੇ ਸਮੇਂ ਵਿਚ ਤੁਹਾਨੂੰ ਫਾਇਦਾ ਨਹੀਂ ਪਹੁੰਚਾ ਸਕਦਾ। ਭੋਜਨ ਕੋਈ ਦਵਾਈ ਨਹੀਂ ਹੈ ਕਿ ਜਿਸਨੂੰ ਖਾਣ ਦਾ ਕੌੜਾ ਘੁੱਟ ਭਰਨਾ ਪਵੇ। ਪਰ ਪ੍ਰਸੰਨਤਾ ਮੈਨੂੰ ਕੀ ਖਾਕੇ ਮਿਲਦੀ ਹੈ, ਇਹ ਬੜਾ ਗੁੰਝਲਦਾਰ ਸੁਆਲ ਹੈ। ਮੈਕਡੋਨਲਡ ਦਾ ਬਰਗਰ ਜਾਂ ਸਮੋਸੇ ਖਾਣਾ ਪ੍ਰਸੰਨਤਾ ਦਿੰਦਾ ਹੈ। ਪਰ ਖਾਣ ਤੋਂ 15 ਕੁ ਮਿੰਟ ਬਾਦ ਬੰਦਾ ਆਪਣੇ ਆਪ ਨੂੰ ਕੋਸਣ ਵੀ ਲਗਦਾ ਹੈ ਕਿ ਮੈਨੂੰ ਇਹ ਨਹੀਂ ਖਾਣਾ ਚਾਹੀਦਾ ਸੀ ਕਿਉਂਕਿ ਸਮੋਸੇ ਤੇਲ ਵਿਚ ਤਲੇ ਹੁੰਦੇ ਹਨ ਜਿੰਨ੍ਹਾਂ ਨਾਲ ਤੇਜ਼ਾਬ ਬਣਦਾ ਹੈ। ਏਥੋਂ ਤੈਅ ਹੁੰਦਾ ਹੈ ਕਿ ਪ੍ਰਸੰਨਤਾ ਕਿਹੜੀ ਹੋਵੇ। ਅਸੀਂ ਵਿਗਿਆਨੀਆਂ ਨੇ ਫਿਰ ਇਸ ਦਾ ਇੱਕ ਕੰਮ ਚਲਾਊ ਨਿਯਮ ਬਣਾਇਆ ਹੈ ਕਿ ਜੇ ਅਸੀਂ ਆਪਣੇ ਸੁਆਦ ਜਾਂ ਖੁਸ਼ੀ ਲਈ ਕੁੱਝ ਖਾਧਾ ਹੈ ਤਾਂ ਇਹ ਖੁਸ਼ੀ ਘੱਟੋ ਘੱਟ 72 ਘੰਟੇ ਤੱਕ ਰਵ੍ਹੇ। ਮੈਂ ਘੱਟੋ ਘੱਟ ਦੋ ਜਾਂ ਤਿੰਨ ਦਿਨ ਕਿਸੇ ਗਿਲਾਨੀ ਦਾ ਸ਼ਿਕਾਰ ਨਾ ਹੋਵਾਂ ਕਿ ਮੈਂ ਕੁੱਝ ਗਲਤ ਖਾਧਾ ਹੈ।

ਇਸੇ ਤਰ੍ਹਾਂ ਸਰੀਰਕ ਗਤੀਵਿਧੀਆਂ ਜਾਂ ਕਸਰਤ ’ਤੇ ਵੀ ਪ੍ਰਸੰਨਤਾ ਵਾਲੀ ਗੱਲ ਲਾਗੂ ਹੁੰਦੀ ਹੈ। ਕਈ ਵਾਰ ਕਸਰਤ ਵੀ ਜਬਰਦਸਤੀ ਵਾਂਗ ਹੀ ਕੀਤੀ ਜਾਂਦੀ ਹੈ। ਜਿਵੇਂ ਮੈਂ ਇਕ ਜਿੰਮ ਦੀ ਮੈਂਬਰਸ਼ਿਪ ਤਾਂ ਲੈ ਲਈ ਸੀ ਪਰ ਮੈਂ ਜਾਂਦਾ ਕਦੇ ਕਦੇ ਹੀ ਸਾਂ ਤੇ ਉੱਥੇ ਜਾਕੇ ਵੀ ਮੈਨੂੰ ਕੋਈ ਅਨੰਦ ਨਹੀਂ ਸੀ ਆਉਂਦਾ। ਜਿਮ ਦੀ ਕਸਰਤ ਦੀ ਥਾਂ ਮੈਨੂੰ ਸੈਰ ਕਰਨ ਵਿਚ ਅਨੰਦ ਮਿਲਦਾ। ਆਪਣੇ ਦਫਤਰ ਤੋਂ ਘਰ ਆਉਣ ਲਈ ਮੈਂ ਲੰਮਾ ਰਸਤਾ ਚੁਣਦਾ ਜਿਸਦੇ ਰਸਤੇ ਵਿਚ ਪਾਰਕ ਵੀ ਆਉਂਦਾ ਸੀ। ਘਰ ਆਕੇ ਫਿਰ ਮੈਂ ਕਦੇ ਕਦੇ ਆਪਣਾ ਬਲੱਡ ਪ੍ਰੈਸ਼ਰ ਜਾਂ ਸ਼ੂਗਰ ਲੈਵਲ ਦੇਖਣਾ ਤਾਂ ਉਸ ਵਿੱਚ ਵੀ ਕੁੱਝ ਸੁਧਾਰ ਦਿਸਦਾ। ਪ੍ਰਸੰਨਤਾ ਦਾ ਨਿਯਮ ਇਹ ਵੀ ਹੈ ਕਿ ਕਿਸੇ ਵੀ ਗੱਲ ਦੀ ਇੰਤਹਾ ਨਹੀਂ ਕਰਨੀ। ਜੇ ਕੋਈ ਚੀਜ਼ ਖਾਣ ਵਿਚ ਪ੍ਰਸੰਨਤਾ ਦਿੰਦੀ ਵੀ ਹੈ ਤਾਂ ਉਸ ਨੂੰ ਵੀ ਏਨਾ ਕੁ ਖਾਣਾ ਕਿ ਪ੍ਰਸੰਨਤਾ ਲੰਮੇ ਸਮੇਂ ਤੱਕ ਬਣੀ ਰਹੇ। ਇਹ ਜਿਵੇਂ ਸਾਡੇ ਵਡੇਰਿਆਂ ਨੇ ਵੀ ਕਿਹਾ ਹੈ ਕਿ ਭੋਜਨ ਖਾਣਾ ਉੱਥੇ ਬੰਦ ਕਰ ਦਿਓ ਜਦੋਂ ਅਜੇ ਹੋਰ ਥੋੜਾ ਖਾਧਾ ਜਾ ਸਕਦਾ ਹੋਵੇ। ਇੱਕ ਰੋਟੀ ਦੀ ਭੁੱਖ ਰੱਖ ਲਵੋ। ਇਹੀ ਗੱਲ ਕਸਰਤ ’ਤੇ ਵੀ ਲਾਗੂ ਹੁੰਦੀ ਹੈ। ਹੌਰਮੈਟਿਕ ਢੰਗ ਦੇ ਤਿੰਨ ਰੂਲ ਹਨ–ਪਹਿਲਾ ਪ੍ਰਸੰਨਤਾ, ਦੂਜਾ ਸੰਤੁਲਨ, ਤੀਜਾ ਹੈ ਵਰਾਇਟੀ। ਜੇ ਕੋਈ ਭੋਜਨ ਮੈਨੂੰ ਸੁਆਦ ਵੀ ਲਗਦਾ ਹੈ ਉਹ ਵੀ ਮੈਂ ਤਿੰਨੋਂ ਵਕਤ ਨਹੀਂ ਖਾ ਸਕਦਾ, ਨਾ ਹੀ ਖਾਣਾ ਚਾਹੀਦਾ ਹੈ। ਲਗਾਤਾਰ ਇੱਕੋ ਜਿਹਾ ਹੀ ਭੋਜਨ, ਮਸਾਲੇ ਆਦਿ ਖਾਣ ਨਾਲ ਉਸ ਦੇ ਪੂਰੇ ਫਾਇਦੇ ਨਹੀਂ ਮਿਲਦੇ। ਵਰਾਇਟੀ ਦੀ ਗੱਲ ਅਗਲੀ ਵਾਰ ਕਰਾਂਗੇ। ਆਜ ਕੀ ਮੁਲਾਕਾਤ ਬਸ ਇਤਨੀ।


ਸ਼ਬਦੀ ਰੂਪ: ਹਰੀਕ੍ਰਿਸ਼ਨ ਮਾਇਰ/ ਜਸਵੰਤ ਮੁਹਾਲੀ

ਰਿੰਗ ਥੀਏਟਰ ਵਿੱਚ ਗੂੰਜੇ ਸਨ - ਕਾਕੋਰੀ ਸ਼ਹੀਦ



- ਸੁਧੀਰ ਵਿਦਿਆਰਥੀ

ਲਖਨਊ ਦਾ ਜੀ.ਪੀ.ਓ. (ਜਨਰਲ ਪੋਸਟ ਆਫ਼ਿਸ) ਕਿਸੇ ਜ਼ਮਾਨੇ ਵਿਚ ਮਸ਼ਹੂਰ 'ਰਿੰਗ ਥੀਏਟਰ' ਸੀ। ਆਜਾਦੀ ਤੋਂ ਪਹਿਲਾਂ ਇਸ ਯੂਰੋਪਿਅਨ ਕਲੱਬ ਵਿਚ ਬ੍ਰਿਟਿਸ਼ ਅਧਿਕਾਰੀਆਂ ਦੇ ਰੰਗਾਰੰਗ ਪ੍ਰੋਗਰਾਮ ਹੁੰਦੇ ਸੀ। ਉਹਨਾਂ ਲਈ ਇਹ ਬਹੁਤ ਸੁਰੱਖਿਅਤ ਥਾਂ ਸੀ, ਜਿੱਥੇ ਭਾਰਤੀਆਂ ਦੇ ਜਾਣ 'ਤੇ ਪਾਬੰਦੀ ਸੀ। 9 ਅਗਸਤ 1925 ਨੂੰ ਉੱਤਰ ਭਾਰਤ ਦੇ ਕ੍ਰਾਂਤੀਕਾਰੀਆਂ 'ਤੇ ਕਾਕੋਰੀ ਦੇ ਨੇੜੇ ਸਰਕਾਰੀ ਖਜਾਨਾ (ਟਰੇਨ) ਲੁੱਟਣ ਦੇ ਬਾਅਦ ਮੁਕੱਦਮਾ ਚਲਾਉਣ ਦੇ ਲਈ ਬ੍ਰਿਟਿਸ਼ਜ ਨੂੰ ਅਦਾਲਤ ਦੀ ਜਗ੍ਹਾ 'ਰਿੰਗ ਥੀਏਟਰ' ਦੀ ਇਹ ਥਾਂ ਜ਼ਿਆਦਾ ਮੁਫੀਦ ਲੱਗੀ ਅਤੇ ਸਰਕਾਰ ਨੇ ਇਸ ਨੂੰ ਮਹਿੰਗੇ ਕਿਰਾਏ 'ਤੇ ਲਿਆ। ਕਾਕੋਰੀ ਕੇਸ ਦੀ ਸਮੁੱਚੀ ਕਾਰਵਾਈ ਦਾ ਗਵਾਹ ਇਹ ਕੰਪਲੈਕਸ ਸਾਨੂੰ ਅੱਜ ਵੀ ਉਨ੍ਹਾਂ ਦ੍ਰਿਸ਼ਾਂ ਦੀ ਯਾਦ ਦਿਵਾਉਂਦਾ ਹੈ, ਜਦ 18 ਮਹੀਨੇ ਤੱਕ ਚੱਲੀ ਅਦਾਲਤੀ ਕਾਰਵਾਈ ਦੇ ਬਾਅਦ ਇਸ ਮਾਮਲੇ ਦਾ ਨਿਪਟਾਰਾ ਹੋਇਆ ਸੀ।



ਇਹ ਪੁਰਾਣਾ 'ਰਿੰਗ ਥੀਏਟਰ' ਹੁਣ ਮੁੱਖ ਡਾਕਘਰ ਹੈ, ਜਿੱਥੇ ਉਸ ਕ੍ਰਾਂਤੀਕਾਰੀ ਚੇਤਨਾ ਦਾ ਕੋਈ ਵੀ ਨਿਸ਼ਾਨ ਬਾਕੀ ਨਹੀਂ ਹੈ, ਜਿਨ੍ਹਾਂ ਨੂੰ 1921 ਦੇ ਨਾ-ਮਿਲਵਰਤਨ ਅੰਦੋਲਨ ਦੇ ਬਾਅਦ ਦੇਸ਼ ਦੇ ਜਾਂਬਾਜ਼ਾਂ ਦੀ ਟੋਲੀ ਨੇ ਆਪਣੀਆਂ ਕੁਰਬਾਨੀਆਂ ਨਾਲ ਇਤਿਹਾਸ ਦੇ ਸੀਨੇ 'ਤੇ ਟੰਗਿਆ ਸੀ। ਇਸ ਇਮਾਰਤ ਦੇ ਨੇੜੇ ਸਾਹਮਣੇ ਵਾਲੇ ਪਾਰਕ ਵਿਚ 1977 ਵਿਚ ਕਾਕੋਰੀ ਦੇ ਸ਼ਹੀਦਾਂ ਦੀ ਅੱਧ-ਸ਼ਤਾਬਦੀ 'ਤੇ ਇੱਕ ਸਤੰਭ ਬਣਾ ਦਿੱਤਾ ਗਿਆ, ਜਿਸ 'ਤੇ ਕੁਝ ਪੰਕਤੀਆਂ ਉਸ ਇਤਿਹਾਸਕ ਘਟਨਾ-ਕ੍ਰਮ ਦੀਆਂ ਦਰਜ ਹਨ। ਮੇਰੀਆਂ ਅੱਖਾਂ ਵਿਚ ਕਾਕੋਰੀ ਬੰਦੀਆਂ ਦੀ ਲਾਰੀ ਵਾਰ-ਵਾਰ ਇਸ ਕੰਪਲੈਕਸ ਵਿਚ ਆ ਕੇ ਰੁਕਦੀ ਹੈ, ਜਿਨ੍ਹਾਂ ਵਿਚੋਂ ਉਹ ਆਪਣੇ ਮਜ਼ਬੂਤ ਕਦਮਾਂ ਨਾਲ ਉਤਰਦੇ ਹੋਏ ਬੁਲੰਦ ਆਵਾਜ਼ ਵਿਚ ਨਾਹਰੇ ਲਗਾ ਕੇ ਅਦਾਲਤ ਦੇ ਅੰਦਰ ਦਾਖਲ ਹੁੰਦੇ ਹਨ ਅਤੇ ਉੱਥੇ ਵੀ ਉਹਨਾਂ ਦਾ ਜੋਸ਼ ਥਮਦਾ ਨਹੀਂ। 'ਰਿੰਗ ਥੀਏਟਰ' ਦੇ ਅੰਦਰ ਇੱਕ ਪਾਸੇ ਉੱਚੀ ਫੀਸ ਲੈਣ ਵਾਲੇ ਸਰਕਾਰੀ ਵਕੀਲ ਜਗਤ ਨਰਾਇਣ ਮੁੱਲਾ ਖੜ੍ਹੇ ਹਨ ਅਤੇ ਦੂਜੇ ਪਾਸੇ ਕ੍ਰਾਂਤੀਕਾਰੀਆਂ ਵੱਲੋਂ ਪੈਰਵੀ ਕਰਨ ਵਾਲੇ ਬੈਰਿਸਟਰ ਬੀ.ਕੇ. ਚੌਧਰੀ, ਮੋਹਨ ਲਾਲ ਸਕਸੇਨਾ, ਕ੍ਰਿਪਾ ਸ਼ੰਕਰ ਹਜੇਲਾ ਅਤੇ ਚੰਦਰ ਭਾਨੂੰ ਗੁਪਤ ਵਰਗੇ ਨੌਜਵਾਨ ਵਕੀਲਾਂ ਦੀ ਟੋਲੀ। ਅਸਫ਼ਾਕ ਉੱਲਾ ਖਾਂ ਨੇ 500 ਰੁਪਏ ਰੋਜ਼ ਲੈਣ ਵਾਲੇ ਸਰਕਾਰ ਦੇ ਵਕੀਲ ਜਗਤ ਨਰਾਇਣ 'ਤੇ ਉਸ ਸਮੇਂ ਇੱਕ ਵਿਅੰਗ ਭਰਿਆਂ ਸ਼ੇਅਰ ਪੜ੍ਹਿਆ:

ਚਲੋ-ਚਲੋ ਯਾਰੋ, ਰਿੰਗ ਥੀਏਟਰ ਵਿਖਾਏਂ ਤੁਮਕੋ, ਵਹਾਂ ਪੇ ਲਿਬਰਲ, ਜੋ ਚੰਦ ਟੁਕੜੋਂ ਪੇ ਸੀਮੋਜਰ ਕਾ ਨਯਾ ਤਮਾਸ਼ਾ ਦਿਖਾ ਰਹੇ ਹੈਂ।

(ਸੀਮੋਜਰ-ਸੋਨੇ-ਚਾਂਦੀ ਦੇ ਟੁਕੜੇ)

ਇਹ ਸ਼ੇਅਰ ਉਹਨਾਂ ਦੀ ਲੰਬੀ ਗ਼ਜ਼ਲ ਦਾ ਹਿੱਸਾ ਹੈ, ਜੋ ਮੈਜਿਸਟਰੇਟ ਏਨੂਦੁਦੀਨ ਦੀ ਅਦਾਲਤ ਵਿਚ ਉਹਨਾਂ ਨੇ ਸੁਣਾਈ ਸੀ। ਉਹਨਾਂ ਦਾ ਬਹੁਤ ਸਾਹਸੀ ਕਾਰਨਾਮਾ ਸੀ ਇਹ। ਹਿੰਦੀ ਅਤੇ ਉਰਦੂ ਕਵਿਤਾ ਦੇ ਆਲੋਚਕਾਂ ਨੇ ਅਸ਼ਫ਼ਾਕ ਦੀ ਇਸ ਕਿਰਤ ਵੱਲ ਕਦੇ ਨਹੀਂ ਵੇਖਿਆ।

ਰਾਮ ਪ੍ਰਸਾਦ ਬਿਸਮਿਲ ਦੇ ਪਿੱਛੇ ਜਦ ਉਹ ਸਭ ਹਸਤੀਆਂ 'ਬੰਦੇ ਮਾਤਰਮ' ਗਾਉਂਦੀਆਂ ਚਲਦੀਆਂ ਸਨ, ਉਸ ਦ੍ਰਿਸ਼ ਦੀ ਇੱਕ ਵੱਖਰੀ ਹੀ ਸ਼ਾਨ ਸੀ, ਜਿਸ ਦਾ ਵਰਨਣ ਕਰਦੇ ਕਹਿਣਾ ਪੈਂਦਾ ਕਿ ਧੰਨ ਸਨ ਉਹ ਅੱਖਾਂ ਜਿਹਨਾਂ ਨੇ ਜੀ ਭਰਕੇ ਉਹਨਾਂ ਮਸਤਾਨੀਆਂ ਅਦਾਵਾਂ ਨੂੰ ਨਿਹਾਰਿਆ। ਉਹਨਾਂ ਨੇ ਮੋਟਰ ਤੋਂ ਉਤਰਦੇ ਹੀ 'ਭਾਰਤ ਮਾਤਾ ਦੀ ਜੈ', 'ਭਾਰਤੀ ਪਰਜਾ ਤੰਤਰ ਦੀ ਜੈ' ਆਦਿ ਦੇ ਨਾਹਰਿਆਂ ਨਾਲ ਵਾਯੂ-ਮੰਡਲ ਧੰਨ ਹੋ ਜਾਂਦਾ ਸੀ। ਉਹਨਾਂ ਨੂੰ ਵੇਖਣ ਅਤੇ ਉਹਨਾਂ ਦੇ ਪਿਆਰੇ ਗੀਤ ਸੁਣਨ ਲਈ ਹਜ਼ਾਰਾਂ ਦੀ ਭੀੜ ਇਕੱਠੀ ਹੋ ਜਾਂਦੀ ਸੀ। ਅਧਿਕਾਰੀਆਂ

ਦੇ ਮਨ ਇਸ 'ਨਾਦ' ਨੂੰ ਸੁਣ ਕੇ ਦਹਿਲ ਜਾਂਦੇ ਸਨ। ਕੋਈ ਪ੍ਰੈਸ ਰਿਪੋਰਟਰ ਦਿਖਾਈ ਨਹੀਂ ਦਿੰਦਾ ਸੀ। ਜੇ ਕੋਈ ਚੰਗਾ ਰਿਪੋਰਟਰ ਆ ਗਿਆ ਤਾਂ ਪੁਲਿਸ ਬੇਚਾਰੇ ਦੀ ਆਫ਼ਤ ਲਿਆ ਦਿੰਦੀ ਸੀ। ਹਾਂ 'ਇੰਡੀਅਨ ਡੇਲੀ ਟੈਲੀਗ੍ਰਾਫ ਨੇ ਕੁੱਝ ਪ੍ਰਤੀਬਧਤਾ ਨਾਲ ਇਸ ਪਾਸੇ ਕੰਮ ਕੀਤਾ। ਸ਼ਾਮ ਨੂੰ ਜਦ ਇਹਨਾਂ ਦੀ ਮੋਟਰ-ਲਾਰੀ ਨਿਕਲਦੀ, ਤਾਂ ਸੜਕ ਦੇ ਦੋਵੇਂ ਪਾਸੇ ਜਨਤਾ ਕਾਫੀ ਵੱਡੀ ਗਿਣਤੀ ਵਿੱਚ ਗਾਣੇ ਸੁਨਣ ਲਈ ਖੜ੍ਹੀ ਰਹਿੰਦੀ। ਉਹਨਾਂ ਦੇ ਗਾਣਿਆਂ ਦਾ ਐਨਾ ਸਤਿਕਾਰ ਹੁੰਦਾ ਸੀ ਕਿ ਇੱਕ ਪੈਸੇ ਤੋਂ ਲੈ ਕੇ ਦੋ-ਦੋ ਆਨਿਆਂ ਵਿਚ ਉਹਨਾਂ ਦੇ ਇੱਕ-ਇੱਕ ਗਾਣੇ ਦੀ ਕਾਪੀ ਵਿਕਦੀ ਵਿਖਾਈ ਦਿੰਦੀ ਸੀ।

ਤੇ ਫਿਰ 6 ਅਪਰੈਲ 1927 ਦਾ ਉਹ ਪਲ ਆ ਗਿਆ ਜਦ ਮੁਕੱਦਮੇ ਦਾ ਫੈਸਲਾ ਹੋਣਾ ਸੀ। ਇੱਕ ਦਿਨ ਪਹਿਲਾਂ ਕ੍ਰਾਂਤੀਕਾਰੀਆਂ ਨੇ ਲਖਨਊ ਜੇਲ੍ਹ ਦੀ 11 ਨੰਬਰ ਬੈਰਕ ਵਿਚ ਸਮੂਹਿਕ ਭੋਜਨ ਸਮੇਂ ਆਪਣੀਆਂ ਸਜ਼ਾਵਾਂ 'ਤੇ ਇੱਕ ਨਾਟਕ ਵੀ ਖੇਡਿਆ ਸੀ। ਕਿਹੋ ਜਿਹਾ ਅਨੋਖਾ ਮੰਜਰ ਜਦ ਮੌਤ ਅਤੇ ਸਜ਼ਾਵਾਂ ਕੁੱਝ ਕਦਮ ਦੀ ਦੂਰੀ 'ਤੇ ਸਨ, ਪਰ ਕ੍ਰਾਂਤੀਕਾਰੀ ਉਸ ਨੂੰ ਠੋਸਾ ਵਿਖਾ ਕੇ ਹਾਸੇ ਠੱਠੇ ਦਾ ਖੇਡ ਖੇਡਣ ਵਿੱਚ ਰੁੱਝੇ ਹੋਏ ਸਨ। ਅਗਲੀ ਸਵੇਰ ਸਾਰੇ ਕ੍ਰਾਂਤੀਕਾਰੀ ਬਹੁਤ ਸਾਝਰੇ ਜਾਗ ਗਏ। ਸਭ ਨੇ ਕਸਰਤ ਕੀਤੀ ਅਤੇ ਨਹਾਏ। ਫਿਰ ਵਿਚਾਰ ਕੀਤਾ ਕਿ ਅੱਜ ਸਾਰੇ ਇਕੱਠੇ ਖਾਣਾ ਖਾਈਏ। ਜੇਲ੍ਹਰ ਰਾਏ ਬਹਾਦਰ ਚੰਪਾ ਲਾਲ ਕੋਲੋਂ ਇੱਕ ਵੱਡੀ ਪਰਾਂਤ ਮੰਗਵਾਈ ਗਈ ਅਤੇ ਉਸ ਦੇ ਚਾਰੇ ਪਾਸੇ ਸਾਰੇ ਬੈਠ ਗਏ। ਕੁੱਝ ਖੜ੍ਹੇ ਵੀ ਰਹੇ। ਥਾਲੀ ਵਿੱਚੋਂ ਕਈ ਕਈ ਬੁਰਕੀਆਂ ਖਾਧੀਆਂ ਅਤੇ ਹੱਸਦੇ ਹੋਏ ਸਾਰੇ ਉੱਠ ਖੜ੍ਹੇ।

ਅੱਜ ਉਹਨਾਂ ਨੇ ਚੰਗੇ ਕੱਪੜੇ ਪਹਿਨੇ ਸਨ। ਠਾਕੁਰ ਰੋਸ਼ਨ ਸਿੰਘ ਨੇ ਅੱਗੇ ਵਧ ਕੇ ਇਤਰ ਦੀ ਇੱਕ ਸ਼ੀਸ਼ੀ ਕੱਢੀ ਅਤੇ ਸਾਰਿਆਂ ਦੇ ਕੱਪੜਿਆਂ 'ਤੇ ਥੋੜ੍ਹਾ-ਥੋੜ੍ਹਾ ਲਗਾਇਆ। ਇਸ ਤੋਂ ਬਾਅਦ ਬੇੜੀਆਂ ਪਹਿਨਾਈਆਂ ਜਾਣ ਲੱਗੀਆਂ। ਕ੍ਰਾਂਤੀਕਾਰੀ ਰੋਜ ਵਾਂਗ ਪਹਿਰੇ ਹੇਠ ਅਦਾਲਤ ਲਈ ਰਵਾਨਾ ਹੋਏ। ਲਾਰੀ ਚਲਦੇ ਹੀ ਕ੍ਰਾਂਤੀਕਾਰੀ ਗੀਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਪਰ ਅੱਜ ਦੇ ਹਿਲੋਰਿਆਂ ਨੇ ਗੀਤਾਂ ਵਿਚ ਅਜੀਬ ਲੈਅ ਭਰ ਦਿੱਤੀ। ਕਾਜੀ ਨਜਰੁਲ ਇਸਲਾਮ ਦਾ ਇਹ ਗੀਤ ਵੀ ਗਾਇਆ ਗਿਆ- ਸ਼ਾਕਲ ਪਰਾ ਛਲ ਮੋਦੇਰ ਏ ਸ਼ਾਕਲ ਪਰਾ ਛਲ। ਭਾਵ ਸਾਡਾ ਬੇੜ੍ਹੀਆਂ ਪਹਿਨਣਾ ਸਿਰਫ਼ ਛਲ ਹੈ, ਇਹ ਬੇੜੀਆਂ ਛਲ ਹਨ। ਇਸ ਤੋਂ ਬਾਅਦ ਉਹਨਾਂ ਨੇ ਭੀੜ ਵਿਚ ਦੇਸ਼ ਭਗਤੀ ਨਾਲ ਭਰੇ ਅੰਬਰਾਂ ਨੂੰ ਚੀਰਣ ਵਾਲੇ ਨਾਹਰੇ ਲਗਾਏ।

'ਰਿੰਗ ਥੀਏਟਰ' ਵਿਚ ਅੱਜ ਸਵੇਰ ਤੋਂ ਹੀ ਬਹੁਤ ਭੀੜ ਸੀ। ਪੁਲਿਸ ਤੋਂ ਬਿਨ੍ਹਾਂ ਕਿੰਨੇ ਹੀ ਯੂਰੋਪੀਅਨ ਸਾਰਜੈਂਟ ਪੂਰੇ ਸੁਚੇਤ ਢੰਗ ਨਾਲ ਚਹਿਲਕਦਮੀ ਕਰ ਰਹੇ ਸੀ। ਸਭ ਪਾਸੇ ਹਲਚਲ ਸੀ। ਜੱਜ ਦੇ ਅਦਾਲਤ ਵਿਚ ਆਉਂਦੇ ਹੀ ਇਕਦਮ ਸੰਨਾਟਾ ਛਾ ਗਿਆ। ਉਸ ਨੇ ਜੋ ਫੈਸਲਾ ਸੁਣਾਇਆ, ਉਸ ਵਿਚ ਰਾਮ ਪ੍ਰਸਾਦ ਬਿਸਮਿਲ, ਅਸ਼ਫ਼ਾਕ ਉੱਲਾ ਖਾਂ, ਰੋਸ਼ਨ ਸਿੰਘ ਅਤੇ ਰਾਜੇਂਦ੍ਰ ਲਹਿੜੀ ਨੂੰ ਫਾਂਸੀ ਦੀ ਅਤੇ ਹੋਰ ਕ੍ਰਾਂਤੀਕਾਰੀਆਂ ਨੂੰ ਲੰਬੀਆਂ ਕੈਦ ਦੀਆਂ ਸਜਾਵਾਂ ਸੁਣਾਈਆਂ ਗਈਆਂ। ਸਭ ਨੇ ਅੱਗੇ ਵਧ ਕੇ ਬਿਸਮਿਲ, ਰਾਜੇਂਦ੍ਰ ਅਤੇ ਰੋਸ਼ਨ ਸਿੰਘ ਦੇ ਪੈਰ ਛੂਹੇ। ਜੋਸ਼ੀਲੇ ਨਾਹਰਿਆਂ ਦੇ ਨਾਲ ਬਿਸਮਿਲ ਨੇ ਅੱਗੇ ਵਧ ਕੇ ਕਿਹਾ-

ਹੈਫ ਜਿਸ ਪੇ ਹਮ ਤਿਆਰ ਥੇ, ਮਰ ਜਾਨੇ ਕੋ,
ਦੂਰ ਤੱਕ ਯਾਦੇ-ਵਤਨ, ਆਈ ਥੀ ਸਮਝਾਨੇ ਕੋ।

ਪੁਰਾਣੇ 'ਰਿੰਗ ਥੀਏਟਰ' ਦੇ ਉਹ ਬੋਲ ਹਮੇਸ਼ਾ ਇਤਿਹਾਸ ਵਿਚ ਗੂੰਜਦੇ ਰਹਿਣਗੇ, ਕੋਈ ਸੁਣੇ ਜਾਂ ਨਾ ਸੁਣੇ।

97608-79491

ਪੰਜਾਬੀ ਅਨੁਵਾਦ : ਬਲਬੀਰ ਲੌਂਗੋਵਾਲ

ਪੰਨਾ 5 ਦਾ ਬਾਕੀ

17 ਦਸੰਬਰ : ਸ਼ਹੀਦ ਭਗਤ ਸਿੰਘ ਅਤੇ ਰਾਜਗੁਰੂ ਵੱਲੋਂ ਸਾਂਡਰਸ ਦਾ ਕਤਲ (1929)

: ਸ਼ਹੀਦ ਰਾਜੇਂਦ੍ਰ ਲਾਹਿੜੀ ਨੂੰ ਕਾਕੋਰੀ ਰੇਲ ਡਕੈਤੀ ਕੇਸ ਵਿੱਚ ਫਾਂਸੀ (1927)

19 ਦਸੰਬਰ : ਸ਼ਹੀਦ ਰਾਮ ਪ੍ਰਸ਼ਾਦ ਬਿਸਮਿਲ, ਅਸ਼ਫਾਕ ਉੱਲਾ, ਰੋਸ਼ਨ ਸਿੰਘ ਨੂੰ ਕਾਕੋਰੀ ਕਾਂਡ ਵਿਚ ਫਾਂਸੀ ਦਿੱਤੀ (1927)

22 ਦਸੰਬਰ : ਭਾਰਤੀ ਗਣਿਤਦਾਨ ਰਾਮਾਨੁਜਨ ਦਾ ਜਨਮ (1887)

26 ਦਸੰਬਰ : ਜਨਮ ਗ਼ਦਰੀ ਸ਼ਹੀਦ ਊਧਮ ਸਿੰਘ (1899)

26 ਦਸੰਬਰ : ਜਨਮ (ਮਾਓ ਜ਼ੇ ਤੁੰਗ) (1893)

ਕਿਤਾਬ ਉਹ ਤੇਸਾ ਹੋਣੀ ਚਾਹੀਦੀ ਹੈ ਜੋ ਸਾਡੇ ਅੰਦਰ ਜੰਮੀ ਬਰਫ਼ ਨੂੰ ਤੋੜ ਦੇਵੇ।

- ਫਰਾਂਜ਼ ਕਾਫ਼ਕਾ

'ਤਰਕਸ਼ੀਲ' ਪੜ੍ਹੋ, ਤਰਕਸ਼ੀਲ ਬਣੋ।

ਤਰਕ ਦੀ ਲੋਅ

- ਅਵਨੀਤ ਕੌਰ

ਸਕੂਲ ਵਿੱਚ ਮਿੱਡ ਡੇ ਮੀਲ ਵਾਲੀ ਬੀਬੀ ਕੰਮ ਤੋਂ ਵਿਹਲੀ ਹੋ ਆਪਣਾ ਦਰਦ ਛੇੜ ਬੈਠਦੀ। ਘਰੇ ਤਾਂ ਭੋਰਾ ਚੈਨ ਨਹੀਂ ਹੈ। ਘਰ ਜਾਂਦਿਆਂ ਹੀ ਫ਼ਿਕਰਾਂ ਦੀ ਪੰਡ ਖੁੱਲ੍ਹਣ ਲਗਦੀ ਹੈ। ਆਉਣ ਵਾਲਾ ਸਮਾਂ ਡਰਾਉਣ ਲਗਦਾ ਹੈ। ਕੋਈ ਸਹਾਰਾ ਵੀ ਨਜ਼ਰ ਨਹੀਂ ਆਉਂਦਾ। ਵੱਡਾ ਮੁੰਡੇ ’ਤੇ ਆਸ ਬਚੀ ਹੈ। ਕਈ ਸਾਲਾਂ ਤੋਂ ਲੱਕੜ ਦੇ ਮਿਸਤਰੀ ਨਾਲ ਕੰਮ ਸਿੱਖਦਾ। ਬਾਕੀ ਮੇਰੇ ਸਿਰ ’ਤੇ ਖਾਣ ਵਾਲੇ ਨੇ। ਸਿਰ ਦੇ ਸਾਈਂ ਦਾ ਕੰਮ ਕਿਹੜਾ ਤੁਹਾਡੇ ਤੋਂ ਭੁੱਲਿਆ ? ਜਦੋਂ ਘਰੇ ਹੁੰਦਾ ਤਾਂ ਲੜਾਈ, ਝਗੜਾ ਕਰੀ ਜਾਂਦਾ। ਬੱਚੇ ਡਰ ਤੇ ਸਹਿਮ ਵਿੱਚ ਚੁੱਪ ਵੱਟੀ ਰੱਖਦੇ ਨੇ। ਉਦੋਂ ਘਰ ਵੀ ਕੋਈ ਓਪਰੀ ਸ਼ੈਅ ਜਾਪਦਾ ਹੈ। ਹਾਸਾ, ਅਪਣੱਤ, ਮੋਹ ਕਿਧਰੇ ਨਜ਼ਰ ਨਹੀਂ ਆਉਂਦੇ। ਉਸ ਦੀਆਂ ਸਹਿਜ ਸੁਭਾਅ ਦੀਆਂ ਕੀਤੀਆਂ ਗੱਲਾਂ ਨਿਰਾਸ਼ ਕਰਦੀਆਂ।

ਕੁੱਝ ਦਿਨ ਛੁੱਟੀ ’ਤੇ ਰਹਿਣ ਮਗਰੋਂ ਉਹ ਦੁੱਖ ਦੀ ਇੱਕ ਹੋਰ ਛਿਲਤਰ ਦਾ ਦਰਦ ਲੈ ਪਰਤੀ। ਪਹਿਲਾਂ ਟੱਬਰ ਦਾ ਮੁਖੀ ਨਹੀਂ ਸੀ ਜਿਉਣ ਦਿੰਦਾ। ਹੁਣ ਮੁੰਡਾ ਵੀ ਉਸੇ ਕੰਮ ’ਤੇ ਹੋ ਗਿਆ। ਚੰਗਾ ਭਲਾ ਕੰਮ ’ਤੇ ਲੱਗਾ ਸੀ। ਪਤਾ ਨਹੀਂ ਚੰਦਰੇ ਨੂੰ ਕੀਹਦੀ ਨਜ਼ਰ ਲੱਗ ਗਈ। ਕੰਮ ’ਤੇ ਜਾਣੋਂ ਹਟ ਗਿਆ। ਕਹਿੰਦਾ ਸਾਰਾ ਦਿਨ ਮਨ ਲਾ ਕੇ ਕੰਮ ਕਰਦਾਂ। ਹੈੱਡ ਮਿਸਤਰੀ ਪੂਰਾ ਖਰਚਾ ਨੀਂ ਦਿੰਦਾ। ਨਾ ਹੀ ਸਿੱਧੇ ਮੂੰਹ ਬੋਲਦਾ। ਘਰੇ ਪਿਉ ਪੁੱਤ ਦੂਰੋਂ ਦੂਰੀ ਹੋਏ ਰਹਿੰਦੇ ਨੇ। ਮਨ ਤਾਂ ਬਥੇਰਾ ਕਰਦਾ ਹੈ, ਮੁੰਡੇ ਨੂੰ ਲੱਕੜ ਦੇ ਮਿਸਤਰੀ ਦੀ ਦੁਕਾਨ ਕਰਵਾ ਦੇਈਏ, ਪਰ ਘਰੇ ਪੂੰਜੀ ਹੋਵੇ ਤਾਂ ਗੱਲ ਬਣੇ। ਮੇਰੀ ਨਿਗੂਣੀ ਤਨਖ਼ਾਹ ਨਾਲ ਤਾਂ ਰੋਟੀ ਪਾਣੀ ਮਸਾਂ ਚਲਦਾ ਹੈ। ਪਰਿਵਾਰ ਵਿਚਲੀ ਖਿੱਚੋਤਾਣ ਦੇ ਚਲਦਿਆਂ ਮੁੰਡਾ ਘਰ ਛੱਡ ਕੇ ਚਲਾ ਗਿਆ।

ਘਰ ਵਿੱਚ ਰੋਣ ਪਿੱਟਣ ਪੈ ਗਿਆ। ਸਭ ਦੇ ਸਾਹ ਸੂਤੇ ਗਏ। ਕਿਹੜੀ ਥਾਂ ਨਹੀਂ ਸੀ, ਜਿੱਥੇ ਉਸਨੂੰ ਨਹੀਂ ਭਾਲਿਆ। ਲੱਭਦਿਆਂ ਕਰਦਿਆਂ ਦੋ ਹਫ਼ਤੇ ਗੁਜ਼ਰ ਗਏ। ਮੁੰਡਾ ਪਰਤਿਆ ਤਾਂ ਉਸਦਾ ਮਾਨਸਿਕ ਤਵਾਜ਼ਨ ਵਿਗੜਿਆ ਸੀ। ਨਾ ਖਾਣ ਦੀ ਸੁਰਤ, ਨਾ ਪਹਿਨਣ ਦਾ ਫ਼ਿਕਰ। ਨਾ ਕਿਸੇ ਨਾਲ ਬੋਲਦਾ ਚਲਦਾ। ਪਹਿਲਾਂ ਡਾਕਟਰਾਂ ਨੂੰ ਵਿਖਾਇਆ। ਫ਼ਿਰ ਉਸੇ ਰਾਹ ਤੁਰ ਪਏ, ਜਿਹੜਾ ਚੌਂਕੀਆਂ, ਡੇਰਿਆਂ ਨੂੰ ਜਾਂਦਾ ਹੈ। ਬੀਬੀ ਕਦੇ ਕਦਾਈਂ ਹੀ ਸਕੂਲ ਆਉਂਦੀ। ਸਤੰਬਰ ਦੇ ਪੇਪਰਾਂ ਕਰਕੇ ਸਾਰੇ ਅਧਿਆਪਕ ਵੀ ਰੁੱਝ ਗਏ। ਜਦ ਸਕੂਲ ਦੇ ਕੰਮ ਤੋਂ ਵਿਹਲ ਮਿਲੀ ਤਾਂ ਪਤਾ ਲੱਗਾ ਕਿ ਬੀਬੀ ਦਾ ਘਰ ਉਜੜਨ ਕਿਨਾਰੇ ਹੈ। ਮੁੰਡੇ ਦੀ ਹਾਲਤ ਪਾਗਲਾਂ ਵਰਗੀ ਹੋ ਗਈ ਹੈ। ਕੋਈ ਡਾਕਟਰ ਬਾਂਹ ਨਹੀਂ ਫੜ੍ਹ ਰਿਹਾ। ਰਿਸ਼ਤੇਦਾਰ, ਸਨੇਹੀ ਵੀ ਅੱਖਾਂ ਫੇਰ ਗਏ ਹਨ।

ਹੁਣ ਬੀਬੀ ਦੀ ਟੇਕ ਸਕੂਲ ’ਤੇ ਹੀ ਸੀ। ਸਾਰੀ ਹਾਲਤ ਜਾਣਨ ਉਪਰੰਤ ਸਟਾਫ਼ ਨਾਲ ਸਲਾਹ ਮਸ਼ਵਰਾ ਕਰਕੇ ਕਲਮਕਾਰ ਪ੍ਰਿੰਸੀਪਲ ਨੇ ਜ਼ਿੰਮੇਵਾਰੀ ਓਟ ਲਈ। ਮਿੱਡ ਡੇ ਮੀਲ ਵਾਲੀ ਬੀਬੀ ਨੂੰ ਹੌਂਸਲਾ ਦਿੰਦਿਆਂ ਸਭ ਕੁਝ ਠੀਕ ਕਰਨ ਦਾ ਭਰੋਸਾ ਦਿੱਤਾ। ਮੁਖੀ ਵੱਲੋਂ ਆਪਣੇ ਕਰਮਚਾਰੀ ਦੇ ਦੁੱਖ ਦਰਦ ਨੂੰ ਆਪਣਾ ਸਮਝਣ ਦੀ ਪਹਿਲਕਦਮੀ ਸਾਡੇ ਸਾਰਿਆਂ ਲਈ ਇੱਕ ਸਬਕ ਸੀ। ਉਹਨਾਂ ਮੁੰਡੇ ਨੂੰ ਇਲਾਜ ਲਈ ਬਰਗਾੜੀ ਮਸ਼ਵਰਾ ਕੇਂਦਰ ਭਿਜਵਾ ਦਿੱਤਾ। ਬੀਬੀ ਰੋਜ਼ਾਨਾ ਸਕੂਲ ਆਉਣ ਲੱਗੀ। ਉਸਦੇ ਚਿਹਰੇ ’ਤੇ ਚਿੰਤਾ ਦੀ ਥਾਂ ਸਕੂਨ ਦਿਸਣ ਲੱਗਾ। ਪੁੱਛਣ ’ਤੇ ਉਹ ਏਨਾ ਹੀ ਦਸਦੀ ਕਿ ਉਹ ਠੀਕ ਹੋ ਰਿਹਾ ਹੈ।

ਉਡੀਕ ਵਿੱਚ ਦੋ ਮਹੀਨੇ ਲੰਘ ਗਏ। ਬੀਬੀ ਦਾ ਕੰਮ ਕਾਜ ਤੇ ਚਿਹਰਾ ਖੈਰੀਅਤ ਦਸਦਾ ਨਜ਼ਰ ਆਉਣ ਲੱਗਾ। ਇੱਕ ਦਿਨ ਉਹ ਸਾਡੇ ਕੋਲ ਆ, ਖੁਸ਼ੀ ਦੀ ਗਾਥਾ ਸੁਣਾਉਣ ਲੱਗੀ। ਤੁਹਾਡੇ ਸਾਰਿਆਂ ਦੇ ਸਾਥ ਨਾਲ ਸਾਡਾ ਘਰ ਹੁਣ ਪੈਰਾਂ ਸਿਰ ਹੋਣ ਲੱਗਾ ਹੈ। ਮੁੰਡਾ ਨੌਂ ਬਰ ਨੌਂ ਹੋ ਗਿਆ ਹੈ। ਮਸ਼ਵਰਾ ਕੇਂਦਰ ਵਾਲੇ ਵੀਰਾਂ ਨੇ ਮੁੰਡੇ ਨੂੰ ਤਾਂ ਸਮਝਾਇਆ ਹੀ, ਨਾਲ ਬਾਪ ਨੂੰ ਵੀ ਰਾਹ ਪਾ ਦਿੱਤਾ ਹੈ। ਉਹਨਾਂ ਇਹ ਰਾਜ਼ ਸਮਝਾ ਕੇ ਤੋਰਿਆ, ਮਾਪਿਆਂ ਦਾ ਕੰਮ ਔਲਾਦ ਦੀ ਰੋਟੀ, ਪਾਣੀ ਤੇ ਲੋੜਾਂ ਪੂਰੀਆਂ ਕਰਨ ਤੱਕ ਸੀਮਤ ਨਹੀਂ ਹੁੰਦਾ। ਉਹਨਾਂ ਨੂੰ ਪੈਰਾਂ ਸਿਰ ਕਰਨਾ ਲਾਜ਼ਮੀ ਹੈ। ਜੁਆਨ ਹੋਏ ਧੀਆਂ/ਪੁੱਤਰਾਂ ਦੀਆਂ ਭਾਵਨਾਵਾਂ ਨੂੰ ਸਮਝੋ, ਕਦਰ ਕਰੋ। ਉਹਨਾਂ ਨੂੰ ਸੋਚਣ, ਸਮਝਣ ਦਾ ਰਾਹ ਦਿਓ। ਜਿਉਣ ਰਾਹ ਵਿੱਚ ਰੁਕਾਵਟ ਨਾ ਬਣੋ ਸਗੋਂ ਸਹਿਯੋਗ ਕਰੋ। ਲਾਈਲੱਗ ਬਣਨ ਦੀ ਬਜਾਏ ਮੁਸ਼ਕਲਾਂ ਦੇ ਕਾਰਣ ਜਾਣ ਕੇ ਹੱਲ ਕਰਨ ਦੀ ਕੋਸ਼ਿਸ਼ ਕਰਨਾ ਸਿੱਖੋ। ਅਸੀਂ ਇਹ ਸਬਕ ਪੱਲੇ ਬੰਨ੍ਹ ਲਿਆ।

ਬੀਬੀ ਦੇ ਘਰ ਪਰਿਵਾਰ ਵਿੱਚ **ਬਾਕੀ ਪੰਨਾ 22 ’ਤੇ**

ਹਲਧਰ ਨਾਗ ਦੀ ਕਲਮ ਨੂੰ ਮਿਲਿਆ ਪਦਮ ਸ਼੍ਰੀ



ਜਿਸ ਦੇ ਨਾਮ ਤੋਂ ਪਹਿਲਾਂ ਕਦੇ ਵੀ ਸ਼੍ਰੀ ਨਹੀਂ ਲੱਗਿਆ ਸੀ, 3 ਜੋੜੇ ਕੱਪੜੇ, ਇੱਕ ਟੁੱਟੀ ਰਬੜ ਦੀ ਚੱਪਲ, ਇੱਕ ਜੋੜਾ ਬਿਨ੍ਹਾਂ ਡੰਡੀ ਦੇ ਐਨਕਾਂ ਅਤੇ 732 ਰੁਪਏ ਦੀ ਜਮ੍ਹਾਂ ਪੂੰਜੀ ਦੇ ਮਾਲਕ ਨੂੰ ਪਦਮ ਸ਼੍ਰੀ ਐਲਾਨਿਆ ਗਿਆ ਹੈ।

ਇਹ ਓਡੀਸਾ ਦੇ ਹਲਧਰ ਨਾਗ ਹਨ।

ਉਹ ਕੋਸਲੀ ਭਾਸ਼ਾ ਦਾ ਪ੍ਰਸਿੱਧ ਕਵੀ ਹੈ। ਖਾਸ ਗੱਲ ਇਹ ਹੈ ਕਿ ਉਸ ਨੂੰ ਹੁਣ ਤੱਕ ਲਿਖੀਆਂ ਸਾਰੀਆਂ ਕਵਿਤਾਵਾਂ ਅਤੇ 20 ਮਹਾਂਕਵਿ ਯਾਦ ਹਨ। ਹੁਣ ਉਨ੍ਹਾਂ ਦੀਆਂ ਲਿਖਤਾਂ ਦਾ ਸੰਕਲਨ 'ਹਲਧਰ ਗ੍ਰੰਥਾਵਲੀ-2' ਨੂੰ ਸੰਬਲਪੁਰ ਯੂਨੀਵਰਸਿਟੀ ਦੇ ਪਾਠਕ੍ਰਮ ਦਾ ਹਿੱਸਾ ਬਣਾਇਆ ਜਾਵੇਗਾ। ਸਾਦੇ ਕੱਪੜੇ, ਚਿੱਟੀ ਧੋਤੀ, ਗਮਸ਼ਾ ਤੇ ਬੁਨੈਣ ਪਹਿਨ ਕੇ ਹਲਧਰ ਨਾਗ ਨੰਗੇ ਪੈਰੀਂ ਰਹਿੰਦੇ ਹਨ। ਚੈਨਲ ਵਾਲਿਆਂ ਨੇ ਅਜਿਹਾ ਹੀਰਾ ਕਦੇ ਨਹੀਂ ਲੱਭਿਆ। ਜਦੋਂ ਤੁਸੀਂ ਉੜੀਆ ਲੋਕ-ਕਵੀ ਹਲਧਰ ਨਾਗ ਬਾਰੇ ਜਾਣੋਗੇ ਤਾਂ ਤੁਸੀਂ ਪ੍ਰੇਰਨਾ ਨਾਲ ਭਰ ਜਾਵੋਗੇ। ਹਲਧਰ ਇੱਕ ਗਰੀਬ ਦਲਿਤ ਪਰਿਵਾਰ ਤੋਂ ਆਉਂਦਾ ਹੈ। 10 ਸਾਲ ਦੀ ਉਮਰ ਵਿੱਚ ਉਸਦੇ ਮਾਤਾ-ਪਿਤਾ ਦੀ ਮੌਤ ਤੋਂ ਬਾਅਦ, ਉਸਨੇ ਤੀਜੀ ਜਮਾਤ ਵਿੱਚ ਪੜ੍ਹਾਈ ਛੱਡ ਦਿੱਤੀ। ਅਨਾਥ ਜੀਵਨ ਬਤੀਤ ਕਰਦਿਆਂ ਉਸ ਨੇ ਕਈ ਸਾਲ ਢਾਬੇ ਵਿੱਚ ਗੰਦੇ ਭਾਂਡਿਆਂ ਦੀ ਸਫਾਈ ਕੀਤੀ। ਬਾਅਦ ਵਿੱਚ ਇੱਕ ਸਕੂਲ ਵਿੱਚ ਰਸੋਈ ਦੀ ਦੇਖਭਾਲ ਦਾ ਕੰਮ ਮਿਲ ਗਿਆ। ਕੁੱਝ ਸਾਲਾਂ ਬਾਅਦ ਬੈਂਕ ਤੋਂ 1000 ਰੁਪੈ ਦਾ ਕਰਜ਼ਾ ਲੈ ਕੇ ਉਸ ਨੇ ਉਸੇ ਸਕੂਲ ਦੇ ਸਾਹਮਣੇ ਪੈੱਨ-ਪੈਨਸਿਲ ਆਦਿ ਦੀ ਛੋਟੀ ਜਿਹੀ ਦੁਕਾਨ ਖੋਲ੍ਹ ਲਈ, ਜਿਸ ਵਿੱਚ ਉਹ ਛੁੱਟੀਆਂ ਦੌਰਾਨ ਪਾਰਟ ਟਾਈਮ ਬੈਠਦਾ ਸੀ। ਇਹ ਉਸਦੀ ਆਰਥਿਕਤਾ ਸੀ, ਹੁਣ ਆਉਂਦੇ ਹਾਂ ਉਸ ਦੀ ਸਾਹਿਤਕ ਵਿਸ਼ੇਸ਼ਤਾ ਵੱਲ।

ਹਲਧਰ ਨੇ 1995 ਦੇ ਆਸਪਾਸ ਸਥਾਨਕ ਉੜੀਆ ਭਾਸ਼ਾ ਵਿੱਚ ਕੁੱਝ ਸਮਾਜਿਕ ਵਿਸ਼ਿਆਂ 'ਤੇ ਲਿਖ ਕੇ ਲੋਕਾਂ ਨੂੰ ਸੁਣਾਉਣਾ ਸ਼ੁਰੂ ਕੀਤਾ। ਉਹ ਭਾਵਨਾਵਾਂ ਨਾਲ ਭਰਪੂਰ ਕਵਿਤਾਵਾਂ ਲਿਖ ਕੇ ਅਤੇ ਜਬਰਦਸਤੀ ਲੋਕਾਂ ਵਿੱਚ ਪੇਸ਼ ਕਰਕੇ ਇੰਨਾਂ ਮਸ਼ਹੂਰ ਹੋਇਆ ਕਿ ਇਸ ਸਾਲ ਰਾਸ਼ਟਰਪਤੀ ਨੇ ਉਨ੍ਹਾਂ ਨੂੰ ਸਾਹਿਤ ਲਈ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ। ਇੰਨਾਂ ਹੀ ਨਹੀਂ, ਹੁਣ 5 ਵਿਦਵਾਨ ਉਨ੍ਹਾਂ ਦੇ ਸਾਹਿਤ 'ਤੇ ਪੀ.ਐਚ.ਡੀ. ਕਰ ਰਹੇ ਹਨ, ਜਦਕਿ ਹਲਧਰ ਨੇ ਖ਼ੁਦ ਤੀਜੀ ਜਮਾਤ ਤੱਕ ਪੜ੍ਹਾਈ ਕੀਤੀ ਹੈ।

ਸਲਾਮ ਹੈ ਅਜਿਹੀਆਂ ਸ਼ਖਸੀਅਤਾਂ ਨੂੰ ਜਿਨ੍ਹਾਂ ਦਾ ਟੀਚਾ ਪੈਸਾ ਕਮਾਉਣਾ ਨਹੀਂ, ਗਿਆਨ ਹਾਸਲ ਕਰਨਾ ਹੈ। ਨਾਗ ਜੀ ਨੇ ਕਵਿਤਾਵਾਂ ਦੀ ਰਚਨਾ ਕਰਕੇ ਸਾਹਿਤ ਜਗਤ ਨੂੰ ਨਿਖਾਰਿਆ।

ਓਡੀਸਾ ਰਾਜ ਦੀ ਕੋਸਲੀ ਭਾਸ਼ਾ ਦਾ ਪ੍ਰਸਿੱਧ ਕਵੀ ਹਲਧਰ ਨਾਗ ਜਿਸ ਨੂੰ ਪਦਮ ਸ਼੍ਰੀ ਪ੍ਰਾਪਤ ਹੋਇਆ, ਉਸ ਕੋਲ ਦਿੱਲੀ ਆਉਣ ਦਾ ਕਿਰਾਇਆ ਨਹੀਂ ਸੀ। ਉਸ ਨੇ ਸਰਕਾਰ ਨੂੰ ਐਵਾਰਡ ਡਾਕ ਰਾਹੀਂ ਭੇਜਣ ਦੀ ਬੇਨਤੀ ਕੀਤੀ:

"ਦਿੱਲੀ ਆਉਣ ਤੱਕ ਦੇ ਪੈਸੇ ਨਹੀਂ ਹਨ, ਕਿਰਪਾ ਕਰਕੇ ਐਵਾਰਡ ਡਾਕ ਰਾਹੀਂ ਭੇਜੋ।"

ਪੰਨਾ 21 ਦਾ ਬਾਕੀ ਸੁਖ, ਸ਼ਾਂਤੀ ਪਰਤਣ ਦੀ ਸੁਖਦ ਖ਼ਬਰ ਸਕੂਲ ਦੇ ਸਟਾਫ਼ ਦੀ ਖੁਸ਼ੀ ਦਾ ਸਬੱਬ ਬਣੀ।

ਸਾਹਿਤਕਾਰ ਪ੍ਰਿੰਸੀਪਲ ਦੇ ਸਵੇਰ ਦੀ ਸਭਾ ਵਿੱਚ ਰਾਹ ਰੁਸ਼ਨਾਉਂਦੇ ਬੋਲ ਸਾਡਾ ਮਨ ਮਸਤਕ ਠਾਰ ਗਏ। ਆਪਣੇ ਬੱਚਿਆਂ ਨੂੰ ਸਮਝਣ, ਸੋਚਣ ਦੇ ਕਾਬਲ ਬਣਾਉਣਾ ਸਫ਼ਲ ਜੀਵਨ ਦਾ ਰਾਹ ਹੈ। ਗਿਆਨ ਤੇ ਤਰਕ ਉਹ ਹੀਰੇ ਮੋਤੀ ਹਨ, ਜਿਹੜੇ ਬੋਝ ਬਣੀ ਹਾਰੀ ਜ਼ਿੰਦਗੀ ਨੂੰ ਉਠਾਉਣ ਲਈ ਜੀਵਨ ਦੀ ਸਜਾਵਟ ਬਣਦੇ ਹਨ। ਤਰਕ ਦੀ ਲੋਅ ਜੀਵਨ ਦਾ ਮਾਰਗ ਦਰਸ਼ਨ ਕਰਦੀ ਹੈ। ਜਿਸ ਸਦਕਾ ਅੱਜ ਆਪਣੀ ਮਿੱਡ ਡੇ ਮੀਲ ਵਾਲੀ ਬੀਬੀ ਦੇ ਘਰ ਖੁਸ਼ੀ ਪਰਤ ਆਈ ਹੈ। ਇਹ ਆਪਣੇ ਸਾਰਿਆਂ ਲਈ ਪ੍ਰੇਰਨਾ ਤੇ ਸਬਕ ਹੈ।

ਉੱਘੀ ਕਵਿੱਤਰੀ ਸਿਲਵੀਆ ਪਲੈਥ ਅਨੁਸਾਰ "ਕਿਤਾਬ ਵਰਗੀ ਕੋਈ ਕਿਸ਼ਤੀ ਨਹੀਂ।" ਚੰਗੀਆਂ ਕਿਤਾਬਾਂ ਸਾਨੂੰ ਦੁਨੀਆਂ ਨੂੰ ਵਾਚਣ ਦੀ ਨਵੀਂ ਸੂਝ ਦਿੰਦੀਆਂ ਹਨ।

ਨਵੀਂ ਸਵੇਰ ਪਾਠਸ਼ਾਲਾ



ਸੰਗ੍ਰਿਹ ਕਰਤਾ- ਦਾਤਾ ਸਿੰਘ ਨਮੋਲ

ਆਪਣੇ ਬੱਚਿਆਂ ਨੂੰ ਖ਼ੁਸ਼ ਕਰਨ ਲਈ ਕੁੱਝ ਲੋਕ ਉਹਨਾਂ ਦੀਆਂ ਭਾਵਨਾਵਾਂ ’ਤੇ ਧਿਆਨ ਕੇਂਦ੍ਰਿਤ ਕਰਦੇ ਹਨ। ਇਨ੍ਹਾਂ ਦਾ ਮਕਸਦ ਮੁੱਖ ਤੌਰ ’ਤੇ ਇਹੀ ਹੁੰਦਾ ਹੈ ਕਿ ਬੱਚਾ ਵੱਡਾ ਹੋ ਕੇ ਚੰਗਾ ਮਨੁੱਖ ਬਣੇ, ਉਹ ਪਿਆਰ ਕਰੇ ਅਤੇ ਉਸ ਨੂੰ ਪਿਆਰ ਮਿਲੇ। ਇਸ ਲਈ ਉਹ ਉਸ ਨੂੰ ਜਿੰਨਾਂ ਚਾਹੇ ਖੇਡਣ ’ਚ, ਉਸ ਨੂੰ ਉਸਦੀਆਂ ਆਪਣੀਆਂ ਇੱਛਾਵਾਂ ਅਨੁਸਾਰ ਵਿਕਸਿਤ ਹੋਣ ਦੇਣ ਵਿਚ ਵਿਸ਼ਵਾਸ ਕਰਦੇ ਹਨ ਅਤੇ ਜਿਵੇਂ ਉਹ ਚਾਹੇ, ਵਰਤਾਅ ਕਰਦੇ ਹਨ।

ਪਹਿਲੇ ਸਾਲਾਂ ਦੌਰਾਨ ਪਾਲਣ-ਪੋਸ਼ਣ ਦਾ ਅਜਿਹਾ ਤਰੀਕਾ ਕਿਵੇਂ ਨਾ ਕਿਵੇਂ ਖਿੱਚਵਾ ਹੁੰਦਾ ਹੈ : ਬੱਚਾ ਆਜ਼ਾਦ ਹੈ, ਰੋਕ ਟੋਕ ਨਹੀਂ, ਤੇਜ ਜੁਬਾਨ ਵਾਲਾ ਹੈ ਅਤੇ ਉੱਦਮੀ ਹੈ।

ਓ ਨੰਨ੍ਹੇ ਬੀਜ਼
ਤੇਰੇ ਵਿਚ ਲੁਕਿਆ ਹੈ
ਇਕ ਵੱਡਾ ਰੁੱਖ
ਇੱਕ ਸੋਹਣਾ ਫੁੱਲ
ਮਿੱਠੇ-ਮਿੱਠੇ ਫਲ
ਹਰੇ-ਹਰੇ ਪੱਤੇ
ਚਿੜੀਆਂ ਵਾਸਤੇ ਘਰ
ਮਜਬੂਤ ਲੱਕੜਾਂ
ਆ
ਮੈਂ ਤੈਨੂੰ ਬੀਜਦਿਆਂ...

ਪਰ ਕੁੱਝ ਚਿਰ ਬਾਅਦ ਇਹ ਉਦਾਰਤਾ ਚੰਚਲਤਾ ਨੂੰ ਜਨਮ ਦਿੰਦੀ ਹੈ। ਤਰਕ ਦੀ ਰੋਸ਼ਨੀ ਤੋਂ ਸੇਧਿਤ ਅਤੇ ਚੰਗੇ ਕੰਮ ਕਰਨ ਦੀ ਲੋੜ ਤੋਂ ਪ੍ਰੇਰਿਤ ਨਾ ਹੋਣ ਵਾਲੀ ਆਜ਼ਾਦੀ ਅੱਲ੍ਹੜ ਉਮਰੇ ਉਪਭੋਗਤਾਵਾਦ ਦੇ ਖ਼ਤਰਿਆਂ ਵਿਚ ਪਾਉਂਦੀ ਹੈ।

ਉਸ ਦੇ ਵਿੱਚ ਕੋਈ ਵੀ ਉਦੇਸ਼ ਕਿਸੇ ਵੀ ਤਰੀਕੇ ਨਾਲ, ਬਗੈਰ ਕੰਮ ਦੇ, ਬਗੈਰ ਯਤਨ ਦੇ ਜ਼ੋਰ ਲਾਇਆਂ ਪ੍ਰਾਪਤ ਕਰਨ ਦੀ ਤੀਬਰ ਇੱਛਾ ਹੁੰਦੀ ਹੈ।

ਲੰਬੇ ਦਾਅ ’ਚ ਵਿਕਾਸ ਦਾ ਇਹ ਰਸਤਾ ਮਾਪਿਆਂ ਤੇ ਬੱਚੇ, ਦੋਵਾਂ ਦੀ ਨਾਖੁਸ਼ੀ ਵਿਚ ਨਿਕਲਦਾ ਹੈ।

– **ਯੂਰੀ ਅਜਾਰੋਵ**

ਕਾਸ਼! ਮੈਂ ਇੱਕ ਇਕਾਂਤ ਨੁੱਕਰ ਮੱਲ
ਸਕਾਂ,
ਆਪਣੇ ਬੱਚੇ ਦੀ ਧੁਰ ਅੰਦਰਲੀ ਦੁਨੀਆਂ ਵਿਚ
ਮੈਨੂੰ ਪਤਾ ਹੈ
ਤਾਰੇ ਉਸ ਨਾਲ ਗੱਲਾਂ ਕਰਦੇ ਹਨ
ਅਸਮਾਨ ਝੁਕ ਕੇ ਉਸਦੇ ਮੂੰਹ ਕੋਲ ਆ ਜਾਂਦਾ ਹੈ
ਤਾਂ ਜੋ
ਆਪਣੇ ਬੱਦਲਾਂ ’ਤੇ ਪੀਂਘਾਂ ਨਾਲ ਉਸ ਨੂੰ ਪਰਚਾ ਸਕੇ।
ਜਿਹੜੇ ਵੇਖਣ ਨੂੰ ਗੂੰਗੇ ਲਗਦੇ ਹਨ
ਤੇ ਜਾਪਦੇ ਹਨ ਕਿ
ਹਿੱਲ ਜੁਲ ਨਹੀਂ ਸਕਦੇ।
ਰਿੜ੍ਹ ਖਿੜ੍ਹ ਕੇ ਉਸਦੀ ਬਾਰੀ ਕੋਲ ਪੁੱਜਦੇ ਹਨ
ਰੰਗੀਨ ਖਿਡਾਉਣਿਆਂ ਦੀਆਂ
ਚੰਗੇਰਾਂ ਭਰਕੇ।
ਕਾਸ਼! ਮੈਂ ਉਸ ਸੜਕ ’ਤੇ ਤੁਰ ਸਕਾਂ
ਜੋ ਬੱਚੇ ਦੇ ਮਨ ’ਚੋਂ ਲੰਘਦੀ ਹੈ
ਅਸੀਮ ਅਤੇ ਅਨੰਤ ਵਿਚ ਚਲੀ ਜਾਂਦੀ ਹੈ
ਜਿੱਥੇ ਏਲਚੀ
ਅਣ-ਇਤਿਹਾਸਕ ਬਾਦਸ਼ਾਹਾਂ ਦੀਆਂ
ਬਾਦਸ਼ਾਹੀਆਂ ਵਿਚਾਲੇ
ਬਿਨ ਕਾਰਨੋਂ
ਸੁਨੇਹੇ ਲਿਆਂਦੇ ਲਿਜਾਂਦੇ ਹਨ।
ਜਿੱਥੇ ਦਲੀਲ
ਆਪਣੇ ਕਾਨੂੰਨਾਂ ਦੀਆਂ ਗੁੱਡੀਆਂ ਬਣਾ ਕੇ
ਉਨ੍ਹਾਂ ਨੂੰ ਉਡਾਂਦੀ ਹੈ
ਤੇ ਸੱਚ
ਹਕੀਕਤ ਦੇ ਪੈਰਾਂ ਤੋਂ ਬੇੜੀਆਂ ਖੋਲ੍ਹਦਾ ਹੈ।

– **ਰਵਿੰਦਰ ਨਾਥ ਟੈਗੋਰ**

ਜੇ ਇੱਕ ਵਿਦਿਆਰਥੀ ਨੇ ਦੂਜਿਆਂ ਲਈ ਕੁੱਝ ਵੀ ਨਹੀਂ ਕੀਤਾ, ਇਸ ਦਾ ਅਰਥ ਹੈ ਕਿ ਉਸ ਦੀ ਵਿਦਿਆ ਵਿੱਚ ਕੋਈ ਗਲਤੀ ਹੋ ਗਈ।

ਚੰਗਾ ਅਧਿਆਪਕ....? ਇਸ ਦਾ ਅਰਥ ਅਜਿਹੇ ਅਧਿਆਪਕ ਤੋਂ ਹੈ ਜਿਹੜਾ ਬੱਚਿਆਂ ਨੂੰ ਪਿਆਰ ਕਰਦਾ ਹੈ, ਉਹਨਾਂ ਨੂੰ ਮਿਲ ਕੇ ਜਿਸ ਨੂੰ ਖੁਸ਼ੀ ਪ੍ਰਾਪਤ ਹੁੰਦੀ ਹੈ। ਅਜਿਹਾ ਅਧਿਆਪਕ ਜੋ ਬੱਚਿਆਂ ਦਾ ਦੋਸਤ ਬਨਣ ਦੇ ਯੋਗ ਹੈ, ਜਿਹੜਾ ਬੱਚਿਆਂ ਦੀ ਖੁਸ਼ੀ ਅਤੇ ਗ਼ਮ ਨੂੰ ਮਨੋਂ ਮਹਿਸੂਸ ਕਰਦਾ ਹੈ, ਉਹਨਾਂ ਦੇ ਮਨ ਦੀ ਕ੍ਰਿਆ ਨੂੰ ਸਮਝਦਾ ਹੈ ਅਤੇ ਇਹ ਕਦੇ ਨਹੀਂ ਭੁੱਲਦਾ ਕਿ ਉਹ ਵੀ ਕਦੇ ਬੱਚਾ ਸੀ। **–ਸੁਖੋਮਲਿਸੰਕੀ**

ਬਾਕੀ ਪੰਨਾ 24 ’ਤੇ

ਪਰਮਾਤਮਾ ਦੀ ਰਚਨਾ ਮਨੁੱਖ ਨੇ ਕੀਤੀ ਹੈ

ਕਾਮਰੇਡ ਸੋਹਣ ਸਿੰਘ ਜੋਸ਼

"ਮੈਂ ਕਮਿਊਨਿਸਟ ਹਾਂ - ਮਾਰਕਸਵਾਦ-ਲੈਨਿਨਵਾਦ ਦਾ ਇੱਕ ਪੱਕਾ ਧਾਰਨੀ। ਮੈਂ ਕਮਿਊਨਿਸਟ ਪਾਰਟੀ ਦੇ ਗਠਨ, ਵਿਕਾਸ ਅਤੇ ਕਮਿਊਨਿਸਟ ਆਦਰਸ਼ਾਂ ਦੇ ਪ੍ਰਸਾਰ ਲਈ ਆਪਣੀ ਪੂਰਨ ਸਮਰੱਥਾ ਅਨੁਸਾਰ ਯੋਗਦਾਨ ਪਾਇਆ ਹੈ। ਮੈਂ ਭਰਪੂਰ ਜ਼ਿੰਦਗੀ ਜੀਣ ਤੋਂ ਬਾਅਦ ਜਾ ਰਿਹਾ ਹਾਂ।"



"ਮੈਂ ਬਹੁਤ ਖੁਸ਼ ਹਾਂ ਕਿ ਮੈਂ ਮਿਹਨਤ ਕਰਨ ਵਾਲੇ ਲੋਕਾਂ ਨੂੰ ਆਪਣੀ ਜ਼ਿੰਦਗੀ ਸਮਰਪਿਤ ਕੀਤੀ ਹੈ ਜੋ ਕਿਸੇ ਦੇਸ਼ ਦੀ ਧਨ-ਦੌਲਤ ਦਾ ਸਰੋਤ ਹੁੰਦੇ ਹਨ ਅਤੇ ਜਿਨ੍ਹਾਂ ਦੀ ਮਿਹਨਤ 'ਤੇ ਸਮਾਜ ਦਾ ਜੀਵਨ ਨਿਰਭਰ ਹੁੰਦਾ ਹੈ। ਜਿੱਥੋਂ ਤੱਕ ਮੈਂ ਕਹਿ ਸਕਦਾ ਹਾਂ, ਮੇਰਾ ਜੀਵਨ ਮਕਸਦ ਭਰਪੂਰ ਅਤੇ ਸਫਲ ਰਿਹਾ ਹੈ। ਕਮਿਊਨਿਸਟ ਵਿਚਾਰਧਾਰਾ ਇਤਿਹਾਸਕ ਯਥਾਰਥਵਾਦ 'ਤੇ ਆਧਾਰਿਤ ਹੈ, ਜਿਸ ਅਨੁਸਾਰ ਪਰਮਾਤਮਾ, ਮਨੁੱਖ ਦੀ ਰਚਨਾ ਨਹੀਂ ਕਰਦਾ ਸਗੋਂ ਪਰਮਾਤਮਾ ਦੀ ਰਚਨਾ ਮਨੁੱਖ ਨੇ ਕੀਤੀ ਹੈ। ਸੁਰਗ ਅਤੇ ਨਰਕ ਦੀਆਂ ਸਭ ਕਹਾਣੀਆਂ ਮਿੱਥ ਕਹਾਣੀਆਂ ਹਨ ਜਿਨ੍ਹਾਂ ਦਾ ਅਸਲ ਵਿਚ ਕੋਈ ਆਧਾਰ ਨਹੀਂ ਹੈ।"

"ਇਸ ਲਈ ਮੇਰੀ ਇੱਛਾ ਹੈ ਕਿ ਮੇਰੀ ਮੌਤ ਤੋਂ ਬਾਅਦ ਕੋਈ ਰੋਣ ਜਾਂ ਸੋਗ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਕੋਈ ਕ੍ਰਿਆ ਕਰਮ ਦੀ ਰਸਮ ਹੋਵੇ। ਕੋਈ ਹੋਰ ਕਿਸਮ ਦੀ ਧਾਰਮਿਕ ਰਸਮ ਨਹੀਂ ਹੋਣੀ ਚਾਹੀਦੀ। 'ਮੇਰੀ ਆਤਮਾ ਦੀ ਸ਼ਾਂਤੀ' ਲਈ ਕੋਈ ਪਾਠ ਨਹੀਂ ਹੋਣਾ ਚਾਹੀਦਾ, ਨਾ ਹੀ ਕੋਈ ਅਰਦਾਸ ਹੋਣੀ ਚਾਹੀਦੀ ਹੈ।"

"ਮੈਂ ਇਸ ਗੱਲ ਤੋਂ ਸੰਤੁਸ਼ਟ ਹਾਂ ਕਿ ਸੱਚਮੁੱਚ ਆਪਣੀ ਸਮਰੱਥਾ ਅਨੁਸਾਰ ਆਪਣੇ ਮਿਹਨਤੀ ਲੋਕਾਂ ਲਈ ਆਪਣੀ ਜ਼ਿੰਦਗੀ ਈਮਾਨਦਾਰੀ, ਨਿਰਸਵਾਰਥ ਕੁਰਬਾਨੀ ਅਤੇ ਸ਼ਰਧਾ ਨਾਲ ਜੀਵੀ ਹੈ। ਇਸ ਤੋਂ ਇਲਾਵਾ ਮੇਰਾ ਇਹ ਵੀ ਵਿਚਾਰ ਰਿਹਾ ਹੈ ਕਿ ਜ਼ਿੰਦਗੀ ਵਿਚ ਕਾਮਯਾਬੀ ਮਿਹਨਤ ਕਰਨ ਵਾਲਿਆਂ ਦੇ ਸੰਘਰਸ਼ ਲੜਨਾ ਅਤੇ ਉਨ੍ਹਾਂ ਨੂੰ ਅਣਖੀਲੇ, ਬਰਾਬਰ ਅਤੇ ਆਤਮ ਸਨਮਾਨ ਵਾਲੇ ਬਹਾਦਰ ਮਨੁੱਖਾਂ ਦੇ ਰੂਪ ਵਿੱਚ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਵਿਚ ਮਦਦ ਕਰਨਾ ਹੈ। ਮੇਰੇ ਲਈ ਇੱਕ ਵੀ ਧਾਰਮਿਕ ਸ਼ਖ਼ਸੀਅਤ ਦੀਆਂ ਅਸੀਸਾਂ ਦਾ ਕੋਈ ਮੁੱਲ ਨਹੀਂ ਹੈ ਅਤੇ ਨਾ ਹੀ ਇਸ ਦੀ ਲੋੜ ਹੈ। ਕੇਵਲ ਉਨ੍ਹਾਂ ਦੀਆਂ 'ਰੂਹਾਂ' ਭਟਕਦੀਆਂ ਰਹਿੰਦੀਆਂ ਹਨ ਜਿਨ੍ਹਾਂ ਨੇ ਲੋਕਾਂ ਦੇ ਵਿਰੁੱਧ 'ਪਾਪ', ਧੋਖਾਧੜੀਆਂ ਅਤੇ ਵਿਸ਼ਵਾਸਘਾਤ ਕੀਤੇ ਹੁੰਦੇ ਹਨ। ਧਨ ਮੈਨੂੰ ਲੁਭਾ ਜਾਂ ਕੁਰਾਹੇ ਨਹੀਂ ਪਾ ਸਕਿਆ। ਮੈਂ ਇਹ ਸਭ ਲਿਖ ਕੇ ਛੱਡ ਰਿਹਾ ਹਾਂ ਤਾਂ ਕਿ ਮੇਰੇ ਮਰੇ ਹੋਏ ਸਰੀਰ ਨੂੰ ਧਾਰਮਿਕ ਰੀਤੀ-ਰਿਵਾਜਾਂ ਵਿਚ ਨਾ ਘਸੀਟਿਆ ਜਾਵੇ।"

"ਸਸਕਾਰ ਤੋਂ ਬਾਅਦ, ਮੇਰੀਆਂ ਅਸਥੀਆਂ ਨੂੰ ਲਾਹੌਰ ਸ਼ਾਖਾ ਦੀ ਨਹਿਰ ਵਿੱਚ ਸੁੱਟ ਦਿੱਤਾ ਜਾਣਾ ਚਾਹੀਦਾ ਹੈ ਜੋ ਕਿ ਵਾਹਗਾ ਪਾਰ ਦੇ ਮੁਸਲਮਾਨਾਂ ਲਈ ਮੇਰੇ ਸਦੀਵੀ ਪਿਆਰ ਦਾ ਅਤੇ ਵੰਡ ਦੇ ਸਮੇਂ ਸਮੂਹਿਕ ਕਤਲੇਆਮ ਦੇ ਦੌਰਾਨ ਮੇਰੀ ਪਾਰਟੀ ਦੀ ਨਿਰਮਲ ਅਤੇ ਨਿਰਪੱਖ ਭੂਮਿਕਾ ਦਾ ਪ੍ਰਗਟਾਵਾ ਹੋਵੇ।"

ਪੰਨਾ 23 ਦਾ ਬਾਕੀ ..

ਬਾਲਪਨ ਦਾ ਮੁੱਖ ਅਤੇ ਬਹੁਤ ਹੀ ਹੈਰਾਨੀਜਨਕ ਖਾਸਾ ਇਹ ਹੈ ਕਿ ਬਾਲ ਆਪਣੇ ਮਾਹੌਲ ਬਾਰੇ ਜਾਣਕਾਰੀ ਸਿਰਜਣਾਤਮਕ ਖੇਡ ਦੁਆਰਾ ਹੀ ਪ੍ਰਗਟ ਕਰਦਾ ਹੈ। ਬਾਲਾਂ ਦੀ ਚਿੱਤਰਕਾਰੀ ਦਾ ਵਿਸ਼ਲੇਸ਼ਣ ਕਰਕੇ, ਇੱਕ ਸੱਤਾਂ ਜਾਂ ਅੱਠਾਂ ਸਾਲਾਂ ਦੇ ਬਾਲ ਵੱਲੋਂ ਤਿਆਰ ਕੀਤੀ ਪਰੀ ਕਹਾਣੀ ਨੂੰ ਸੁਣ ਕੇ ਜਾਂ ਕਿਸੇ ਬੱਚੇ ਨੂੰ ਖੇਡਦੇ ਵੇਖ ਕੇ ਤੁਹਾਨੂੰ ਬੱਚਿਆਂ ਦੀਆਂ ਸੋਚਣੀਆਂ ਅਤੇ ਕਲਪਨਾਵਾਂ ਬਾਰੇ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ। ਯਾਦ ਰੱਖੋ ਕਿਸੇ ਵੀ ਕਲਾਕਾਰ (ਵੱਡੇ ਆਦਮੀ ਜਾਂ ਨਿੱਕੇ ਬੱਚੇ) ਦੀ ਕਿਰਤ, ਹਮੇਸ਼ਾ ਕੁੱਝ ਪੇਸ਼ ਕਰਦੀ ਹੈ, ਇਸ ਪੇਸ਼ਕਾਰੀ ਦਾ ਉਸਦੇ ਨਿੱਜੀ ਵਤੀਰੇ ਨਾਲ ਸੰਬੰਧ ਹੁੰਦਾ ਹੈ।

- ਲਾਦਾ ਐਦਾਰੋਵਾ

ਬੱਚਿਆਂ ਨਾਲ ਰਹਿਣ 'ਤੇ ਮਨ ਦੇ ਫੱਟ ਭਰ ਜਾਂਦੇ ਹਨ।

- ਦੋਸਤੋਵਸਕੀ

***94176-77407**

ਬੋਲ ਸਦੀਵੀਂ



ਜ਼ਰਾ ਥੱਕ ਗਿਆ ਹਾਂ

– ਅਮਰਜੀਤ ਟਾਂਡਾ

ਜ਼ਰਾ ਥੱਕ ਗਿਆ ਹਾਂ
ਦੋ ਪਲ ਸਾਹ ਲੈ ਲਵਾਂ

ਆਹ ਲੈ ਮੇਰੇ ਪੈਰਾਂ ਦੇ ਘੁੰਗਰੂ
ਜਾਂਦੇ ਰਾਹੀਆਂ ਦੇ ਪੈਰਾਂ ਨੂੰ ਬੰਨ੍ਹ ਦੇ
ਮੰਜ਼ਿਲਾਂ ਲਿਖ ਦੇ ਉਹਨਾਂ ਦੇ ਪੱਬਾਂ 'ਤੇ

ਅਰਸ਼ ਤੱਕਣ ਲਈ
ਮੇਰੀਆਂ ਨਜ਼ਰਾਂ ਤਾਰਿਆਂ ਨੂੰ ਫੜਾ ਦੇ
ਹੱਥ ਹੱਕ ਮੰਗਦੇ ਹੱਥਾਂ ਨੂੰ ਦੇ ਦੇਵੀਂ

ਮੇਰੀ ਨਜ਼ਮ ਦੀ ਆਵਾਜ਼
ਟੁੱਕੀਆਂ ਜੀਭਾਂ 'ਤੇ ਧਰ ਆਵੀਂ

ਮੱਥੇ ਦੀ ਸੋਚ
ਚੁਆ ਆਵੀਂ ਮੁਸ਼ੱਕਤ ਕਰਦੀਆਂ
ਗੁਰਬਤ ਨਾਲ ਜੂਝਦੀਆਂ
ਬਸਤੀਆਂ ਦੀ ਕਾਲੀ ਗਲੀ ਵਿੱਚ

ਲੋਅ ਜੋ ਕਦੇ ਜਗਾਵੇਗੀ
ਸੁੱਤੇ ਸੂਰਜ ਨੂੰ
ਰਿਸ਼ਮਾਂ ਨਾਲ ਇਤਿਹਾਸ ਲਿਖਣ ਲਈ
ਜੋ ਅਜੇ ਮੇਰੇ ਬੱਚਿਆਂ ਨੇ ਪੜ੍ਹਨਾ ਹੈ
ਕਿਸੇ ਸਿਲੇਬਸ ਵਿਚ
ਟੰਗਣਾਂ ਹੈ ਕਿਸੇ ਅੰਬਰ ਦੀ ਦੀਵਾਰ 'ਤੇ

ਜ਼ਰਾ ਥੱਕ ਗਿਆ ਸੀ
ਦੋ ਪਲ ਸਾਹ ਲੈ ਲਵਾਂ
ਰਲਦਾ ਹਾਂ ਤੇਰੇ ਨਾਲ
ਕਾਫਲਾ ਜਰਾ ਵੱਡਾ ਕਰ ਲਈਏ
ਰਲ ਕੇ ਚੱਲੀ ਦਾ
ਮਿਲ ਕੇ ਲੜੀਦੇ ਨੇ ਯੁੱਧ

ਪਗਡੰਡੀ



– ਲਖਵੀਰ ਸਿੰਘ

ਬਣਨਾ ਹੈ ਤਾਂ
ਪਗਡੰਡੀ ਬਣੀਂ

ਸੜਕ ਆਪਣੇ ਪਰਾਏ
ਦੀ ਪਹਿਚਾਣ
ਕਦੋਂ ਰੱਖਦੀ ਏ ?

ਪਰ
ਪਗਡੰਡੀ ਤਾਂ
ਜਾਣੇ ਅਣਜਾਣੇ
ਆਪਣੇ ਪਰਾਏ
ਰਾਹੀਆਂ ਦੇ
ਪੈਰ ਪੈਰ ਦਾ ਹਿਸਾਬ
ਰੱਖਦੀ ਏ

ਸੜਕ ਬਣਨ 'ਚ
ਕੀ ਮਜ਼ਾ !
ਤੂੰ
ਬਣਨਾ ਹੈ ਤਾਂ
ਪਗਡੰਡੀ ਬਣੀਂ

ਅੱਜ ਕੱਲ
ਪਗਡੰਡੀਆਂ ਦੀ ਲੋੜ ਏ ।

9501120526

ਤਰਤੀਬ 'ਚ
ਕੁਝ ਨਹੀਂ ਹੁੰਦਾ
ਦੋਸਤ

ਅਕਸਰ
ਵਿਚਾਰ ਨੂੰ ਤਰਤੀਬ
ਦਿੰਦਿਆਂ
ਮੈਥੋਂ
ਮੂਲ ਗੁਆਚ ਜਾਂਦਾ ਏ


ਤੂੰ
ਜ਼ਿੰਦਗੀ ਨੂੰ
ਤਰਤੀਬ ਦੇਣ
ਲਈ ਕਹਿੰਨਾ!

ਜ਼ਿੰਦਗੀ ਕਦ
ਤਰਤੀਬ 'ਚ
ਆਈ ਏ ?

ਸਵੈ ਕਥਨ :

ਪੁਸਤਕ ਚੇਤਨਾ

ਮਹੀਨਾ ਕੁ ਪਹਿਲਾਂ ਤਰਕਸ਼ੀਲ ਸਨੇਹੀ ਤੋਂ '.. ਤੇ ਦੇਵ ਪੁਰਸ਼ ਹਾਰ ਗਏ' ਪੁਸਤਕ ਕੁੱਝ 'ਤਰਕਸ਼ੀਲ' ਮੈਗਜ਼ੀਨ ਪੜ੍ਹਨ ਨੂੰ ਮਿਲੇ। ਮੈਂ ਸਾਰੇ ਪੜ੍ਹੇ, ਗਹੁ ਨਾਲ ਵਾਚੇ। ਬੜੀ ਸਹਿਜਤਾ ਤੇ ਇਕਾਗਰਤਾ ਨਾਲ਼ ਪੜ੍ਹਦਿਆਂ ਸੋਚ ਵਿਚਾਰ ਵੀ ਕੀਤੀ। ਮੇਰੀ ਉਮਰ 60 ਸਾਲ ਦੀ ਹੈ, ਮੈਂ ਜ਼ਿੰਦਗੀ ਵਿੱਚ ਅਜਿਹੀ ਕੋਈ ਪੁਸਤਕ ਪਹਿਲਾਂ ਕਦੀ ਨਹੀਂ ਪੜ੍ਹੀ। ਜਿਸਨੇ ਮੇਰੇ ਮਨ ਦੀਆਂ ਹਨੇਰੀਆਂ ਕੁੰਦਰਾਂ ਨੂੰ ਰੁਸ਼ਨਾਇਆ। ਇਸ ਪੁਸਤਕ ਦਾ ਦੂਸਰਾ ਭਾਗ ਪੜ੍ਹਨ ਦੀ ਇੱਛਾ ਜਾਗੀ। ਮੇਰੇ ਮਨ ਵਿੱਚ ਬਹੁਤ ਸਾਰੀਆਂ ਸ਼ੰਕਾਵਾਂ ਸਨ। ਹੁਣ ਤੱਕ ਮੈਂ ਬਹੁਤ ਡਰਦਾ ਰਿਹਾ ਸਾਂ। ਸਾਡੇ ਖੇਤ ਦੇ ਨਜ਼ਦੀਕ ਮਕਾਨ ਕੋਲ਼ ਲੱਗੀ ਮੋਟਰ 'ਤੇ ਬਹੁਤ ਸਾਲ ਪਹਿਲਾਂ ਬਿਜਲੀ ਦਾ ਕਰੰਟ ਲੱਗਣ ਕਰਕੇ ਇੱਕ ਆਦਮੀ ਦੀ ਮੌਤ ਹੋ ਗਈ ਸੀ। ਸ਼ਾਮ ਨੂੰ ਉੱਥੇ ਡਰਦਾ ਮਾਰਾ ਕੋਈ ਖੜ੍ਹਦਾ ਵੀ ਨਹੀਂ ਸੀ। ਇਸ ਪੁਸਤਕ ਤੋਂ ਮਿਲੀ ਚੇਤਨਾ ਸਦਕਾ ਹੀ ਸੰਭਵ ਹੋਇਆ ਹੈ ਕਿ ਮੈਂ ਹੁਣ ਉਸ ਥਾਂ 'ਤੇ ਮੰਜਾ ਡਾਹ ਕੇ ਆਰਾਮ ਨਾਲ਼ ਪਿਆ ਰਹਿੰਦਾ ਹਾਂ। ਡਰ ਹੁਣ ਮੇਰੇ ਨੇੜੇ ਤੇੜੇ ਵੀ ਨਹੀਂ ਖੜ੍ਹਦਾ। ਇਹ ਡਰ ਦੂਰ ਕਰਨ ਲਈ '...ਤੇ ਦੇਵ ਪੁਰਸ਼ ਹਾਰ ਗਏ' ਪੁਸਤਕ ਤੇ ਏਸ ਰਾਹ ਤੋਰਨ ਵਾਲੇ ਦੀ ਮਿਹਰਬਾਨੀ ਰਹੀ। ਹੁਣ ਇਹ ਸੋਚ ਕਿ ਮੈਂ ਅਫ਼ਸੋਸ ਹੁੰਦਾ ਹੈ ਕਿ ਇਹ ਪੁਸਤਕ ਪਹਿਲਾਂ ਕਿਉਂ ਨਹੀਂ ਪੜ੍ਹ ਲਈ! ਇਸੇ ਪੁਸਤਕ ਨੇ ਮੈਨੂੰ ਹੋਰ ਪੁਸਤਕਾਂ ਪੜ੍ਹਨ ਦੀ ਵੀ ਚੇਟਕ ਲਗਾ ਦਿੱਤੀ ਹੈ। ਏਸ ਉਮਰੇ ਅਜਿਹਾ ਸ਼ੌਕ ਮਨ ਨੂੰ ਚੰਗਾ ਲੱਗਾ। ਗਿਆਨ ਤੇ ਚੇਤਨਾ ਨਾਲ ਭਰਿਆ ਹੋਇਆ।




ਹਰਬੰਸ ਬੰਗੀ

ਸਲਾਮ ਜ਼ਿੰਦਗੀ

ਮਹਾਨਤਾ

ਜੇਕਰ ਕੋਈ ਅਮੀਰ ਦੇਸ਼ ਗਰੀਬ ਦੇਸ਼ ਨੂੰ ਦਬਾਉਂਦਾ ਹੈ ਤਾਂ ਮੈਂ ਗਰੀਬ ਦੇਸ਼ ਨਾਲ ਖੜ੍ਹਾਂਗਾ। ਜੇ ਉਸ ਗਰੀਬ ਦੇਸ਼ ਦਾ ਬਹੁਗਿਣਤੀ ਧਰਮ ਘੱਟ ਗਿਣਤੀ ਧਰਮ ਨੂੰ ਦਬਾਉਂਦਾ ਹੈ ਤਾਂ ਮੈਂ ਘੱਟ ਗਿਣਤੀ ਧਰਮ ਨਾਲ ਖੜ੍ਹਾ ਹੋਣਾ ਪਸੰਦ ਕਰਾਂਗਾ। ਜੇਕਰ ਉਸ ਘੱਟ ਗਿਣਤੀ ਧਰਮ ਵਿਚਲੀਆਂ ਜਾਤੀਆਂ ਕੁਝ ਅਖੌਤੀ ਛੋਟੀਆਂ ਜਾਤੀਆਂ ਨੂੰ ਦਬਾਉਂਦੀਆਂ ਹਨ ਤਾਂ ਮੈਂ ਪੀੜਤ ਜਾਤੀਆਂ ਨਾਲ ਖੜ੍ਹਾਂਗਾ। ਜੇ ਉਸ ਜਾਤੀ ਵਿੱਚ ਕੋਈ ਮਾਲਕ ਮਜਦੂਰ ਦਾ ਸ਼ੋਸ਼ਣ ਕਰਦਾ ਹੈ ਤਾਂ ਮੈਂ ਮਜ਼ਦੂਰ ਨਾਲ ਖੜ੍ਹਾਂਗਾ। ਜੇ ਉਹ ਮਜ਼ਦੂਰ ਘਰ ਜਾ ਕੇ ਆਪਣੀ ਪਤਨੀ ਨੂੰ ਕੁਟਦਾ ਹੈ ਤਾਂ ਮੈਂ ਉਸ ਔਰਤ ਨਾਲ ਖੜ੍ਹਾਂਗਾ। ਮੇਰੀ ਮੁੱਖ ਦੁਸ਼ਮਣੀ ਹੈ ਸ਼ੋਸ਼ਣ, ਅੱਤਿਆਚਾਰ ਤੇ ਨਾ ਬਰਾਬਰੀ ਨਾਲ।



ਰਾਮਾ ਸੁਆਮੀ ਪੇਰੀਆਰ

ਧਰਮੀ ਲੋਕ

ਮੈਨੂੰ ਰੱਬ ਤੋਂ ਡਰ ਨਹੀਂ ਲੱਗਦਾ ਕਿਉਂਕਿ ਉਹ ਹੈ ਈ ਨਹੀਂ।

ਮੈਨੂੰ ਤਾਂ ਉਸ ਨੂੰ ਮੰਨਣ ਵਾਲਿਆਂ ਤੋਂ ਡਰ ਲਗਦਾ ਹੈ। ਹੁਣ ਤੱਕ ਧਰਮੀ ਲੋਕਾਂ ਨੇ ਧਾਰਮਿਕ ਫ਼ਸਾਦਾਂ ਦੁਆਰਾ, ਦੁਨੀਆਂ ਵਿੱਚ ਸਭ ਤੋਂ ਜਿਆਦਾ ਬੇਗੁਨਾਹਾਂ ਦਾ ਖ਼ੂਨ ਡੋਲ੍ਹਿਆ ਹੈ ਅਤੇ ਹੁਣ ਵੀ ਡੋਲ੍ਹ ਰਹੇ ਹਨ ।



ਸਟੀਫ਼ਨ ਹਾਕਿੰਗ

ਜੁਗਨੂੰ ਹਾਂ ਮੈਂ, ਵਿੱਤ ਮੁਤਾਬਿਕ ਰਾਤਾਂ ਨੂੰ ਰੁਸ਼ਨਾਵਾਂਗਾ। ... ਗੁਰਦਿਆਲ ਰੌਸ਼ਨ

ਮਿੰਨੀ ਕਹਾਣੀ

ਦੂਰਅੰਦੇਸ਼ੀ

ਕੁਲਦੀਪ ਮਾਣੂੰਕੇ



ਸਾਡੇ ਮੁਹੱਲੇ ਨੇੜਲੇ ਪਾਰਕ ਦਾ ਸਫ਼ਾਈ ਤੇ ਸਾਂਭ ਸੰਭਾਲ ਪੱਖੋਂ ਮੰਦਾ ਹਾਲ ਸੀ। ਨਿੱਤ ਰੋਜ਼ ਸੈਰ ਤੇ ਆਉਣ ਵਾਲ਼ੇ ਕਲਪਦੇ ਰਹਿੰਦੇ। ਅਸੀਂ ਇੱਕ ਦੋ ਮਿੱਤਰਾਂ ਨੇ ਮਿਲ ਕੇ ਕੋਸ਼ਿਸ਼ਾਂ ਸ਼ੁਰੂ ਕੀਤੀਆਂ। ਪਾਰਕ ਵਿੱਚ ਫ਼ੁੱਲ ਬੂਟੇ ਲਾ ਕੇ ਪਾਰਕ ਦੀ ਦਿੱਖ ਬਣਾ ਦਿੱਤੀ। ਕਈਆਂ ਨੇ ਏਸ ਉੱਦਮ ਨੂੰ ਸਰਾਹਿਆ। ਕੁੱਝ ਪੜ੍ਹੇ ਲਿਖਿਆਂ ਨੂੰ ਕਿਸੇ ਹੋਰ ਗੱਲ ਨੇ ਹੀ ਕਾਇਲ ਕਰ ਦਿੱਤਾ। ਇੱਕ ਦਿਨ ਇੱਕ ਪਾਰਕ ਦੀ ਸੇਵਾ ਸੰਭਾਲ ਲਈ ਸਹਾਇਤਾ ਦਿੰਦਾ ਕਹਿਣ ਲੱਗਾ, "ਆਹ ਮੱਦਦ ਸੇਵਾ ਮੁਕਤ ਪਟਵਾਰੀ, ਸਾਅਬ ਵੱਲੋਂ ਹੈ। ਕਹਿੰਦੇ ਪਹਿਲਾਂ ਇਸ ਪਾਰਕ ਵਾਲੀ ਥਾਂ 'ਤੇ ਪੀਰ ਦੀ ਜਗ੍ਹਾ ਹੁੰਦੀ ਸੀ। ਸੁੱਖਣਾ ਪੂਰੀਆਂ ਹੁੰਦੀਆਂ ਸਨ। ਕੁਝ ਸਮਾਂ ਪਹਿਲਾਂ ਉਨ੍ਹਾਂ ਆਪਣੇ ਮੁੰਡੇ ਦੇ ਕੈਨੇਡਾ ਪੀ. ਆਰ. ਦੀ ਸੁੱਖ ਸੁੱਖੀ ਸੀ। ਉਹ ਪੂਰੀ ਹੋਣ 'ਤੇ ਇਹ ਸਹਾਇਤਾ ਭੇਜੀ ਹੈ।" ਇਹ ਸੁਨੇਹਾ ਹੋਰਾਂ ਨੇ ਵੀ ਸੁਣਿਆ। ਪਾਰਕ ਦੇ ਫ਼ੁੱਲ ਬੂਟੇ ਟਹਿਕਣ ਲੱਗੇ। ਇੱਕ ਦਿਨ ਪੁਲਿਸ ਦੇ ਸੇਵਾ ਮੁਕਤ ਅਫ਼ਸਰ ਨੇ ਪਾਰਕ ਲਈ ਆਰਥਿਕ ਮੱਦਦ ਦਿੰਦਿਆਂ ਪੀਰ ਦੀ ਜਗ੍ਹਾ ਮੁੜ ਬਣਾਉਣ ਦੀ ਰਾਇ ਦਿੱਤੀ। ਨਾਲ ਹੀ ਆਖਿਆ ਕਿ ਪਾਰਕ ਪੀਰ ਕਰਕੇ ਹੀ ਵਸਦਾ ਰਸਦਾ ਹੈ।

ਇੱਕ ਸੱਜਣ ਤੋਂ ਰਿਹਾ ਨਾ ਗਿਆ, "ਮੁਆਫ ਕਰਿਓ, ਸਰਦਾਰ ਸਾਅਬ, ਪਤਾ ਨਹੀਂ, ਕਿਹੜੀ ਦੁਨੀਆਂ ਵਿੱਚ ਰਹਿੰਦੇ ਓ। ਇਹ ਰੁੱਖ, ਫ਼ੁੱਲ, ਬੂਟੇ, ਹਵਾ, ਪਾਣੀ ਤੇ ਸਾਡੀ ਸੇਵਾ ਸੰਭਾਲ ਕਰਕੇ ਵਸਦੇ ਨੇ। ਜਿਨ੍ਹਾਂ ਨੂੰ ਤੁਸੀਂ ਸੁੱਖਣਾ ਪੂਰੀ ਹੋਣਾ ਦਸਦੇ ਹੋ, ਇਹ ਤਾਂ ਬੱਚਿਆਂ ਦੀ ਮਿਹਨਤ ਹੈ। ਮਿਹਨਤਾਂ ਨੂੰ ਹੀ ਫ਼ਲ ਲਗਦੇ ਨੇ। ਪੀਰ ਕੁਸ਼ ਦੇ ਸਕਦੇ ਹੁੰਦੇ ਤਾਂ ਸਾਡੇ ਧੀਆਂ ਪੁੱਤ ਵਿਦੇਸ਼ਾਂ ਵਿੱਚ ਕਾਹਤੋਂ ਰੁਲਦੇ ? ਹਾਂ, ਪੀਰ ਦੀ ਜਗ੍ਹਾ ਦੀ ਥਾਂ ਮਿੰਨੀ ਪਾਰਕ ਲਾਇਬਰੇਰੀ ਬਣਾਉਣ ਬਾਰੇ ਤਾਂ ਸੋਚਿਆ ਜਾ ਸਕਦਾ। ਆਪਾਂ ਸਮੇਂ ਦੇ ਨਾਲ ਨਾਲ ਘਰ ਬਾਰ ਤੇ ਖਾਣਾ ਪਹਿਨਣਾ ਤਾਂ ਬਦਲ ਲਿਆ ਪਰ ਤਰਕ ਵਿਤਰਕ ਵਾਲੀ ਦੂਰਅੰਦੇਸ਼ੀ ਸੋਚ ਨੀਂ ਅਪਣਾਈ ?" ਚੁੱਪ ਚਾਪ ਵਾਪਸ ਮੁੜਦੇ ਸਰਦਾਰ ਜੀ ਦੀ ਨੀਵੀਂ ਸਭ ਕੁਝ ਬਿਆਨ ਕਰ ਗਈ।

98147 22408

ਗ਼ਦਰੀ ਸੂਰਬੀਰ: ਕਰਤਾਰ ਸਿੰਘ ਸਰਾਭਾ

16 ਨਵੰਬਰ 1915 ਨੂੰ ਸਾਢੇ ਉੱਨੀ ਵਰ੍ਹਿਆਂ ਦੇ ਨੌਜਵਾਨ ਕਰਤਾਰ ਸਿੰਘ ਸਰਾਭਾ ਨੂੰ ਉਸਦੇ ਛੇ ਹੋਰ ਸਾਥੀਆਂ ਸਮੇਤ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।



ਬਾਬਾ ਸੋਹਣ ਸਿੰਘ ਭਕਨਾ ਦੀਆਂ ਯਾਦਾਂ ਵਿੱਚ ਇੱਕ ਅਜਿਹਾ ਜ਼ਿਕਰ ਮਿਲਦਾ ਹੈ। ਸਰਾਭਾ ਨੇ ਜੇਲ੍ਹ ਦੀ ਕੰਧ 'ਤੇ ਲਿਖ ਦਿੱਤਾ ਸੀ, "ਸ਼ਹੀਦ ਦਾ ਖ਼ੂਨ ਵਿਅਰਥ ਨਹੀਂ ਜਾਂਦਾ। ਆਖਰ ਇਹ ਰੰਗ ਲਿਆਏਗਾ।" ਬਾਬਾ ਭਕਨਾ ਨੇ ਕਿਹਾ, "ਕਰਤਾਰ ਸਿੰਘ, ਇੱਥੇ ਜੇਲ੍ਹ ਵਿੱਚ ਤਾਂ ਹੱਡੀਆਂ ਵੀ ਗਲ ਜਾਂਦੀਆਂ ਹਨ, ਬਾਹਰ ਕਿਵੇਂ ਖ਼ਬਰ ਜਾਵੇਗੀ ਤੇ ਸ਼ਹੀਦਾਂ ਦਾ ਖ਼ੂਨ ਫਿਰ ਕਿਵੇਂ ਰੰਗ ਲਿਆਵੇਗਾ ?" ਸਰਾਭਾ ਦਾ ਜੁਆਬ ਸੀ, "ਪ੍ਰਧਾਨ ਜੀ, ਅੱਜ ਨਹੀਂ ਤਾਂ ਕੱਲ੍ਹ ਜਾਂ ਪਰਸੋਂ ਬਾਹਰ ਜਾ ਕੇ ਖ਼ੂਨ ਰੰਗ ਲਿਆਵੇਗਾ ਹੀ।"

ਚਮਨ ਲਾਲ

ਨਸ਼ਤਰਾਂ

ਸੌ ਕਰੋੜ ਦੇ ਖਰੀਦ ਲਿਆਇਆ ਚੀਤੇ,
ਦੇਸ਼ ਦੇ ਵਿਕਾਸ ਵਾਸਤੇ।

***

ਹਰੇ ਪਿੰਨ ਵਾਲ਼ੀ ਸਰਕਾਰ ਨੇ,
ਮੋਢੇ ਉੱਤੇ ਡਾਂਗਾਂ ਰੱਖੀਆਂ।

***

ਫਲੈਕਸ ਬੋਰਡਾਂ 'ਤੇ ਕੰਮ ਸਾਡਾ ਬੋਲੇ,
ਰੰਗਲਾ ਪੰਜਾਬ ਹੋ ਗਿਆ।

***

ਸਾਡਾ ਮੰਤਰੀ ਮਿੱਧ ਕੇ ਰੱਖ ਦੂ ,
ਜੇਲ੍ਹ ਦੀਆਂ ਖਾਂਦਾ ਰੋਟੀਆਂ।

***

ਅਸੀਂ ਸੜਕਾਂ 'ਤੇ ਰੋਲਦੇ ਕਿਸਾਨੀ
ਮਿੱਤਰਾਂ ਦਾ ਕੰਮ ਬੋਲਦਾ।

***

ਮੂਧੇ ਮੂੰਹ ਡਿੱਗਾ ਡਾਲਰਾਂ ਦੇ ਮੂਹਰੇ
ਰੁਪਈਏ 'ਤੇ ਗਣੇਸ਼ ਛਾਪ ਦਿਓ।



ਜਗਸੀਰ ਜੀਦਾ
(94173-33203)

ਦੇਸ਼ ਦੀ 71 ਫੀਸਦੀ ਅਬਾਦੀ ਕੋਲ ਖਾਣ ਲਈ ਸੰਤੁਲਿਤ ਭੋਜਨ ਨਹੀਂ !

ਪੁਸ਼ਪਿੰਦਰ

ਰੋਟੀ, ਕੱਪੜਾ ਅਤੇ ਮਕਾਨ ਮਨੁੱਖ ਦੇ ਜਿਊਂਦੇ ਰਹਿਣ ਲਈ ਬਹੁਤ ਜ਼ਰੂਰੀ ਹਨ, ਪਰ ਧਰਤੀ ਦੀ ਵੱਡੀ ਅਬਾਦੀ ਇਹਨਾਂ ਮੁੱਢਲੀਆਂ ਲੋੜਾਂ ਤੋਂ ਦੂਰ ਹੈ। ਜੇ ਅਸੀਂ ਆਪਣੇ ਦੇਸ਼ ਭਾਰਤ ਦੀ ਗੱਲ ਕਰੀਏ ਤਾਂ ਇੱਥੇ 27 ਫੀਸਦੀ ਅਬਾਦੀ ਝੁੱਗੀਆਂ ਅਤੇ ਝੌਂਪੜੀਆਂ 'ਚ ਰਹਿਣ ਲਈ ਮਜਬੂਰ ਹੈ। ਹਰ ਸਾਲ ਪੌਸ਼ਟਿਕ ਖਾਣਾ ਨਾ ਖਾਣ ਕਰਕੇ ਇੱਥੇ 10.7 ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਇਹ ਉਸੇ ਦੇਸ਼ ਦਾ ਅੰਕੜਾ ਹੈ ਜਿਸ ਦੇਸ਼ ਦਾ ਪ੍ਰਧਾਨ ਮੰਤਰੀ ਭਾਰਤ ਦੇ 'ਵਿਸ਼ਵ-ਗੁਰੂ' ਹੋਣ ਦੇ ਹੋਕੇ ਦੇ ਰਿਹਾ ਹੈ।

ਪਿਛਲੇ ਦਿਨੀਂ 3 ਜੂਨ ਨੂੰ ਸੈਂਟਰ ਫਾਰ ਸਾਇੰਸ ਐਂਡ ਇਨਵਾਇਰਮੈਂਟ ਅਤੇ 'ਡਾਊਨ ਟੂ ਅਰਥ' ਦੁਆਰਾ ਇੱਕ ਰਿਪੋਰਟ ਜਾਰੀ ਕੀਤੀ ਗਈ ਜਿਸ 'ਚ ਦੱਸਿਆ ਗਿਆ ਕਿ ਦੇਸ਼ 'ਚ 71 ਫੀਸਦੀ ਲੋਕਾਂ ਨੂੰ ਖਾਣ ਲਈ ਸੰਤੁਲਿਤ ਭੋਜਨ ਤੱਕ ਨਹੀਂ ਮਿਲਦਾ। ਸੰਸਾਰ ਪੱਧਰ 'ਤੇ ਇਹ ਅੰਕੜਾ 42 ਫੀਸਦੀ ਹੈ। ਪੌਸ਼ਟਿਕ ਭੋਜਨ ਨਾ ਖਾਣ ਕਰਕੇ ਸਾਹ ਦੀਆਂ ਬਿਮਾਰੀਆਂ, ਸ਼ੂਗਰ, ਕੈਂਸਰ ਅਤੇ ਦਿਲ ਦੀਆਂ ਭਿਆਨਕ ਬਿਮਾਰੀਆਂ ਲੱਗਦੀਆਂ ਹਨ ਅਤੇ ਵਕਤ ਤੋਂ ਪਹਿਲਾਂ ਮੌਤਾਂ ਹੋ ਜਾਂਦੀਆਂ ਹਨ।

'ਸੰਸਾਰ ਨਿਊਟਰੀਸ਼ਨ ਰਿਪੋਰਟ 2022' ਵਿੱਚ ਕਿਹਾ ਗਿਆ ਹੈ ਕਿ ਭਾਰਤੀਆਂ ਦੇ ਖਾਣੇ 'ਚ ਫਲ, ਸਬਜ਼ੀ, ਫਲੀਦਾਰ ਅਤੇ ਸੁੱਕੇ ਮੇਵੇ ਆਦਿ ਦੀ ਘਾਟ ਹੁੰਦੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ 20 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕ ਇੱਕ ਦਿਨ ਵਿੱਚ ਸਿਰਫ 35.8 ਗ੍ਰਾਮ ਫ਼ਲ ਅਤੇ 168.7 ਗ੍ਰਾਮ ਸਬਜ਼ੀਆਂ ਦਾ ਹੀ ਉਪਭੋਗ ਕਰਦੇ ਹਨ ਜਦੋਂ ਕਿ ਸਿਹਤ ਮਾਹਿਰਾਂ ਦੁਆਰਾ ਇੱਕ ਵਿਅਕਤੀ ਲਈ ਇੱਕ ਦਿਨ 'ਚ 200 ਗ੍ਰਾਮ ਫ਼ਲ ਅਤੇ 300 ਗ੍ਰਾਮ ਸਬਜੀਆਂ ਖਾਣ ਦੇ ਸੁਝਾਅ ਦਿੱਤੇ ਗਏ ਹਨ।

'ਭੋਜਨ ਖੇਤੀ ਸੰਸਥਾ' ਮੁਤਾਬਕ ਜੇਕਰ ਸੰਤੁਲਿਤ ਭੋਜਨ ਦੀ ਕੀਮਤ ਇੱਕ ਵਿਅਕਤੀ ਦੀ ਆਮਦਨ ਦੇ 63 ਫੀਸਦੀ ਤੋਂ ਪਾਰ ਹੋ ਜਾਂਦੀ ਹੈ ਤਾਂ ਭੋਜਨ ਉਹਨਾਂ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਜਾਂਦਾ ਹੈ। ਲਗਾਤਾਰ ਵਧਦੀ ਮਹਿੰਗਾਈ ਭੋਜਨ ਨੂੰ ਹੋਰ ਵੀ ਮਹਿੰਗਾ ਕਰੇਗੀ। ਭਾਰਤ ਵਰਗੇ ਦੇਸ਼ 'ਚ ਜਿੱਥੇ ਪਹਿਲਾਂ ਹੀ ਕੁਪੋਸ਼ਨ ਨਾਲ ਲੱਖਾਂ ਲੋਕ ਜੂਝਦੇ ਮੌਤ ਦੇ ਮੂੰਹ 'ਚ ਸਮਾ ਜਾਂਦੇ ਹਨ ਉੱਥੇ ਅਜਿਹੇ ਹਾਲਾਤ ਹੋਰ ਵੀ ਭਿਅੰਕਰ ਸਥਿਤੀ ਪੈਦਾ ਕਰਨਗੇ। ਅੱਜ ਵੀ ਭਾਰਤ 'ਚ ਰੋਜ਼ਾਨਾ 8,000 ਬੱਚੇ ਭੁੱਖੇ ਜਾਂ ਭੁੱਖ ਨਾਲ ਹੋਣ ਵਾਲੀਆਂ ਬੀਮਾਰੀਆਂ ਨਾਲ ਮਰ ਜਾਂਦੇ ਹਨ।


ਇਸ ਵੇਲੇ ਮਹਿੰਗਾਈ ਦੀ ਦਰ 8.38 ਫੀਸਦੀ ਹੈ। ਪਿਛਲੇ ਡੇਢ ਸਾਲ ਵਿੱਚ ਖਾਧ ਪਦਾਰਥਾਂ ਦੀਆਂ ਕੀਮਤਾਂ ਕਰੀਬ ਦੁੱਗਣੀਆਂ ਹੋ ਗਈਆਂ ਹਨ।

ਇਕ ਪਾਸੇ ਲੋਕਾਂ ਕੋਲ ਖਾਣ ਲਈ ਪੌਸ਼ਟਿਕ ਭੋਜਨ ਨਹੀਂ ਹੈ, ਉੱਥੇ ਹੀ ਦੂਜੇ ਪਾਸੇ ਭਾਰਤ ਵਿੱਚ ਹਰ ਸਾਲ 680 ਲੱਖ ਟਨ ਖਾਣਾ ਬਰਬਾਦ ਕਰ ਦਿੱਤਾ ਜਾਂਦਾ ਹੈ। ਫਲ਼, ਸਬਜ਼ੀਆਂ, ਅਤੇ ਅਨਾਜ ਆਪਣੇ ਦੇਸ਼ 'ਚ ਇੰਨੀ ਮਾਤਰਾ 'ਚ ਪੈਦਾ ਹੁੰਦਾ ਹੈ ਕਿ ਸਾਰੇ ਲੋਕਾਂ ਨੂੰ ਆਸਾਨੀ ਨਾਲ ਭੋਜਨ ਮੁਹੱਈਆ ਕਰਵਾਇਆ ਜਾ ਸਕਦਾ ਹੈ। ਫਲ਼ ਅਤੇ ਸਬਜ਼ੀਆਂ ਦੀ ਪੈਦਾਵਾਰ 'ਚ ਆਪਣਾ ਦੇਸ਼ ਦੁਨੀਆਂ ਦੇ ਦੂਜੇ ਸਥਾਨ ਉੱਤੇ ਆਉਂਦਾ ਹੈ। ਫਲ ਅਤੇ ਸਬਜ਼ੀਆਂ ਸਰਮਾਏਦਾਰਾਂ ਦੇ ਗੁਦਾਮਾਂ 'ਚ ਖਰਾਬ ਹੋ ਜਾਂਦੀਆਂ ਹਨ, ਸੜ ਜਾਂਦੀਆਂ ਹਨ। ਮਤਲਬ ਮਸਲਾ ਭੋਜਨ ਪਦਾਰਥਾਂ ਦੀ ਘਾਟ ਦਾ ਨਹੀਂ ਹੈ, ਸਗੋਂ ਕਾਰਨ ਇਹ ਹੈ ਕਿ ਲੋਕਾਂ ਵਿੱਚ ਖਰੀਦਣ ਦੀ ਸਮਰੱਥਾ ਨਹੀਂ ਹੈ। ਦਿਨੋਂ-ਦਿਨ ਵਧ ਰਹੀ ਮਹਿੰਗਾਈ ਲੋਕਾਂ ਨੂੰ ਆਪਣੇ ਭੋਜਨ ਵਿੱਚ ਹੋਰ ਵੀ ਕਟੌਤੀ ਕਰਨ ਲਈ ਮਜਬੂਰ ਕਰ ਰਹੀ ਹੈ। ਇਸ ਸਰਮਾਏਦਾਰਾ ਪ੍ਰਬੰਧ ਵਿੱਚ ਲੋਕਾਂ ਨੂੰ ਸਸਤਾ ਜਾਂ ਮੁਫ਼ਤ ਭੋਜਣ ਮੁਹੱਈਆ ਕਰਵਾਉਣ ਦੀ ਥਾਂ ਸਰਮਾਏਦਾਰ ਇਸਦੇ ਗਲ਼-ਸੜ ਜਾਣ ਨੂੰ ਪਹਿਲ ਦਿੰਦੇ ਹਨ।

ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਭ ਨੂੰ ਸੰਤੁਲਿਤ ਭੋਜਨ ਮੁਹੱਈਆ ਕਰਵਾਏ। ਭੋਜਨ ਪਦਾਰਥਾਂ ਦੀਆਂ ਕੀਮਤਾਂ ਨੂੰ ਕਾਬੂ ਕਰੇ, ਮਹਿਗਾਈ ਨੂੰ ਨੱਥ ਪਾਵੇ, ਉਜਰਤਾਂ 'ਚ ਵਾਧਾ ਕਰਕੇ ਲੋਕਾਂ ਦੀ ਆਮਦਨ ਵਧਾਵੇ ਤੇ ਸਸਤੇ/ਮੁਫ਼ਤ ਰਾਸ਼ਨ ਦੀ ਜਨਤਕ ਵੰਡ ਪ੍ਰਣਾਲੀ ਨੂੰ ਮਜਬੂਤ ਕਰੇ। ਪਰ ਸਰਮਾਏਦਾਰਾਂ ਦੀਆਂ ਚਾਕਰ ਸਰਕਾਰਾਂ ਅਜਿਹਾ ਕਰਨ ਲਈ ਤਿਆਰ ਨਹੀਂ ਹੁੰਦੀਆਂ। ਜਿਹੜਾ ਸਰਮਾਏਦਾਰਾ ਪ੍ਰਬੰਧ ਭੋਜਨ ਦੀ ਬਹੁਤਾਤ ਹੁੰਦਿਆਂ ਵੀ ਲੋਕਾਂ ਨੂੰ ਵਿਰਵੇ ਰੱਖਦਾ ਹੈ, ਉਸਨੂੰ ਢਾਹ ਦਿੱਤਾ ਜਾਣਾ ਚਾਹੀਦਾ ਹੈ।

ਕੇਸ ਰਿਪੋਰਟ :

ਸੁਪਨਿਆਂ ਦੀ ਪ੍ਰਵਾਜ਼



ਚੰਨਣ ਵਾਂਦਰ

ਕੁੱਝ ਸਾਲ ਪਹਿਲਾਂ ਦੀ ਗੱਲ ਹੈ। ਬਰਗਾੜੀ ਕੇਂਦਰ ਖੁੱਲਦਿਆਂ ਹੀ ਬਾਹਰ ਇੱਕ ਗੱਡੀ ਆ ਕੇ ਰੁਕੀ। ਪਰਿਵਾਰ ਦੇ ਪੰਜ ਛੇ ਮੈਂਬਰ ਉੱਤਰੇ। ਦੋ ਬਜ਼ੁਰਗ ਮਾਂ ਬਾਪ ਤੇ ਬਾਲ ਬੱਚੇ। ਸਾਰੇ ਕਿਸੇ ਚਿੰਤਾ ਵਿੱਚ ਗ੍ਰਸੇ ਨਜ਼ਰ ਆਏ। ਬਜ਼ੁਰਗ ਜੋੜੇ ਦੇ ਚਿਹਰੇ ਤੋਂ ਉਦਾਸੀ ਸਾਫ਼ ਝਲਕ ਰਹੀ ਸੀ। ਨਾਲ ਇੱਕ ਸਕੂਲ ਪੜ੍ਹਦੀ ਜਾਪਦੀ ਲੜਕੀ ਵੀ ਸੀ, ਚੁੱਪ ਚਾਪ ਬੈਠੀ। ਪਹਿਲਾਂ ਉਨ੍ਹਾਂ ਨੂੰ ਹੀ ਬੁਲਾਇਆ ਗਿਆ। ਬਜ਼ੁਰਗ ਸਾਡੇ ਕੋਲ ਆ ਬੈਠੇ। ਮਾਤਾ ਦੱਸਣ ਲੱਗੇ, ਪੁੱਤ, ਏਹ ਸਾਡਾ ਪਰਿਵਾਰ ਐ। ਬਹੁਤ ਦੂਰੋਂ ਤੁਹਾਡਾ ਜੱਸ ਸੁਣ ਕੇ ਆਏ ਹਾਂ। ਸਾਡੀ ਪੋਤੀ ਦੀ ਬੀਮਾਰੀ ਦਾ ਕੁਸ਼ ਪਤਾ ਨੀਂ ਚਲਦਾ। ਮੇਰੇ ਪੁੱਤ ਨੂੰਹ ਵੀ ਨਾਲ ਨੇ। ਅਸੀਂ ਬਹੁਤ ਪ੍ਰੇਸ਼ਾਨ ਤੇ ਦੁਖੀ ਹਾਂ, ਪੁੱਤ। ਘਰੇ ਕਿਸੇ ਚੀਜ਼ ਦਾ ਘਾਟਾ ਨੀਂ। ਸੁਖ ਨਾਲ ਹਰ ਸੁਖ ਸਹੂਲਤ ਐ ਸਾਡੇ ਕੋਲ। ਪਰ ਚੈਨ ਕਿਧਰੇ ਗੁਆਚ ਗਿਐ। ਦਿਨ ਭਰ ਕਲਪਨਾ ਲੱਗੀ ਰਹਿੰਦੀ ਐ। ਕਈ ਵਾਰ ਅੱਕੇ, ਸਤੇ ਘਰ ਦੇ ਜੀਅ ਆਪਸ ਵਿੱਚ ਵੀ ਬੋਲ ਪੈਂਦੇ ਨੇ। ਅਸੀਂ ਹਰ ਹੀਲਾ ਵਰਤ ਕੇ ਵੇਖ ਲਿਆ ਪਰ ਕਿਤੋਂ ਵੀ ਸਹਾਰਾ ਨੀਂ ਮਿਲਿਆ।

ਪਰਿਵਾਰ ਦੀ ਗਾਥਾ

ਸਾਡੇ ਪੁੱਛਣ 'ਤੇ ਮਾਤਾ ਨੇ ਘਰ ਪਰਿਵਾਰ ਬਾਰੇ ਦੱਸਿਆ। ਸੁਖ ਨਾਲ ਦੋ ਪੁੱਤ ਨੇ ਸਾਡੇ ਥੋਡੇ ਵਰਗੇ। ਵਿਆਹੇ ਵਰੇ, ਘਰ ਪਰਿਵਾਰ ਵਾਲ਼ੇ। ਸਾਂਝਾ ਖ਼ੇਤ ਹੈ। ਚੰਗੀ ਗੁਜ਼ਾਰੇ ਜੋਗੀ ਪਿਤਾ ਪੁਰਖੀ ਜ਼ਮੀਨ ਐ। ਦੋਹਾਂ ਮੁੰਡਿਆਂ ਦੇ ਇੱਕ ਇੱਕ ਮੁੰਡਾ ਤੇ ਇੱਕ ਇੱਕ ਧੀ ਹੈ। ਘਰੇ ਕਿਸੇ ਤਰ੍ਹਾਂ ਦਾ ਕੋਈ ਰੌਲਾ ਨੀਂ। ਨਾ ਵੰਡ ਵੰਡਾਈ ਦਾ, ਨਾ ਕੋਈ ਕੰਮ ਧੰਦੇ ਦਾ। ਦੋਵੇਂ ਨੂੰਹਾਂ ਬਹੁਤ ਚੰਗੀਆਂ ਨੇ। ਕੋਈ ਤੇਰ ਮੇਰ ਨੀਂ ਕਰਦੀਆਂ। ਬੱਸ ਆਹ ਛੋਟੇ ਮੁੰਡੇ ਦੀ ਸਕੂਲ ਪੜ੍ਹ ਦੀ ਕੁੜੀ ਕਰਕੇ ਪ੍ਰੇਸ਼ਾਨ ਹਾਂ। ਅੱਠਵੀਂ ਜਮਾਤ ਤੱਕ ਤਾਂ ਸਭ ਕੁਸ਼ ਠੀਕ ਰਿਹਾ। ਪੜ੍ਹਾਈ ਵਿੱਚ ਲੱਗੀ ਰਹਿੰਦੀ। ਦਸਵੀਂ ਦੇ ਪੇਪਰਾਂ ਵਿੱਚੋਂ ਬਹੁਤ ਚੰਗੇ ਨੰਬਰ ਆਏ। ਸਕੂਲ ਆਲੇ ਮਾਸਟਰ ਦਸਦੇ ਸੀ, ਅਖੇ ਕੀ ਕਹਿੰਦੇ, ਮੈਰਿਟ ਵਿੱਚ ਆਈ ਸੀ। ਸਾਰੇ ਸਕੂਲ਼, ਪਿੰਡ ਨੇ ਵਧਾਈਆਂ ਦਿੱਤੀਆਂ। ਸਾਡਾ ਸਾਰਿਆਂ ਦਾ ਮਾਣ ਵਧਾਇਆ ਧੀ ਨੇ। ਜਦੋਂ ਵੱਡੇ ਮੁੰਡੇ ਦੀ ਲੜਕੀ ਨੇ ਬਾਰਾਂ ਪਾਸ ਕਰ ਲਈਆਂ। ਉਸਤੋਂ ਬਾਅਦ ਏਹਨੂੰ ਕੁਸ਼ ਹੋ ਗਿਆ। ਵੇਖਦੇ ਵੇਖਦੇ, ਆਹ ਦਿਨ ਆ ਗਏ।

ਵਕਤ ਦੀ ਗੱਲ :

ਪੁੱਤ, ਪਹਿਲਾਂ ਤਾਂ ਏਹ ਕੁੜੀ ਚੰਗੀ ਭਲੀ ਸੀ। ਘਰੇ ਰੌਣਕ ਲਾਈ ਰੱਖਦੀ। ਸਾਨੂੰ ਰੋਟੀ, ਪਾਣੀ ਫੜਾਉਂਦੀ। ਘਰੇ ਕੰਮ ਕਾਰ ਕਰਾਉਂਦੀ। ਸਕੂਲ ਦੇ ਕੰਮ ਵਿੱਚ ਜੁਟੀ ਰਹਿੰਦੀ। ਹਸਦੀ, ਖੇਡਦੀ। ਘਰ ਵਿੱਚ ਰੌਣਕ ਲਾਈ ਰਖਦੀ। ਸਕੂਲੋਂ ਵੀ ਸੁੱਖ ਨਾਲ ਸ਼ਾਬਾਸ਼ ਲੈ ਕੇ ਆਉਂਦੀ। ਮਾਸਟਰ ਆਖਦੇ, ਬਹੁਤ ਸਿਆਣੀ ਤੇ ਹੁਸ਼ਿਆਰ ਕੁੜੀ ਐ। ਪੜ੍ਹ ਲਿਖ ਕੇ ਸਾਰੇ ਪਰਿਵਾਰ ਦਾ ਨਾਂ ਰੌਸ਼ਨ ਕਰੂ। ਪਰ ਪਤਾ ਨੀਂ ਦਸਵੀਂ ਤੋਂ ਬਾਰ੍ਹਵੀਂ ਤੱਕ ਆਉਂਦਿਆਂ ਏਹਨੂੰ ਕਿਹੜੀ ਵਾ ਲੱਗ ਗਈ। ਹੌਲੀ ਹੌਲੀ ਸਾਰੇ ਕੰਮਾਂ ਵੱਲੋਂ ਏਹਦਾ ਧਿਆਨ ਹਟਦਾ ਗਿਆ। ਹੁਣ ਬਾਰ੍ਹਵੀਂ ਦੇ ਪੇਪਰ ਨੇੜੇ ਹਨ। ਇਹ ਖਾਣਾ, ਪੀਣਾ ਤੇ ਪੜ੍ਹਨਾ ਭੁੱਲ ਗਈ ਐ। ਸਕੂਲ ਵਾਲੇ ਮਾਸਟਰ ਵੀ ਪ੍ਰੇਸ਼ਾਨ ਨੇ। ਮਨ ਦੀ ਗੰਢ ਹੀ ਨੀਂ ਖੋਲ੍ਹ ਦੀ। ਚੁੱਪ ਚਾਪ ਬੈਠੀ ਰਹਿੰਦੀ ਐ। ਜੀਅ ਕਰੇ ਤਾਂ ਰੋਟੀ ਖ਼ਾ ਲੈਂਦੀ ਐ। ਨਹੀਂ, ਆਖ ਦਿੰਦੀ ਆ, ਭੁੱਖ ਨੀਂ। ਏਹਦੀ ਮਾਂ ਦਾ ਤਾਂ ਬੁਰਾ ਹਾਲ ਹੈ। ਪਤਾ ਨੀਂ ਕੀ ਗਲਤੀ ਹੋਗੀ ਸਾਥੋਂ। ਚੰਗੀ ਭਲੀ ਕੁੜੀ ਰੋਗਣ ਬਣ ਗਈ। ਮਾਸਟਰਾਂ ਦੇ ਕਹਿਣ ਤੇ ਅਸੀਂ ਤਾਂ ਇਸਨੂੰ ਵੱਡੇ ਪ੍ਰਾਈਵੇਟ ਹਸਪਤਾਲਾਂ ਵਿੱਚ ਵੀ ਵਿਖਾਇਆ। ਮੋਟੀਆਂ ਫੀਸਾਂ ਤਾਰੀਆਂ। ਰਿਪੋਟਾਂ ਤੇ ਦਵਾਈਆਂ ਦੇ ਕੇ ਮੋੜਦੇ ਰਹੇ। ਕਹਿੰਦੇ ਜਲਦੀ ਠੀਕ ਹੋ ਜਾਊ ਪਰ ਕੋਈ ਫਰਕ ਨੀਂ ਪਿਆ। ਦਿਮਾਗ਼ ਵਾਲੇ ਡਾਕਟਰਾਂ ਨੂੰ ਵੀ ਵਿਖਾਇਆ। ਉਹ ਕਹਿੰਦੇ, ਦਿਮਾਗ ਤੇ ਬੋਝ ਹੈ। ਪੁੱਤ ਘਰੇ ਕੋਈ ਘਾਟ ਨੀਂ, ਨਾ ਕੋਈ ਦੁੱਖ ਤਕਲੀਫ਼ ਐ। ਆਹ ਦਿਮਾਗ ਤੇ ਬੋਝ ਆਲੀ ਗੱਲ ਸਾਨੂੰ ਤਾਂ ਸਮਝ ਨੀ ਆਈ।

ਓਹੜ ਪੋਹੜ:

ਅਸੀਂ ਆਪਣੇ ਵੱਲੋਂ ਕੁੜੀ ਦੇ ਇਲਾਜ ਲਈ ਕੋਈ ਕਸਰ ਨੀਂ ਛੱਡੀ। ਜਦੋਂ ਡਾਕਟਰੀ ਇਲਾਜ ਤੋਂ ਫ਼ਰਕ ਨਾ ਪਿਆ ਤਾਂ ਰਿਸ਼ਤੇਦਾਰਾਂ ਦੇ ਕਹੇ ਸੁਣੇ ਡੇਰਿਆਂ ਤੇ ਚੌਂਕੀਆਂ ਵੀ ਭਰੀਆਂ। ਉਹ ਕਹਿੰਦੇ ਕਿ ਤੁਹਾਡਾ ਕੋਈ ਔਂਤ ਮਰਿਆ, ਉਸਦੀ ਮੰਨ ਮਨੌਤ ਕਰੋ। ਖ਼ੇਤ ਵਿੱਚ ਥਾਂ ਬਣਾਓ ਉਸਦਾ। ਸੁੱਖਣਾ, ਕੜਾਹੀਆਂ ਬਥੇਰੀਆਂ ਦਿੱਤੀਆਂ। ਚੋਰੀ ਛਿਪੇ ਪੁੱਛਾਂ ਵਾਲਿਆਂ ਕੋਲ ਵੀ ਗਈਆਂ। ਪਰ ਹੱਥ ਪੱਲੇ ਕੁਸ਼ ਨੀਂ ਪਿਆ ਸਾਡੇ। ਹੁਣ ਤਾਂ ਅਸੀਂ ਅੱਕ ਥੱਕ ਕੇ ਘਰ ਬੈਠ ਗਏ ਸਾਂ। ਕਿਸੇ ਪੜ੍ਹੇ ਲਿਖੇ ਰਿਸ਼ਤੇਦਾਰ ਨੇ ਏਥੇ ਤੁਹਾਡੇ ਕੋਲ ਭੇਜਿਆ। ਬੱਸ, ਪੁੱਤ ਏਨੀ ਕੁ ਹੱਡ ਬੀਤੀ ਐ ਸਾਡੀ। ਸਾਡਾ ਮਸਲਾ ਹੱਲ ਕਰ ਦਿਓ ਪੁੱਤ। ਸਾਰੀ ਉਮਰ ਗੁਣ ਨੀਂ ਭੁਲਾਉਂਦੇ ਥੋਡਾ। ਅਸੀਂ ਵੀ ਵਿਸ਼ਵਾਸ਼ ਦਿਵਾਇਆ ਕਿ ਆਪਣੇ ਵੱਲੋਂ ਪੂਰੀ ਕੋਸਿਸ਼ ਕਰਾਂਗੇ, ਪਹਿਲਾਂ ਪੂਰੀ ਗੱਲ ਸਮਝ ਲਈਏ।

ਮਾਂ ਬਾਪ ਦਾ ਦਿਲ:

ਬਜ਼ੁਰਗਾਂ ਤੋਂ ਬਾਅਦ ਅਸੀਂ ਲੜਕੀ ਦੇ ਮਾਂ ਬਾਪ ਨੂੰ ਬੁਲਾਇਆ। ਲੜਕੀ ਦੀ ਮਾਂ ਆਪਣੀ ਧੀ ਦੀ ਬੀਮਾਰੀ ਤੋਂ ਬਹੁਤ ਪ੍ਰੇਸ਼ਾਨ ਸੀ। ਬਾਪ ਖ਼ੇਤ ਦੇ ਕੰਮ ਕਾਰ ਵਿੱਚ ਰੁੱਝਾ ਰਹਿਣ ਵਾਲਾ ਵਿਅਕਤੀ ਸੀ। ਉਸਦਾ ਘਰ ਪਰਿਵਾਰ ਦੇ ਕੰਮਾਂ ਵਿੱਚ ਬਹੁਤਾ ਦਖਲ ਨਹੀਂ ਸੀ। ਪੁੱਛਣ 'ਤੇ ਲੜਕੀ ਦੀ ਮਾਂ ਨੇ ਦੱਸਿਆ ਕਿ ਸਾਡੇ ਘਰ ਦਾ ਮਾਹੌਲ ਬਹੁਤ ਚੰਗਾ ਹੈ। ਸਾਰੇ ਰਲ ਮਿਲ ਕੇ ਰਹਿੰਦੇ ਹਾਂ। ਸਾਡਾ ਔਰਤਾਂ ਦਾ ਆਪਸ ਵਿੱਚ ਕੋਈ ਗੁੱਸਾ ਗਿਲਾ ਨਹੀਂ। ਘਰ ਦਾ ਸਾਰਾ ਕੰਮ ਵੰਡ, ਮਿਲ ਕੇ ਕਰਦੇ ਹਾਂ। ਬੰਦੇ ਖੇਤਾਂ ਦਾ ਕੰਮ ਸੰਭਾਲਦੇ ਹਨ ਤਾਂ ਅਸੀਂ ਘਰ ਦਾ। ਜ਼ਮੀਨ ਅਜੇ ਸਾਂਝੀ ਹੈ। ਬਾਪੂ ਜੀ ਮੁਖੀ ਹਨ, ਘਰ ਵਿੱਚ ਕੋਈ ਵਿਤਕਰਾ ਨਹੀਂ ਹੈ। ਪਤਾ ਨਹੀਂ ਕਿਉਂ ਮੇਰੀ ਧੀ ਰੋਮੀ ਨੂੰ ਕੀ ਹੋ ਗਿਆ ਹੈ। ਚੰਗੀ ਭਲੀ, ਸਿਆਣੀ, ਸਾਰਿਆਂ ਦਾ ਦਿਲ ਲਗਾ ਕੇ ਰਖਦੀ ਸੀ। ਹੁਣ ਉਸ ਦੀ ਬੀਮਾਰੀ ਦਾ ਕੁਸ਼ ਪਤਾ ਨੀਂ ਚਲਦਾ।

ਮੇਰੇ ਜੇਠ ਦੀ ਕੁੜੀ ਦੇ ਬਾਰਾਂ ਜਮਾਤਾਂ ਕਰਨ ਤੋਂ ਬਾਅਦ ਬਾਅਦ ਹੀ ਇਹ ਬੀਮਾਰ ਹੋਈ ਹੈ। ਬਾਕੀ ਘਰ ਪਰਿਵਾਰ ਬਾਰੇ ਮਾਂ ਜੀ ਨੇ ਤੁਹਾਨੂੰ ਦੱਸ ਹੀ ਦਿੱਤਾ ਹੋਣਾ। ਮਾਂ ਤੋਂ ਏਨੀ ਜਾਣਕਾਰੀ ਕੇਸ ਸਮਝਣ ਲਈ ਬਹੁਤ ਸੀ। ਆਖ਼ਰ ਵਿੱਚ ਅਸੀਂ ਰੋਮੀ ਨੂੰ ਬੁਲਾਇਆ।

ਸਹੀ ਦਿਸ਼ਾ ਵੱਲ :

ਰੋਮੀ ਦੇ ਆਉਣ ਤੋਂ ਪਹਿਲਾਂ ਅਸੀਂ ਆਪਸ ਵਿੱਚ ਰਾਇ ਮਸ਼ਵਰਾ ਸਾਂਝਾ ਕੀਤਾ। ਕੇਸ ਨੂੰ ਸਮਝਣ ਲਈ ਜਾਣਕਾਰੀ ਮਿਲ ਗਈ ਸੀ। ਇਹ ਸੁਖ਼ਦ ਵਰਤਾਰਾ ਸੀ ਕਿ ਪਰਿਵਾਰ ਆਪਸ ਵਿੱਚ ਸਾਂਝ, ਸਨੇਹ ਰੱਖਣ ਵਾਲਾ ਸੀ। ਇਹ ਰੋਮੀ ਤੋਂ ਹੀ ਪਤਾ ਲੱਗਣਾ ਸੀ ਕਿ ਬੀਮਾਰੀ ਦਾ ਕੀ ਰਾਜ਼ ਹੈ। ਕੇਸ ਦੇ ਆਖਰੀ ਪੜਾਅ 'ਤੇ ਰੋਮੀ ਸਾਡੇ ਸਾਹਮਣੇ ਚੁੱਪ ਚਾਪ ਆ ਬੈਠੀ।

ਨਿਰਾਸ਼, ਹਤਾਸ਼ ਮਨ :

ਚਿਹਰੇ 'ਤੇ ਨਿਰਾਸ਼ਾ। ਸਰੀਰ ਥੱਕਿਆ ਤੇ ਬੀਮਾਰ। ਅਸੀਂ ਉਸਨੂੰ ਵਿਸ਼ਵਾਸ਼ ਵਿੱਚ ਲੈਣ ਲਈ ਗੱਲਬਾਤ ਤੋਰੀ। ਦੇਖ ਬੇਟਾ, ਕੋਸ਼ਿਸ਼ ਕਰਨ 'ਤੇ ਹਰੇਕ ਮਸਲਾ ਹੱਲ ਹੋ ਜਾਂਦਾ। ਤੁਹਾਡੇ ਦਾਦਾ ਦਾਦੀ ਤੇ ਮਾਂ ਬਾਪ ਨੇ ਆਪਣੇ ਵੱਲੋਂ ਸਾਰੀ ਜਾਣਕਾਰੀ ਦੇ ਦਿੱਤੀ ਹੈ। ਹੁਣ ਇਹ ਤੁਹਾਡੇ 'ਤੇ ਨਿਰਭਰ ਹੈ ਕਿ ਤੁਸੀਂ ਠੀਕ ਹੋਣਾ ਚਾਹੁੰਦੇ ਹੋ ਤਾਂ ਸਾਡੇ ਨਾਲ ਸਹਿਯੋਗ ਕਰੋ। ਤੁਹਾਡੀ ਮੁਸ਼ਕਲ ਦਾ ਹੱਲ ਵੀ ਕਰਾਂਗੇ। ਤੁਹਾਡੇ ਕੋਲ ਇਹ ਵਧੀਆ ਮੌਕਾ ਹੈ। ਸਾਨੂੰ ਤੁਹਾਡਾ ਚੰਗਾ ਭਵਿੱਖ ਨਜ਼ਰ ਆਉਂਦਾ ਹੈ। ਉਸਦੇ ਰਸਤੇ ਦੀਆਂ ਰੁਕਾਵਟਾਂ ਵੀ ਆਪਾਂ ਮਿਲ ਬੈਠ ਕੇ ਹੱਲ ਕਰ ਸਕਦੇ ਹਾਂ। ਹਿੰਮਤ ਵਾਲ਼ੇ ਇੱਛਾ ਸ਼ਕਤੀ ਤੇ ਮਿਹਨਤ ਲਗਨ ਨਾਲ ਮੰਜ਼ਿਲਾਂ ਸਰ ਕਰਦੇ ਹਨ। ਅਸੀਂ ਰੋਮੀ ਨੂੰ ਕੁਸ਼ ਪਲ ਸੋਚਣ ਦਾ ਵਕਤ ਦਿੱਤਾ।

ਸੁਪਨਿਆਂ ਦੀ ਪ੍ਰਵਾਜ਼ :

ਰੋਮੀ ਹੌਲੀ ਹੌਲੀ ਬੋਲਣ ਲੱਗੀ। ਅੰਕਲ ਜੀ, ਤੁਹਾਡੀਆਂ ਸਾਰੀਆਂ ਗੱਲਾਂ ਠੀਕ ਨੇ। ਮੇਰੀ ਸੋਚ ਹੀ ਮੇਰੀ ਬੀਮਾਰੀ ਹੈ। ਇਹ ਬਿਲਕੁਲ ਠੀਕ ਹੈ ਕਿ ਪਰਿਵਾਰ ਵਿੱਚ ਆਪਸੀ ਪਿਆਰ ਹੈ। ਪਰ ਘਰ ਦਾ ਮਾਹੌਲ ਲੜਕੀਆਂ ਲਈ ਠੀਕ ਨਹੀਂ। ਸਾਨੂੰ ਬੇਗਾਨਾ ਧਨ ਸਮਝਣ ਵਾਲਾ ਹੈ। ਸੋਚ ਪੁਰਾਣੀ ਹੈ। ਸਾਰਾ ਧਿਆਨ ਜਮੀਨ ਜਾਇਦਾਦ ਵੱਲ ਹੈ। ਦਾਦਾ ਜੀ ਦੇ ਨਾਲ ਤਾਇਆ ਜੀ ਘਰ ਦੇ ਮੁਖੀ ਵਜੋਂ ਕੰਮ ਵੇਖਦੇ ਹਨ। ਪੜ੍ਹਾਈ ਉਨ੍ਹਾਂ ਦੀ ਨਜ਼ਰ ਵਿੱਚ ਕੋਈ ਵੁੱਕਤ ਨਹੀਂ। ਮੇਰੇ ਤਾਏ ਦੀ ਲੜਕੀ ਨੇ ਬਾਰ੍ਹਵੀਂ ਜਮਾਤ ਤੋਂ ਬਾਅਦ ਅੱਗੇ ਪੜ੍ਹਨ ਲਈ ਬਹੁਤ ਮਿੰਨਤ ਤਰਲਾ ਕੀਤਾ ਪਰ ਸੁਣੀਂ ਨੀਂ ਗਈ। ਦਾਦਾ ਜੀ ਨੇ ਵੀ ਹਾਮੀ ਭਰ ਦਿੱਤੀ ਸੀ ਪਰ ਤਾਇਆ ਜੀ ਨਹੀਂ ਮੰਨੇ। ਕਹਿੰਦੇ ਜਦ ਛੋਟੀ ਨੇ (ਭਾਵ ਮੈਂ) ਬਾਰਾਂ ਜਮਾਤਾਂ ਪਾਸ ਕਰ ਲਈਆਂ। ਦੋਹਾਂ ਭੈਣਾਂ ਦਾ ਚੰਗਾ ਘਰ ਵੇਖ ਕੇ ਹੱਥ ਪੀਲੇ ਕਰ ਦਿਆਂਗੇ। ਜਿਸ ਦਿਨ ਦਾ ਇਹ ਸੁਣਿਆ, ਮੇਰਾ ਤਾਂ ਜਿਉਣਾ ਹੀ ਮੁਹਾਲ ਹੋ ਗਿਆ ਹੈ। ਅੰਕਲ ਜੀ, ਮੈਂ ਦਸਵੀਂ ਕਲਾਸ ਵਿੱਚੋਂ ਮੈਰਿਟ ਲਿਸਟ ਵਿੱਚ ਆਈ ਸਾਂ। ਬਾਰ੍ਹਵੀਂ ਵਿੱਚੋਂ ਵੀ ਚੰਗੇ ਅੰਕ ਲੈ ਕੇ ਮੈਂ ਜ਼ਿੰਦਗੀ ਵਿੱਚ ਕੁਝ ਬਣਨਾ ਚਾਹੁੰਦੀ ਹਾਂ। ਮੇਰੇ ਮੰਮੀ, ਅਧਿਆਪਕਾਂ ਤੇ ਪ੍ਰਿੰਸੀਪਲ ਨੂੰ ਮੇਰੇ ਤੋਂ ਬਹੁਤ ਆਸਾਂ ਨੇ। ਮੈਂ ਉਨ੍ਹਾਂ ਨੂੰ ਪੂਰਿਆਂ ਕਰਨਾ ਲੋਚਦੀ ਹਾਂ। ਮੇਰੇ ਵੀ ਸੁਪਨੇ ਨੇ। ਮੈਂ ਖੇਤਾਂ ਵਿਚਲੇ ਵੱਡੇ ਘਰਾਂ ਵਿੱਚ ਕੈਦ ਨਹੀਂ ਰਹਿਣਾ ਚਾਹੁੰਦੀ। ਪੜ੍ਹਾਈ ਨੇ, ਪੁਸਤਕਾਂ ਨੇ ਮੇਰੇ ਸੁਪਨਿਆਂ ਨੂੰ ਖੰਭ ਲਾਏ ਨੇ। ਮੈਂ ਆਪਣੀ ਇੱਛਾ ਨੂੰ ਮਰਦੀ ਨੀਂ ਵੇਖ ਸਕਦੀ। ਤੁਸੀਂ ਮੱਦਦ ਕਰ ਦਿਓ ਤਾਂ ਮਾਂ ਬਾਪ ਵਾਂਗ ਤੁਹਾਡਾ ਉਮਰ ਭਰ ਅਹਿਸਾਨ ਨੀਂ ਭੁੱਲਾਂਗੀ।

ਸੁਖ਼ਦ ਅਹਿਸਾਸ :

ਅਸੀਂ ਪਹਿਲਾਂ ਦਾਦਾ ਦਾਦੀ ਨਾਲ ਤੇ ਫਿਰ ਰੋਮੀ ਦੇ ਮਾਂ ਬਾਪ ਨਾਲ਼ ਗੱਲ ਕੀਤੀ। ਉਹ ਸਹਿਮਤ ਤੇ ਖੁਸ਼ ਸਨ। ਦਾਦਾ ਜੀ ਨੇ ਆਖਿਆ, ਨਾਲੇ ਕੁੜੀ ਦੀ ਬੀਮਾਰੀ ਮੁੱਕੀ ਤੇ ਨਾਲੇ ਉਸਦੀ ਜ਼ਿੰਦਗੀ ਬਣੂੰ। ਸਾਡੇ ਲਈ ਏਸ ਤੋਂ ਵਧੀਆ ਹੋਰ ਹੋ ਸਕਦਾ ਹੈ ? ਇਹ ਖ਼ੁਸ਼ਖਬਰੀ ਰੋਮੀ ਨੂੰ ਸੁਣਾ ਅਗਲੀ ਵਾਰ ਉਸਦੇ ਤਾਇਆ ਜੀ ਨੂੰ ਬੁਲਾਇਆ। ਘਰੇ ਗੱਲ ਚੱਲੀ ਤਾਂ ਉਹ ਸਹਿਜੇ ਹੀ ਸਹਿਮਤ ਹੋ ਗਿਆ। ਕੇਂਦਰ 'ਤੇ ਆ ਕੇ ਉਸਨੇ ਸਹਿਯੋਗ ਲਈ ਧੰਨਵਾਦ ਕੀਤਾ। ਰੋਮੀ ਨੂੰ ਉਸਦੀ ਇੱਛਾ ਅਨੁਸਾਰ ਪੜ੍ਹਾਉਣ ਦਾ ਵਾਅਦਾ ਕਰਕੇ ਮੁੜਿਆ। ਅਗਲੇ ਸਾਲ ਰੋਮੀ ਦੇ ਘਰੋਂ ਫ਼ੋਨ ਆਇਆ ਤੇ ਉਸਨੇ ਦੱਸਿਆ ਕਿ ਉਹ ਬੀ.ਐੱਸ.ਸੀ.ਦੀ ਪੜ੍ਹਾਈ ਕਰ ਰਹੀ ਹੈ। ਉਸਦੇ ਸੁਪਨਿਆਂ ਦੀ ਪ੍ਰਵਾਜ਼ ਸੁਖ਼ਦ ਅਹਿਸਾਸ ਦੇ ਗਈ।

ਮੁਖੀ, ਮਾਨਸਿਕ ਸਿਹਤ ਮਸ਼ਵਰਾ ਕੇਂਦਰ ਬਰਗਾੜੀ

98143 37522


ਕਹਾਣੀ

ਕੁਲਫ਼ੀ

- ਸੁਜਾਨ ਸਿੰਘ

ਮਹੀਨਾ ਮੁੱਕਣ 'ਤੇ ਸੀ ਪਰ ਮੁੱਕਣ ਵਿੱਚ ਨਹੀਂ ਸੀ ਆਉਂਦਾ। ਸੋਚ ਰਿਹਾ ਸਾਂ, ਮਹੀਨੇ ਦੇ ਪਹਿਲੇ ਅੱਧ ਦੇ ਪੰਦਰਾਂ ਦਿਨ ਕਿਵੇਂ ਝੱਟ-ਪੱਟ ਮੁਕ ਜਾਂਦੇ ਹਨ ਤੇ ਤਨਖ਼ਾਹ ਵੀ ਉਹਨਾਂ ਪੰਦਰ੍ਹਾਂ ਦਿਨਾਂ ਦੇ ਨਾਲ਼ ਹੀ ਕਿਵੇਂ ਉੱਡ-ਪੁੱਡ ਜਾਂਦੀ ਹੈ। ਮੈਨੂੰ ਪੱਠਿਆਂ ਦੀ ਸਫ਼ ਚੁਭ ਰਹੀ ਸੀ। ਪਾਸਾ ਵੱਟ ਕੇ ਪਿੱਠ 'ਤੇ ਹੱਥ ਫੇਰਿਆਂ ਤਾਂ ਸਫ਼ ਦੀਆਂ ਪਿੜੀਆਂ ਪਿੰਡੇ ਵਿੱਚ ਖੁਭੀਆਂ ਹੋਈਆਂ ਸਨ।

"ਮਲਾਈ ਵਾਲੀ ਕੁਲਫ਼ੀ ਠੰਢੀ-ਠਾਰ", ਅਵਾਜ਼ ਵਿੱਚ ਕੁਲਫ਼ੀ ਵਾਲੇ ਨੇ ਹੋਕਾ ਦਿੱਤਾ। ਉਸ ਦੀ ਅਵਾਜ਼ ਕਿੰਨਾ ਚਿਰ ਮੇਰੇ ਕੰਨਾਂ ਵਿੱਚ ਗੂੰਜਦੀ ਰਹੀ। ਚਿੱਟੀ ਦੁੱਧ ਕੁਲਫ਼ੀ ਸਾਕਾਰ ਮੇਰੀਆਂ ਅੱਖਾਂ ਸਾਹਮਣੇ ਨੱਚਣ ਲੱਗੀ। ਮੇਰੇ ਮੂੰਹ ਵਿੱਚ ਪਾਣੀ ਆ ਗਿਆ ਪਰ ਮੈਂ ਬੇਬੱਸ ਸਾਂ। ਪੈਸੇ ਦੀ ਤੰਗੀ ਹਵਾਲਾਤ ਦੀ ਤੰਗੀ ਤੋਂ ਵੀ ਭੈੜੀ ਹੁੰਦੀ ਹੈ।


ਕਹਾਣੀਕਾਰ ਸੁਜਾਨ ਸਿੰਘ

ਮੇਰੀ ਦੁਪਹਿਰ ਮਗਰੋਂ ਦੀ ਨੀਂਦ ਹਾਲੀ ਪੂਰੀ ਨਹੀਂ ਸੀ ਹੋਈ ਕਿ ਮੈਨੂੰ ਮੇਰੇ ਛੋਟੇ ਕਾਕੇ ਨੇ ਹਲੂਣ ਕੇ ਜਗਾ ਹੀ ਦਿੱਤਾ। ਮੈਂ ਖਿਝਿਆ ਹੋਇਆ ਸਾਂ ਪਰ ਕਾਕੇ ਦੀ ਤੋਤਲੀ ਅਵਾਜ਼ ਨੇ ਮੈਨੂੰ ਸ਼ਾਂਤ ਕਰ ਦਿੱਤਾ।

"ਦਾ ਜੀ, ਕਿੰਨੀਆਂ ਆਜ਼ਾਂ ਮਾਰੀਆਂ, ਜਾਗਦੇ ਈ ਨਹੀਂ ਤੁਛੀਂ।"

"ਹਾਂ, ਹਾਂ ਤੂੰ ਕੀ ਕਹਿਨੈਂ ? ਦੱਸ ਵੀ", ਮੈਂ ਕੁਝ ਕਾਹਲੇ ਪੈ ਕੇ ਪੁੱਛਿਆ।

"ਤੱਕਾ, ਇੱਕ ਤੱਕਾ ਦਿਓ, ਦਾ ਜੀ।"

ਪਰ ਟਕਾ ਮੇਰੇ ਕੋਲ ਹੈ ਨਹੀਂ ਸੀ। ਮੇਰੇ ਕੋਲ਼ ਅੱਜ ਕੁਝ ਵੀ ਨਹੀਂ ਸੀ। ਜੂਨ ਦੀ ਛੱਬੀ ਤਾਰੀਖ਼ ਸੀ। ਘਰ ਦਾ ਖ਼ਰਚ, ਬਜ਼ਾਰ ਦੀ ਉਧਾਰ ਦੀ ਸਾਖ਼ 'ਤੇ ਮਸੀਂ ਤੁਰ ਰਿਹਾ ਸੀ।

"ਤੱਕਾ ਦਿਓ ਵੀ ਨਾ, ਦਾ ਜੀ।"

ਬਾਹਰ ਮੁਰਮੁਰੇ ਵਾਲਾ ਉੱਚੀ-ਉੱਚੀ ਸਾਡੇ ਬੂਹੇ ਅੱਗੇ ਹੋਕੇ ਦੇ ਰਿਹਾ ਸੀ।

ਕੋਈ ਜਵਾਬ ਸੋਚਣ ਵਾਸਤੇ ਸਮਾਂ ਕੱਢਣ ਲਈ ਮੈਂ ਕਿਹਾ, "ਕਾਕਾ ਤੂੰ ਟਕਾ ਕੀ ਕਰਨੈਂ ?"

"ਖਚਣੈ ਮੈਂ ਤੱਕਾ, ਹੋਰ ਕੀ ਕਰੀਦੈ, ਤੱਕੇ ਨੂੰ ?"

ਮੈਨੂੰ ਪਤਾ ਏ, ਪਹਿਲੇ ਜੰਗ ਤੋਂ ਮਗਰੋਂ ਜਦੋਂ ਬੜੀ ਮਹਿੰਗਾਈ ਹੋ ਗਈ ਸੀ, ਸਾਨੂੰ ਧੇਲਾ ਖ਼ਰਚਣ ਨੂੰ ਮਿਲ਼ਦਾ ਸੀ ਤੇ ਧੇਲੇ ਦੇ ਮਸੱਦੀ ਰਾਮ ਤੋਂ ਲਿਆਂਦੇ ਹੋਏ ਛੋਲੇ ਮੁੱਕਣ ਵਿੱਚ ਹੀ ਨਾ ਸਨ ਆਉਂਦੇ। ਹੁਣ ਆਨੇ ਦੇ ਵੀ ਓਨੇ ਛੋਲੇ ਨਹੀਂ ਸਨ ਮਿਲ ਸਕਦੇ ਤੇ ਆਮਦਨ ਮੇਰੀ, ਮੇਰੇ ਪਿਤਾ ਦੀ ਆਮਦਨ ਦੇ ਪਾਸਕ ਵੀ ਨਹੀਂ ਸੀ, ਹਾਲਾਂ ਕਿ ਮੇਰੀ ਪੜ੍ਹਾਈ ਮੇਰੇ ਪਿਤਾ ਤੋਂ ਕਈ ਗੁਣਾ ਵੱਧ ਸੀ। ਮੈਂ ਦੁਨੀਆਂ ਦੀ ਆਰਥਿਕ ਦਸ਼ਾ ਅਤੇ ਇਸ ਦਸ਼ਾ ਨੂੰ ਬਣਾਉਣ ਤੇ ਕਾਇਮ ਰੱਖਣ ਵਾਲੇ, ਧਨ ਕੁਬੇਰਾਂ 'ਤੇ ਵਿਚਾਰ ਕਰਨ ਲੱਗ ਪਿਆ।

ਬਾਹਰੋਂ ਫੇਰ ਮੁਰਮਰੇ, ਛੋਲਿਆਂ ਦਾ ਹੋਕਾ ਗੂੰਜਿਆ ਤੇ ਨਾਲ ਹੀ ਕਾਕੇ ਆਖਿਆ, "ਤੱਕਾ ਦਿਓ ਵੀ ਨਾ, ਦਾ ਜੀ।"

"ਤੱਕਾ ਭੈੜਾ ਹੁੰਦਾ ਹੈ" ਮੈਂ ਹਾਲਾਤ ਤੋਂ ਪੈਦਾ ਹੋਈ ਬਦ-ਹਵਾਸੀ ਜਿਹੀ ਵਿੱਚ ਕਿਹਾ।

"ਹੂੰ, ਤੱਕਾ ਵੀ ਕਦੇ ਭੈਰਾ ਹੁੰਦਾ, ਦਾ ਜੀ ?' ਤੱਕੇ ਦਾ ਮੁਰਮਰਾ ਆਉਂਦੈ।"

"ਮੁਰਮੁਰਾ ਭੈੜਾ ਹੁੰਦੈ", ਮੈਂ ਆਖਿਆ ਤੇ ਬਾਕੀ ਗੱਲ ਹਾਲੇ ਮੇਰੇ ਮੂੰਹ ਵਿੱਚ ਹੀ ਸੀ ਕਿ ਕਾਕੇ ਨੇ ਕਿਹਾ, "ਮੁਰਮਰਾ ਤੇ ਮਿੱਠਾ ਹੁੰਦੈ।"

ਇਸ ਦਲੀਲ ਦਾ ਮੇਰੇ ਕੋਲ਼ ਕੋਈ ਉੱਤਰ ਨਹੀਂ ਸੀ। ਮੈਂ ਵੀ ਮਿੱਠੇ ਦਾ ਲੋਭੀ ਹਾਂ ਪਰ ਫਿਰ ਵੀ ਮੈਂ ਆਪਣੀ ਫੋਕੀ ਹਿਕਮਤ ਜਣਾਉਂਦਿਆਂ ਕਿਹਾ, "ਮੁਰਮੁਰੇ ਨਾਲ ਖੰਘ ਲੱਗ ਜਾਂਦੀ ਏ ਬੱਚੂ।"

"ਤੁਸੀਂ ਤੱਕਾ ਦੇ ਦਿਓ। ਮੈਨੂੰ ਨਹੀਂ ਲਗਦੀ-ਲੁਗਦੀ ਖੰਘ।"

ਮੁੰਡਾ ਮੱਛਰਦਾ ਜਾਪਦਾ ਸੀ। ਟਕਾ ਮੇਰੇ ਕੋਲ਼ ਹੈ ਨਹੀਂ ਸੀ। ਮੈਂ ਕਾਕੇ ਨੂੰ ਟਾਲਣ ਲਈ ਉਸ ਨੂੰ ਪਤਾ ਨਹੀਂ ਕਿਉਂ ਕਹਿ ਦਿੱਤਾ-ਖ਼ਬਰੇ ਵੱਡਾ ਲੋਭ ਦੇ ਕੇ ਭੁਲਾਉਣ ਲਈ।

"ਮੁਰਮੁਰਾ ਗੰਦਾ ਹੁੰਦੈ ! ਅਸੀਂ ਸ਼ਾਮੀਂ ਬਜ਼ਾਰੋਂ ਕੁਲਫ਼ੀ ਖਾਵਾਂਗੇ।"

ਮੁਰਮੁਰੇ-ਛੋਲੇ ਵਾਲਾ ਹੁਣ ਟਲ਼ ਚੁੱਕਾ ਸੀ। ਕਾਕਾ ਜੀ ਮੇਰੀ ਆਸ ਤੋਂ ਉਲਟ ਸ਼ਾਮੀ ਕੁਲਫ਼ੀ ਖਾਣੀ ਮੰਨ ਗਿਆ। ਮੈਂ ਸਮਝਿਆ ਬਲਾ ਟਲ਼ੀ। ਮੈਂ ਸੋਚਿਆ ਕਿਤੇ ਕੋਈ ਹੋਰ ਛਾਬੜੀ ਵਾਲ਼ਾ ਨਾ ਆ ਜਾਵੇ। ਸੋ, ਮੈਂ ਕੱਪੜੇ ਪਾ ਕੇ ਕੜਕਦੀ ਧੁੱਪ ਵਿੱਚ ਬਾਹਰ ਨਿਕਲ ਗਿਆ ਤੇ ਸੜਕਾਂ 'ਤੇ ਸਮਾਂ ਕਤਲ

ਕਰਦਾ ਰਿਹਾ। ਕੀਮਤੀ ਸਮਾਂ ਮੈਂ ਇੱਕ ਟਕੇ ਦੀ ਮੰਗ ਤੋਂ ਬਚਣ ਲਈ ਨਾਸ ਕਰਦਾ ਰਿਹਾ ਸਾਂ।

ਮੈਂ ਆਪਣੇ ਮਾਲਕ ਨੂੰ ਕਿਉਂ ਨਹੀਂ ਕਹਿੰਦਾ ਕਿ ਮੇਰਾ ਇੰਨੇ ਵਿੱਚ ਗੁਜ਼ਾਰਾ ਨਹੀਂ ਹੁੰਦਾ ਪਰ ਸੁਣੇਗਾ ਕੌਣ ? ਇਕੱਲੇ ਦੀ ਅਵਾਜ਼ ਭਾਵੇਂ ਕਿੱਡੀ ਉੱਚੀ ਹੋਵੇ, ਸੁਣੀ ਨਹੀਂ ਜਾਂਦੀ। ਲੋੜਵੰਦ ਇਕੱਠੇ ਹੋ ਨਹੀਂ ਸਕਦੇ। ਜੇ ਹੋ ਜਾਣ ਤਾਂ ਰਹਿਣ ਨਹੀਂ ਦਿੱਤੇ ਜਾਂਦੇ ਤਾਂ ਜੋ ਇਕੱਠੀ ਮੰਗ ਨਾ ਕਰਨ। ਮੰਗ ਕੀਤਿਆਂ ਕਈ ਵਾਰੀ ਨੌਕਰੀਓਂ ਜਵਾਬ ਹੋ ਜਾਂਦਾ ਹੈ। ਮੈਂ ਡਰ ਗਿਆ। ਬੇਰੁਜ਼ਗਾਰੀ ਦੇ ਭਿਆਨਕ ਭਵਿੱਖ ਨੇ ਮੈਨੂੰ ਕੰਬਾ ਦਿੱਤਾ। ਕਾਇਰਾਂ ਵਾਂਗ ਮੈਂ ਸਦਾ ਤੋਂ ਚੁੱਪ ਰਿਹਾ ਸਾਂ ਤੇ ਹੁਣ ਵੀ ਚੁੱਪ ਰਹਿਣ ਦਾ ਫ਼ੈਸਲਾ ਕੀਤਾ।

ਸ਼ਾਮੀ ਇਹ ਸਮਝ ਕੇ ਕਿ ਕਾਕਾ ਛੇਤੀ ਸੌਂ ਜਾਂਦਾ ਹੈ, ਮੈਂ ਦੱਬੇ ਪੈਰੀਂ ਘਰ ਪਹੁੰਚਿਆ। ਅਵਾਜ਼ ਨਾ ਮਾਰੀ, ਕੇਵਲ ਕੁੰਡਾ ਹੀ ਖੜਕਾਇਆ। ਉੱਤੋਂ ਹੀ ਅਵਾਜ਼ ਆਈ, "ਦਾ ਜੀ, ਆਇਆ ਜੇ।" ਤੇ ਥੋੜ੍ਹੇ ਚਿਰ ਮਗਰੋਂ ਕਾਕੇ ਨੇ ਆਣ ਬੂਹਾ ਖੋਲ੍ਹਿਆ।

"ਦਾ...ਜੀ... ਕੁਲਫ਼ੀ ਖਾਣ ਜਾਣਾ ਜੇ ?" ਉਸ ਨੇ ਆਸ ਭਰਪੂਰ ਲਹਿਜ਼ੇ ਵਿੱਚ ਪੁੱਛਿਆ।

"ਉੱਤੇ ਚੱਲ, ਉੱਤੇ।" ਮੈਂ ਕਿਹਾ।

ਕਾਕਾ ਨਿੰਮੋਝੂਣਾ ਜਿਹਾ ਹੋ ਕੇ ਅੱਗੇ ਤੁਰਿਆ, ਮੰਜੇ 'ਤੇ ਬੈਠ ਕੇ ਕਾਕੇ ਨੂੰ ਗੋਦ ਵਿੱਚ ਲੈ ਕੇ ਪਿਆਰ ਨਾਲ ਕਿਹਾ, "ਹੁਣ ਰਾਤ ਪੈ ਗਈ ਏ, ਕੁਲਫ਼ੀ ਕੱਲ੍ਹ ਖਾਵਾਂਗੇ।"

ਆਸ ਤੋਂ ਉਲਟ ਕਾਕਾ ਚੁੱਪ ਕਰ ਰਿਹਾ। ਕਿੰਨਾ ਚਿਰ ਅਸਮਾਨ ਵੱਲ ਤੱਕ ਕੇ ਕੁੱਝ ਸੋਚਦਾ ਰਿਹਾ। ਫੇਰ ਆਖਣ ਲੱਗਾ, "ਦਾ... ਜੀ, ਤਾਰੇ ਪਈਏ ਹੁੰਦੇ ਨੇ ਨਾ। ਵੱਡਾ ਭਾ ਆਖਦਾ ਸੀ ਤਾਰੇ ਪਈਏ ਹੁੰਦੇ ਨੇ ਤੇ ਦਾ.... ਜੀ, ਸਾਰੇ ਪਈਏ ਸਾਡੇ ਕੋਠੇ 'ਤੇ ਕਿਉਂ ਨਹੀਂ ਵਰ੍ਹ ਪੈਂਦੇ ?"

ਮੈਂ ਇਹ ਆਖ ਕੇ "ਤਾਰੇ ਰੁਪਈਏ ਨਹੀਂ ਹੁੰਦੇ।" ਮਾਨੋ ਉਸ ਦਾ 'ਸੁਰਗ' ਢਾਹ ਛੱਡਿਆ। ਉਹ ਮੰਜੇ 'ਤੇ ਲੇਟ ਗਿਆ ਤੇ ਅਸਮਾਨ ਵੱਲ ਦੇਖਦਾ ਆਖ਼ਰ ਸੌਂ ਹੀ ਗਿਆ।

ਦੂਸਰੇ ਦਿਨ ਕੰਮ 'ਤੇ ਮੈਂ ਆਪਣੇ ਸਾਥੀਆਂ ਤੋਂ ਕੁੱਝ ਮੰਗਣ ਦੀ ਕੋਸ਼ਿਸ਼ ਕਰਦਾ ਰਿਹਾ ਪਰ ਹੀਆ ਨਹੀਂ ਸੀ ਪੈਂਦਾ। ਮੰਗਣਾ ਬਹੁਤ ਹੀ ਔਖਾ ਕੰਮ ਹੈ। ਮੌਤ ਜਿੰਨਾ ਦੁੱਖ ਹੰਦਾ ਹੈ ਮੰਗਣ ਵਿੱਚ।

ਆਖ਼ਰ ਇੱਕ ਸਾਥੀ ਕੋਲ਼ੋਂ ਤਿੰਨ ਰੁਪਏ ਲੈ ਹੀ ਲਏ। ਜਦ ਘਰ ਆਇਆ ਤਾਂ ਕਾਕਾ ਦੁਪਹਿਰ ਦੀ ਨੀਂਦ ਲੈ ਰਿਹਾ ਸੀ। ਰੋਟੀ ਖਵਾਉਂਦਿਆਂ 'ਸ਼੍ਰੀਮਤੀ' ਜੀ ਨੇ ਤਿੰਨ ਰੁਪਏ ਮੁੱਛ ਲਏ। ਅੱਧ ਮਣ ਲੱਕੜੀਆਂ, ਸ਼ਾਮ ਦੀ ਸਬਜ਼ੀ, ਲੂਣ, ਤੇਲ ਆਦਿ ਵਿੱਚ ਕਾਕੇ ਦੇ ਜਾਗਣ ਤੋਂ ਪਹਿਲਾਂ ਉਹ ਤਿੰਨੇ ਰੁਪਏ ਮੁੱਕ ਗਏ। ਮੈਂ ਕਿਹਾ ਵੀ ਕਿ ਕਾਕੇ ਨੂੰ ਕੁਲਫ਼ੀ ਖਵਾਉਣੀ ਹੈ ਪਰ ਉਹਨਾਂ ਕਹਿ ਛੱਡਿਆ, "ਬੜਾ ਉਹਨੂੰ ਯਾਦ ਰਹਿਣੈ। ਮੈਂ ਟਕਾ ਦੇ ਛੱਡਾਂਗੀ ਮੁਰਮੁਰੇ ਲਈ।"

ਕਾਕੇ ਜਾਗਦਿਆਂ ਹੀ ਕੁਲਫ਼ੀ ਮੰਗੀ। ਚੀਕ ਚਿਹਾੜਾ ਪੈ ਗਿਆ। ਕੱਲ੍ਹ ਵਾਲ਼ਾ ਮੁਰਮੁਰਾ ਤੇ ਟਕਾ ਮਨਜ਼ੂਰ ਨਹੀਂ ਸਨ। ਆਖ਼ਰ ਸ਼ਾਮ ਨੂੰ ਕੁਲਫ਼ੀ ਖਵਾਉਣ ਦਾ ਵਾਇਦਾ ਕਰ ਕੇ ਛੁਟਕਾਰਾ ਪਾਇਆ ਤੇ ਕਾਕੇ ਨੇ ਟਕਾ ਮੇਰੇ ਕੋਲ੍ਹ ਜਮ੍ਹਾਂ ਕਰਵਾ ਦਿੱਤਾ। ਸ਼ਾਮ ਤੋਂ ਪਹਿਲੋਂ ਹੀ ਮੈਂ ਖੇਡਣ ਦਾ ਬਹਾਨਾ ਕਰ ਕੇ ਨਿਕਲ ਗਿਆ ਤੇ ਢੇਰ ਰਾਤ ਗੁਜ਼ਰੀ ਮੁੜਿਆ। ਕਾਕੇ ਨੂੰ ਸੁੱਤਾ ਦੇਖ ਕੇ ਸਾਹ ਵਿੱਚ ਸਾਹ ਆਇਆ। ਰੋਟੀ ਖਵਾਉਂਦਿਆਂ 'ਸ੍ਰੀਮਤੀ' ਜੀ ਨੇ ਦੱਸਿਆ ਕਿ ਕਾਕਾ ਬੜਾ ਚਿਰ ਮੈਨੂੰ ਉਡੀਕਦਾ ਰਿਹਾ ਸੀ। ਮੈਂ ਕਾਕੇ ਦੇ ਨਾਲ਼ ਲੰਮਾ ਪਿਆ ਬੜਾ ਬੇਚੈਨ ਰਿਹਾ। ਨੀਂਦ ਆਉਂਦੀ ਹੀ ਨਹੀਂ ਸੀ ਪਰ ਆਖ਼ਰ ਪਤਾ ਨਹੀਂ ਕਦੋਂ ਆ ਗਈ। ਨੀਂਦ ਤੇ ਆਖਦੇ ਨੇ, ਸੂਲਾਂ 'ਤੇ ਵੀ ਆ ਜਾਂਦੀ ਹੈ।

ਅੱਧੀ ਰਾਤ ਤੋਂ ਮਗਰੋਂ ਦਾ ਵੇਲ਼ਾ ਸੀ। ਕਾਕਾ ਕੁਝ ਸੁੱਤਾ ਬੇਚੈਨ ਜਾਪਦਾ ਸੀ। ਉਸ ਦੋ-ਤਿੰਨ ਵਾਰੀ ਢਿੱਡ ਵਿਚ ਲੱਤਾਂ ਮਾਰੀਆਂ ਸਨ। ਹੁਣ ਉਸ ਬਾਂਹ ਉਲਟਾ ਕੇ ਮੇਰੇ ਮੂੰਹ 'ਤੇ ਮਾਰੀ। ਜਾਗਿਆ ਤਾਂ ਮੈਂ ਅੱਗੇ ਹੀ ਹੋਇਆ ਸਾਂ, ਹੁਣ ਚੇਤੰਨ ਹੋ ਗਿਆ। ਕਾਕਾ ਕੁਝ ਬੁੜਬੁੜਾਇਆ। ਮੈਨੂੰ ਕੁਝ ਪਤਾ ਨਾ ਲੱਗਾ। ਫਿਰ ਉਹ ਉੱਚੀ ਬੁੜਬੁੜਾਇਆ "ਕੁਫ਼ੀ, ਕੁਫ਼ੀ ਦਾ....ਜੀ ਕੁਫ਼ੀ।" ਮੈਂ ਬਿਹਬਲ ਹੋ ਉੱਠਿਆ। "ਸਰਦਾਰ ਜੀ ਜਾਗਦੇ ਓ ?" 'ਸ੍ਰੀਮਤੀ' ਨੇ ਆਖਿਆ ਤੇ ਇਹ ਜਾਣ ਕੇ ਮੈਂ ਜਾਗਦਾ ਹਾਂ, ਉਸ ਜਾਰੀ ਰੱਖਿਆ, "ਖਸਮਾਂ-ਖਾਣਾ ਸੁੱਤਾ ਪਿਆ ਵੀ ਕੁਲਫ਼ੀਆਂ ਮੰਗਦੈ।" ਮੇਰੇ 'ਤੇ ਮਾਨੋ ਬਿਜਲੀ ਪੈ ਗਈ ਸੀ। ਮੈਂ ਚੁੱਪ ਰਿਹਾ ਤੇ ਕਾਕਾ ਵੀ ਚੁੱਪ ਹੋ ਗਿਆ।

ਸਵੇਰੇ ਜਾਗ ਕੇ ਕਾਕੇ ਕੁਲਫ਼ੀ ਦੀ ਮੰਗ ਕੋਈ ਨਾ ਕੀਤੀ। ਮੇਰ ਕੰਮ ਤੋਂ ਮੁੜ ਕੇ ਆਉਂਦਿਆਂ ਵੀ ਉਸ ਮੈਥੋਂ ਕੁਝ ਨਾ ਮੰਗਿਆ। ਰੋਟੀ ਖਾ ਕੇ ਮੈਂ ਦੁਪਹਿਰ ਦੀ ਨੀਂਦ ਲੈਣ ਲਈ ਲੇਟ ਗਿਆ। ਉਸ ਚੁਭਣ ਵਾਲ਼ੀ ਸਫ਼ ਉੱਤੇ ਅਤੇ ਹੁਦਾਰ ਨਾ ਲੈ ਸਕਣ ਦੀ ਅਸਫ਼ਲਤਾ 'ਤੇ ਝੂਰਦਾ ਰਿਹਾ। ਫੇਰ ਮੈਨੂੰ ਨੀਂਦ ਆ ਗਈ। ਮੇਰੀ ਨੀਂਦ ਹਾਲੇ ਅਧਵਾਟੇ ਹੀ ਸੀ ਕਿ ਗਲੀ ਵਿੱਚ ਕਿਸੇ ਕੁਲਫ਼ੀ ਵਾਲੇ ਨੇ ਹੋਕਾ ਦਿੱਤਾ, "ਠੰਢੀ-ਠਾਰ ਕੁਲਫ਼ੀ ਮਜ਼ੇਦਾਰ ਕੁਲਫ਼ੀ!" ਮੈਂ ਜਾਗ ਪਿਆ। ਕਾਕਾ ਮੇਰੇ ਲਾਗੇ ਰਬੜ ਦੀ ਪਾਟੀ ਬਤਖ ਨਾਲ ਖੇਡ ਰਿਹਾ ਸੀ। ਦੂਸਰੀ ਅਵਾਜ਼ 'ਤੇ ਉਸ ਦੇ ਕੰਨ ਖੜ੍ਹੇ ਹੋ ਗਏ। ਬਤਖ ਨੂੰ ਸੁੱਟ ਕੇ ਉਹ ਖੜ੍ਹਾ ਹੋਇਆ। ਬੂਹੇ ਲਾਗੇ ਜਾ ਕੇ ਉਹ ਖੜ੍ਹਾ ਹੋ ਕੇ ਬਾਹਰ ਦੇਖਣ ਲੱਗ ਪਿਆ। ਮੈਂ ਸੋਚਿਆ, ਹੁਣ ਮੈਨੂੰ ਜਗਾਉਣ ਆਵੇਗਾ ਪਰ

ਉਹ ਉੱਥੇ ਹੀ ਖੜ੍ਹੋਤਾ ਰਿਹਾ। ਫੇਰ ਉਹ ਬਾਹਰ ਤੁਰ ਗਿਆ। ਮੈਂ ਛੋਪਲੀ-ਛੋਪਲੀ ਉੱਠ ਕੇ ਬੂਹੇ ਓਹਲੇ ਆ ਖੜ੍ਹੋਤਾ। ਕੁਲਫ਼ੀ ਵਾਲਾ ਸਾਹਮਣੇ ਸ਼ਾਹ ਜੀ ਦੇ ਲੜਕੇ ਨੂੰ ਕੁਲਫ਼ੀ ਕੱਢ ਕੇ ਦੇਣ ਦੇ ਆਹਰ ਵਿੱਚ ਸੀ। ਇਹ ਮੁੰਡਾ ਗਲੀ ਦਾ 'ਬੁਲੀ' ਸੀ ਅਤੇ ਆਪਣੇ ਤੋਂ ਛੋਟਿਆਂ ਮੁੰਡਿਆਂ ਨੂੰ ਸਦਾ ਕੁੱਟਿਆ ਕਰਦਾ ਸੀ। ਇਹ ਕੋਈ ਅੱਠਾਂ ਕੁ ਵਰ੍ਹਿਆਂ ਦਾ ਸੀ ਤੇ ਸਾਡੇ ਕਾਕੇ ਤੋਂ ਤਿੰਨ ਕੁ ਸਾਲ ਵੱਡਾ ਸੀ। ਕਾਕਾ ਸਿਪਾਹੀਆਂ ਵਾਂਗ ਲੱਤਾਂ ਚੌੜੀਆਂ ਕਰਕੇ ਲੱਕ ਪਿੱਛੇ ਹੱਥ ਜੋੜੀ ਖੜ੍ਹਾ ਸੀ। ਕੁਲਫ਼ੀ ਵੱਲ ਉਹ ਗਹੁ ਨਾਲ ਦੇਖ ਰਿਹਾ ਸੀ ਪਰ ਉਸ ਕੁਲਫ਼ੀ ਵਾਲੇ ਭਾਈ ਕੋਲੋਂ ਕੁਲਫ਼ੀ ਨਹੀਂ ਸੀ ਮੰਗੀ। ਜਿਉਂ ਹੀ ਕੁਲਫ਼ੀ ਵਾਲੇ ਨੇ ਸ਼ਾਹਾਂ ਦੇ ਮੁੰਡੇ ਦੇ ਹੱਥ 'ਤੇ ਕੁਲਫ਼ੀ ਦੀ ਪਲੇਟ ਰੱਖੀ, ਕਾਕਾ ਧੁੱਸ ਦੇ ਕੇ ਉਸ ਨੂੰ ਪੈ ਗਿਆ। ਔਹ ਗਈ ਪਲੇਟ, ਔਹ ਗਈ ਕੁਲਫ਼ੀ, ਫ਼ਲੂਦਾ ਤੇ ਚਮਚਾ ਤੇ ਮੋਰੀ ਵਿੱਚ ਡਿੱਗਾ ਸ਼ਾਹਾਂ ਦਾ ਮੁੰਡਾ। ਕਿਸੇ ਜੇਤੂ ਵਾਂਗ ਕਾਕਾ ਉਸ ਦੇ ਵੱਲ ਦੇਖਦਾ ਰਿਹਾ। ਸ਼ਾਹਾਂ ਦਾ ਮੁੰਡਾ ਗੁੱਸਾ ਖਾ ਕੇ ਉੱਠਿਆ-ਕੁਲਫ਼ੀ ਦਾ ਨੁਕਸਾਨ ਤੇ ਆਪਣੀ ਹੇਠੀ ਉਸ ਨੂੰ ਜਿਵੇਂ ਨਵਾਂ ਜੋਸ਼ ਦੇ ਰਹੀ ਸੀ। ਜਿਉਂ ਹੀ ਉਹ ਉੱਠਿਆ, ਕਾਕੇ ਨੇ ਫੇਰ ਉਸ ਨੂੰ ਇੱਕ ਐਸੀ ਢੁੱਡ ਮਾਰੀ ਕਿ ਉਹ ਫਿਰ ਮੋਰੀ ਵਿੱਚ ਜਾ ਪਿਆ ਤੇ ਚੀਕਾਂ ਮਾਰਨ ਲੱਗ ਪਿਆ। ਕੁਲਫ਼ੀ ਵਾਲਾ ਕਾਕੇ ਨੂੰ ਚਪੇੜ ਲੈ ਕੇ ਪਿਆ। ਮੈਂ ਨੱਸ ਕੇ ਕਾਕੇ ਨੂੰ ਚੁੱਕ ਲਿਆ। ਕੁਲਫ਼ੀ ਵਾਲੇ ਨੇ ਸ਼ਾਹਾਂ ਦੇ ਮੁੰਡੇ ਨੂੰ ਉਠਾ ਲਿਆ। ਸ਼ਾਹਣੀ ਜੋ ਕਿਸੇ ਦਾ ਕੋਈ ਉਲਾਂਭਾ ਨਹੀਂ ਸੀ ਸੁਣਦੀ, ਅੱਜ ਸਾਡੇ ਉਲਾਂਭਾ ਦੇਣ ਲਈ ਆਈ। ਕਾਕੇ ਦਾ ਸਰੀਰ ਭਖ ਰਿਹਾ ਸੀ। ਸ਼੍ਰੀਮਤੀ ਨੇ ਕਿਹਾ, "ਆ ਖਸਮਾਂ ਖਾਣਿਆ', ਤੂੰ ਲੱਗੈਂ ਹੁਣੇ ਉਲਾਂਭੇ ਲਿਆਉਣ ?" ਤੇ ਮਾਰਨ ਲਈ ਚਪੇੜ ਉਘਾਰੀ। ਮੈਂ ਕਿਹਾ, "ਕੁਝ ਵੰਡ ਸ਼ੁਦੈਣੇ, ਕਾਇਰ ਪਿਉਂ ਦੇ ਘਰ ਬਹਾਦਰ ਮੁੰਡਾ ਜੰਮਿਐ।"

ਪੰਨਾ 16 ਦਾ ਬਾਕੀ .. 3104 ਮੀਟਰ ਹੋਵੇਗੀ।

ਜੇ ਫ਼ਾਇਰ ਦੀ ਆਵਾਜ਼ ਸੁਣਨ ਤੱਕ ਗੋਲੀ ਨਹੀਂ ਲੱਗੀ ਤਾਂ ਲੱਗੇਗੀ ਵੀ ਨਹੀਂ, ਕਿਉ ?

ਮੰਨ ਲਓ ਤੁਸੀਂ ਆਪਣੇ ਦੋਸਤਾਂ ਨਾਲ ਕਿਸੇ ਖੁੱਲ੍ਹੇ ਮੈਦਾਨ ਵਿੱਚ ਖੇਡ ਰਹੇ ਹੋ। ਸੌ ਮੀਟਰ ਦੂਰ ਖੜ੍ਹਾ ਕੋਈ ਆਦਮੀ ਮੈਦਾਨ ਵੱਲ ਬੰਦੂਕ ਸੇਧ ਕੇ ਫ਼ਾਇਰ ਕਰ ਦਿੰਦਾ ਹੈ। ਜੇਕਰ ਫ਼ਾਇਰ ਦੀ ਆਵਾਜ਼ ਤੁਹਾਡੇ ਕੰਨਾਂ ਤੱਕ ਪਹੁੰਚਣ ਤੱਕ ਤੁਹਾਡੇ ਗੋਲੀ ਨਹੀਂ ਲੱਗੀ ਤਾਂ ਤੁਸੀਂ ਬੇਫ਼ਿਕਰ ਹੋ ਸਕਦੇ ਹੋ ਕਿਉਂਕਿ ਹੁਣ ਗੋਲੀ ਤੁਹਾਡੇ ਲੱਗੇਗੀ ਵੀ ਨਹੀਂ। ਜੇ ਤੁਹਾਨੂੰ ਇਹ ਗੋਲੀ ਲੱਗਣੀ ਹੁੰਦੀ ਤਾਂ ਤੁਹਾਨੂੰ ਫ਼ਾਇਰ ਦੀ ਆਵਾਜ਼ ਸੁਣਨ ਤੋਂ ਪਹਿਲਾਂ ਹੀ ਲੱਗ ਚੁੱਕੀ ਹੁੰਦੀ। ਇਸ ਦੀ ਵਜਾਹ ਗੋਲੀ ਅਤੇ ਆਵਾਜ਼ ਦੀ ਰਫ਼ਤਾਰ ਵਿੱਚ ਅੰਤਰ ਦਾ ਹੋਣਾ ਹੈ। ਅਸੀਂ ਜਾਣਦੇ ਹਾਂ ਕਿ ਹਵਾ ਦੇ ਔਸਤ ਤਾਪਮਾਨ 20 ਦਰਜੇ ਸੈਲਸੀਅਸ ਵਿੱਚ ਆਵਾਜ਼ ਦੀ ਰਫ਼ਤਾਰ 343 ਮੀਟਰ ਪ੍ਰਤੀ ਸਕਿੰਟ ਹੁੰਦੀ ਹੈ। ਦੂਜੇ ਪਾਸੇ ਗੋਲੀ ਦੀ ਰਫ਼ਤਾਰ ਭਾਵੇਂ ਹਥਿਆਰ ਅਤੇ ਕਾਰਤੂਸ ਦੀ ਕਿਸਮ, ਹਵਾ ਦੇ ਰੁੱਖ ਤੇ ਗਤੀ ਅਤੇ ਜ਼ਮੀਨ ਨਾਲ ਬਣਨ ਵਾਲੇ ਗੋਲੀ ਦੇ ਕੋਣ 'ਤੇ ਨਿਰਭਰ ਕਰਦੀ ਹੈ, ਫਿਰ ਵੀ ਔਸਤ ਦਰਜੇ ਦੇ ਹਥਿਆਰ 'ਚੋਂ ਛੱਡੀ ਗਈ ਗੋਲੀ ਦੀ ਰਫ਼ਤਾਰ 760 ਮੀਟਰ ਪ੍ਰਤੀ ਸਕਿੰਟ ਮੰਨੀ ਗਈ ਹੈ। ਇਸ ਲਈ ਆਵਾਜ਼ ਦੀ ਰਫ਼ਤਾਰ ਦੇ ਮੁਕਾਬਲੇ ਗੋਲੀ ਦੀ ਮੁਢਲੀ ਰਫ਼ਤਾਰ ਦੁੱਗਣੀ ਤੋਂ ਵੀ ਜਿਆਦਾ ਹੁੰਦੀ ਹੈ। ਇਸ ਤੋਂ ਸਪੱਸ਼ਟ ਹੈ ਕਿ ਗੋਲੀ ਦਾ ਨਿਸ਼ਾਨਾ ਬਣਨ ਵਾਲੇ ਵਿਅਕਤੀ ਤੱਕ ਫ਼ਾਇਰ ਦੀ ਆਵਾਜ਼ ਪਹੁੰਚਣ ਤੋਂ ਪਹਿਲਾਂ ਹੀ ਗੋਲੀ ਪਹੁੰਚ ਜਾਂਦੀ ਹੈ। ਜੇਕਰ ਤੁਸੀਂ ਫ਼ਾਇਰ ਦੀ ਆਵਾਜ਼ ਸੁਣਨ ਤੱਕ ਗੋਲੀ ਲੱਗਣ ਤੋਂ ਬਚੇ ਰਹਿੰਦੇ ਹੋ ਤਾਂ ਸਮਝ ਲਓ ਕਿ ਗੋਲੀ ਬਹੁਤ ਅਗਾਂਹ ਨਿਕਲ ਗਈ ਹੈ ਤੇ ਤੁਸੀਂ ਇਸਦੀ ਮਾਰ ਤੋਂ ਬਚ ਗਏ ਹੋ।

98556-56156

ਪੰਨਾ 12 ਦਾ ਬਾਕੀ

ਮਨੁੱਖਾਂ ਨੂੰ ਬਰਾਬਰ ਦੇ ਅਧਿਕਾਰ ਦੇਣ ਤੋਂ ਇਨਕਾਰੀ ਹੈ।

ਸੋ ਭਗਵਾਂਕਰਣ ਸਿਰਫ ਭਗਵੇਂ ਰੰਗ ਦਾ ਸੰਕੇਤ ਤੱਕ ਹੀ ਨਹੀਂ ਤੇ ਨਾ ਹੀ ਇਸਨੂੰ ਕਿਸੇ ਖਾਸ ਖੇਤਰ ਵਿਸ਼ੇਸ਼ 'ਤੇ ਲਾਗੂ ਹੋਣ ਵਜੋਂ ਦੇਖਣਾ ਚਾਹੀਦਾ ਹੈ ਬਲਕਿ ਇਹ ਸਾਡੇ ਸਮੁੱਚੇ ਸਮਾਜ 'ਤੇ ਠੋਸਿਆ ਜਾ ਰਿਹਾ ਹੈ ਜਿਸਦੇ ਸਮਾਜ ਨੂੰ ਫਿਰਕੂ ਆਧਾਰ 'ਤੇ ਵੰਡੀਆਂ ਪਾਕੇ ਭਰਾ-ਮਾਰ ਲੜਾਈ 'ਚ ਉਲਝਾਉਣ ਨਾਲ ਇਸਦੇ ਬਹੁਤ ਖਤਰਨਾਕ ਨਤੀਜੇ ਨਿਕਲਣੇ ਹਨ। ਸਾਡਾ ਦੇਸ਼ ਤਾਂ ਅਜੇ 1947 ਨਹੀਂ ਭੁੱਲਿਆ।

ਹਵਾਲੇ:

1,9 Fascism of Sangh Parivar...Media House, Delhi 2002 ....Ram Puniyani

2.ਸਾਵਰਕਰ- ਝੂਠ ਅਤੇ ਸੱਚ (ਸ਼ਮਸੁਲ ਇਸਲਾਮ) ਪੰਜਾਬੀ ਅਨੁਵਾਦ: ਬਲਬੀਰ ਲੌਂਗੋਵਾਲ, ਪ੍ਰਕਾਸ਼ਕ: ਸ਼ਹੀਦ ਭਗਤ ਸਿੰਘ ਸ਼ਤਾਬਦੀ ਫਾਊਂਡੇਸ਼ਨ, ਸਾਲ 2019, ਸਫਾ 47

3- ਉਪਰੋਕਤ- ਸਫਾ 47, 4-ਉਪਰੋਕਤ-ਸਫਾ 45

5- ਉਪਰੋਕਤ-ਸਫਾ46, 6-ਸਫਾ 47, 7-ਸਫਾ 129

8- ਸਫਾ 136

98769-53561

ਭਵਿੱਖ ਦੇ ਸਿਤਾਰੇ

ਚੌਥੀ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਮਿਡਲ ਤੇ ਸੈਕੰਡਰੀ ਵਿਭਾਗਾਂ ਵਿੱਚ ਪੰਜਾਬ ਪੱਧਰ 'ਤੇ ਮੋਹਰੀ ਸਥਾਨ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਇਹ ਨਵਾਂ ਕਾਲਮ ਸ਼ੁਰੂ ਕਰ ਰਹੇ ਹਾਂ। ਜਿਹੜਾ ਇੰਨ੍ਹਾਂ ਬੱਚਿਆਂ ਦੀਆਂ ਭਾਵਨਾਵਾਂ ਦੀ ਤਸਵੀਰ ਪੇਸ਼ ਕਰੇਗਾ।......... ਅਦਾਰਾ

ਸੋਚ ਵਿੱਚ ਤਬਦੀਲੀ

ਇੱਕ ਵਾਰ ਸਾਡੇ ਸਕੂਲ ਸਵੇਰ ਦੀ ਸਭਾ ਵਿੱਚ ਭੂਰਾ ਸਿੰਘ ਮਹਿਮਾ ਸਰਜਾ ਲੈਕਚਰ ਕਰਨ ਆਏ। ਉਨ੍ਹਾਂ ਦਾ ਲੈਕਚਰ ਸੁਣ ਕੇ ਮੈਂ ਬਹੁਤ ਪ੍ਰਭਾਵਿਤ ਹੋਈ। ਕਈ ਦਿਨ ਮੈਂ ਉਨ੍ਹਾਂ ਦੁਆਰਾ ਦੱਸੀਆਂ ਗੱਲਾਂ 'ਤੇ ਮਨ ਹੀ ਮਨ ਵਿਚਾਰ ਕਰਦੀ ਰਹੀ। ਜਦ ਇਸ ਵਾਰ ਮੈਨੂੰ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਬਾਰੇ ਪਤਾ ਚੱਲਿਆ ਤਾਂ ਮੈਨੂੰ ਸਿਲੇਬਸ ਪੁਸਤਕ ਪੜ੍ਹਨ ਦੀ ਬਹੁਤ ਤਾਂਘ ਸੀ। ਮੈਂ ਰੁਚੀ ਨਾਲ ਪੁਸਤਕ ਪੜ੍ਹੀ। ਪੁਸਤਕ ਵਿੱਚ ਦਰਜ ਹਰ ਵਿਸ਼ਾ ਬਹੁਤ ਸਿੱਖਿਆ ਦਾਇਕ ਲੱਗਿਆ। ਮੈਨੂੰ ਇਹ ਮਹਿਸੂਸ ਹੋਇਆ ਜਿਵੇਂ ਮੈਂ ਕਿਤਾਬ ਪੜ੍ਹੀ ਨਹੀਂ ਸਗੋਂ ਇਸ ਨੂੰ ਪੀ ਲਿਆ ਹੋਵੇ। ਵੈਸੇ ਤਾਂ ਸਾਰੀ ਕਿਤਾਬ ਹੀ ਬਹੁਤ ਵਧੀਆ ਹੈ ਫਿਰ ਵੀ ਕਿਤਾਬ ਵਿੱਚ ਸਭ ਤੋਂ ਵਧੀਆ ਪਾਠ ਸਮਾਰਟ ਫ਼ੋਨ ਵਾਲਾ ਲੱਗਿਆ ਕਿਉਂਕਿ ਇਸ ਵਿੱਚ ਫ਼ਾਇਦੇ ਨੁਕਸਾਨ ਤੋਂ ਬਿਨਾਂ ਅਜਿਹੀ ਬਹੁਤ ਸਾਰੀ ਸੇਧ ਦੇਣ ਵਾਲੀ ਜਾਣਕਾਰੀ ਵੀ ਸੀ, ਜਿਸ ਬਾਰੇ ਕਦੇ ਸੁਣਿਆ ਵੀ ਨਹੀਂ ਸੀ। ਕਿਤਾਬ ਪੜ੍ਹਨ ਤੋਂ ਬਾਅਦ ਮੇਰੀ ਸੋਚ ਵਿਚ ਵੱਡੀ ਤਬਦੀਲੀ ਆਈ ਕਿਉਂਕਿ ਪਹਿਲਾਂ ਭੂਤਾਂ ਪ੍ਰੇਤਾਂ ਦੀਆਂ ਗੱਲਾਂ ਸੁਣ ਕੇ ਮਨ ਵਿੱਚ ਕਿਤੇ ਨਾ ਕਿਤੇ ਵਹਿਮ ਬੈਠਾ ਸੀ ਪਰ ਕਿਤਾਬ ਪੜ੍ਹ ਕੇ ਮਨ ਵਿੱਚੋਂ ਇਹ ਵਹਿਮ ਬਿਲਕੁਲ ਦੂਰ ਹੋ ਗਿਆ। ਮੈਨੂੰ ਤਰਕਸ਼ੀਲ ਜੀਵਨ ਜਾਚ ਬਹੁਤ ਵਧੀਆ ਲੱਗਣ ਲੱਗੀ ਹੈ। ਮੈਂ ਵੀ ਹੁਣ ਤਰਕ ਨਾਲ ਸੋਚਣਾ ਸ਼ੁਰੂ ਕਰ ਦਿੱਤਾ ਹੈ। ਤਰਕਸ਼ੀਲ ਸੋਚ ਨਾਲ ਆਪਣੇ ਆਪ ਨੂੰ ਚੰਗਾ ਮਹਿਸੂਸ ਹੁੰਦਾ ਹੈ।



ਮੇਰਾ ਸੁਪਨਾ ਹੈ ਕਿ ਮੈਂ ਆਈ. ਪੀ. ਐੱਸ. ਦੀ ਤਿਆਰੀ ਕਰਕੇ ਪੁਲੀਸ ਵਿਭਾਗ ਵਿੱਚ ਨੌਕਰੀ ਕਰਾਂ ਅਤੇ ਸਮਾਜ ਵਿੱਚ ਵਹਿਮ ਭਰਮ ਦੂਰ ਕਰ ਕੇ ਤਰਕ ਦੀ ਰੌਸ਼ਨੀ ਫੈਲਾਵਾਂ। ਗਿਆਨ ਸਿੰਘ (ਬਠਿੰਡਾ) ਦੀਆਂ ਕੋਸ਼ਿਸ਼ਾਂ ਸਦਕਾ ਮੈਂ ਤੇ ਸਾਡੇ ਸਕੂਲ ਦੇ ਹੋਰਨਾਂ ਵਿਦਿਆਰਥੀਆਂ ਨੇ ਚੇਤਨਾ ਪਰਖ ਪ੍ਰੀਖਿਆ ਦਿੱਤੀ। ਸਾਡੇ ਸਕੂਲ ਸਟਾਫ਼ ਨੇ ਵੀ ਸਹਿਯੋਗ ਦਿੱਤਾ। ਬੇਸ਼ੱਕ ਮੈਂ ਪੰਜਾਬ ਵਿੱਚੋਂ ਪੰਜਵੀਂ ਪੁਜ਼ੀਸ਼ਨ ਹਾਸਲ ਕਰ ਕੇ ਸਟੇਟ ਪੱਧਰੀ ਸਨਮਾਨ ਮੁੱਖ ਦਫ਼ਤਰ, ਤਰਕਸ਼ੀਲ ਭਵਨ, ਬਰਨਾਲਾ ਤੋਂ ਹਾਸਲ ਵੀ ਕੀਤਾ ਪਰ ਜੋ ਮੈਂ ਪ੍ਰੀਖਿਆ ਦੀ ਸਿਲੇਬਸ ਪੁਸਤਕ ਚੋਂ ਜਿੰਦਗੀ ਪ੍ਰਤੀ ਸਿੱਖਣ ਵਿਚ ਕਾਮਯਾਬ ਹੋਈ ਉਹ ਮੇਰੇ ਅਧਿਆਪਕ ਜਤਿੰਦਰ ਸਿੰਘ ਜੀ ਦੀ ਪ੍ਰੇਰਨਾ ਹੈ

ਰੋਮਨਪ੍ਰੀਤ ਕੌਰ, ਕਲਾਸ ਬਾਰ੍ਹਵੀਂ
ਸਰਕਾਰੀ ਸੀਨੀ. ਸੈਕੰਡਰੀ ਸਕੂਲ
ਖੇਮੂਆਣਾ (ਬਠਿੰਡਾ)

ਮੇਰੀ ਪ੍ਰੇਰਨਾ

ਮੈਂ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਲਈ ਗਈ ਚੌਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਮਿਡਲ ਵਿਭਾਗ ਵਿੱਚ ਪੰਜਾਬ ਪੱਧਰ 'ਤੇ ਨੌਵਾਂ ਸਥਾਨ ਹਾਸਲ ਕੀਤਾ ਹੈ। ਜਦ ਸਕੂਲ਼ ਵਿੱਚੋਂ ਮੈਨੂੰ ਪ੍ਰੀਖਿਆ ਦੀ ਸਿਲੇਬਸ ਪੁਸਤਕ ਮਿਲੀ ਤਾਂ ਮੈ ਰੁਚੀ ਨਾਲ ਪੜ੍ਹੀ। ਪੁਸਤਕ ਪੜ੍ਹਦੇ ਵਕਤ ਮੈਨੂੰ ਸਮਾਜ ਵਿੱਚ ਪ੍ਰਚਲਿਤ ਵਹਿਮਾਂ, ਭਰਮਾਂ ਤੇ ਅੰਧਵਿਸ਼ਵਾਸਾਂ ਬਾਰੇ ਪਤਾ ਚੱਲਿਆ ਕਿ ਇਹ ਸਭ ਚਲਾਕ ਲੋਕਾਂ ਵੱਲੋਂ ਪੈਦਾ ਕੀਤੇ ਗਏ ਹਨ। ਇਸ ਪੁਸਤਕ ਵਿੱਚ ਸਾਰੇ ਵਹਿਮਾਂ ਭਰਮਾਂ ਨੂੰ ਵਿਗਿਆਨ ਦੇ ਤੌਰ 'ਤੇ ਗਲਤ ਸਾਬਤ ਕੀਤਾ ਗਿਆ ਹੈ। ਕਿਤਾਬ ਵਿੱਚ ਵਿਗਿਆਨੀਆਂ ਦੇ ਜੀਵਨ ਸੰਘਰਸ਼ ਬਾਰੇ ਵੀ ਦੱਸਿਆ ਗਿਆ ਜਿਸ ਤੋਂ ਇਹ ਪ੍ਰੇਰਨਾ ਮਿਲਦੀ ਹੈ ਕਿ ਜੀਵਨ ਵਿੱਚ ਸਫ਼ਲ ਹੋਣ ਲਈ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਨੂੰ ਇਨ੍ਹਾਂ ਮੁਸ਼ਕਲਾਂ ਤੋਂ ਘਬਰਾਉਣਾ ਨਹੀਂ ਚਾਹੀਦਾ ਸਗੋਂ ਮੁਸ਼ਕਲਾਂ ਦਾ ਡਟ ਕੇ ਮੁਕਾਬਲਾ ਕਰਦਿਆਂ ਸਫ਼ਲ ਹੋਣਾ ਚਾਹੀਦਾ ਹੈ।



ਮੈਂ ਤਰਕਸ਼ੀਲ ਸੁਸਾਇਟੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੀ ਹਾਂ, ਜਿੰਨਾਂ ਸਾਨੂੰ ਤਰਕ ਦੇ ਅਧਾਰ 'ਤੇ ਜਿਉਣ ਦੀ ਜੀਵਨ ਜਾਚ ਸਿਖਾਈ। ਮੈਂ ਆਪਣੇ ਜੀਵਨ ਵਿੱਚ ਇਸੇ ਪ੍ਰੇਰਨਾ ਨਾਲ ਸਫ਼ਲ ਹੋਣਾ ਚਾਹੁੰਦੀ ਹਾਂ।

ਸੁਖਮਨ ਕੌਰ ਸੰਧੂ, ਕਲਾਸ ਅੱਠਵੀਂ
ਸੱਚਖੰਡ ਪਬਲਿਕ ਸੀਨੀ. ਸੈਕੰਡਰੀ ਸਕੂਲ,
ਭਲਾਈਆਣਾ (ਮੁਕਤਸਰ)

ਤਰਕ ਦਾ ਰਾਹ

ਮੈਂ ਇਸ ਵਾਰ ਦੀ ਚੇਤਨਾ ਪ੍ਰੀਖਿਆ ਵਿੱਚ ਭਾਗ ਲਿਆ ਤੇ ਮਿਡਲ ਵਿਭਾਗ ਵਿੱਚੋਂ ਪੰਜਾਬ ਪੱਧਰ ’ਤੇ ਨੌਵਾਂ ਸਥਾਨ ਪ੍ਰਾਪਤ ਕੀਤਾ। ਮੈਨੂੰ ਪ੍ਰੀਖਿਆ ਪੁਸਤਕ ਵਿੱਚੋਂ ਬਹੁਤ ਪ੍ਰਾਪਤ ਹੋਇਆ। ਵੈਸੇ ਤਾਂ ਇਸ ਪੁਸਤਕ ਵਿੱਚ ਸਾਰੇ ਪਾਠਾਂ ਵਿੱਚ ਹੀ ਸਰਲ ਭਾਸ਼ਾ ਵਿੱਚ ਸਮਝਾਇਆ ਗਿਆ ਸੀ ਪਰ ਨਜ਼ਰ ਲੱਗਣ ਵਾਲਾ ਪਾਠ ਮੈਨੂੰ ਬਹੁਤ ਪਸੰਦ ਆਇਆ। ਤੀਸਰੀ ਚੇਤਨਾ ਪ੍ਰੀਖਿਆ ਵੇਲ਼ੇ ਦੀ ਗੱਲ ਹੈ। ਪ੍ਰੀਖਿਆ ਤੋਂ ਪਹਿਲਾਂ ਮੈਂ ਗੁਰਦੁਆਰੇ ਜਾ ਕੇ ਅਰਦਾਸ ਕੀਤੀ ਤਾਂ ਕਿ ਮੈ ਪਹਿਲੇ ਨੰਬਰ ’ਤੇ ਆ ਸਕਾਂ। ਉਸ ਪ੍ਰੀਖਿਆ ਵਿੱਚ ਮੈਨੂੰ ਦੂਸਰਾ ਸਥਾਨ ਹਾਸਲ ਹੋਇਆ। ਸੋਚਦਾ ਰਿਹਾ ਕਿ ਮੇਰੀ ਅਰਦਾਸ ਵਿੱਚ ਕੋਈ ਫਰਕ ਰਹਿ ਗਿਆ ਹੋਣਾ, ਨਹੀਂ ਤਾਂ ਮੈਂ ਪੱਕਾ ਪਹਿਲੇ ਸਥਾਨ ’ਤੇ ਆਉਂਦਾ। ਮਹੀਨੇ ਕੁ ਬਾਅਦ ਜਦ ਪੁਸਤਕ ਧਿਆਨ ਨਾਲ ਪੜ੍ਹੀ ਤਾਂ ਸਮਝ ਆਇਆ ਕਿ ਉਹ ਮੇਰਾ ਅੰਧਵਿਸ਼ਵਾਸ ਹੀ ਸੀ। ਐਤਕੀ ਪ੍ਰੀਖਿਆ ਵਿੱਚ ਮੈਂ ਪੂਰੀ ਮਿਹਨਤ ਨਾਲ ਤਿਆਰੀ ਕੀਤੀ ਤੇ ਪਹਿਲੇ ਸਥਾਨ ’ਤੇ ਆਇਆ। ਇਸ ਨਾਲ ਮੇਰਾ ਆਤਮ ਵਿਸ਼ਵਾਸ਼ ਵਧਿਆ ਹੈ। ਹੁਣ ਮੇਰਾ ਆਤਮ ਵਿਸ਼ਵਾਸ਼ ਹੈ ਕਿ ਮੈਂ ਮਿਹਨਤ ਕਰਕੇ ਸਲਾਨਾ ਪ੍ਰੀਖਿਆ ਵਿੱਚੋਂ ਵੀ ਪਹਿਲਾ ਸਥਾਨ ਪ੍ਰਾਪਤ ਕਰਾਂਗਾ। ਹੁਣ ਮੈਂ ਅੰਧਵਿਸ਼ਵਾਸ਼ ਤਿਆਗ ਕੇ ਆਤਮਵਿਸ਼ਵਾਸ਼ ਵਾਲਾ ਬਣ ਗਿਆ ਹਾਂ।



ਆਪਣੇ ਸਕੂਲ਼ ਦੀ ਸਵੇਰ ਦੀ ਸਭਾ ਵਿੱਚ ਮੈਂ ਹੋਰਨਾਂ ਵਿਦਿਆਰਥੀਆਂ ਨੂੰ ਅੰਧਵਿਸ਼ਵਾਸ਼ ਤੋਂ ਬਚਾਉਣ ਲਈ ਜਾਦੂ ਟੂਣੇ, ਨਜ਼ਰ ਲੱਗਣਾ, ਪੁੱਛਾਂ ਕੱਢਣਾ ਤੇ ਕਸਰਾਂ ਬਾਰੇ ਪੁਸਤਕ ਤੋਂ ਮਿਲੀ ਜਾਣਕਾਰੀ ਸਾਂਝੀ ਕਰਦਾ ਹਾਂ। ਆਪਣੇ ਨਾਲ ਦੇ ਵਿਦਿਆਰਥੀਆਂ ਨੂੰ ਪ੍ਰੀਖਿਆ ਪੁਸਤਕ ਪੜ੍ਹਨ ਲਈ ਵੀ ਦਿੰਦਾ ਹਾਂ। ਮੈਨੂੰ ਲਗਦਾ ਹੈ ਕਿ ਵਿਦਿਆਰਥੀਆਂ ਦੀ ਵਿਗਿਆਨਕ ਸੋਚ ਨਾਲ ਹੀ ਅਸੀਂ ਤਰੱਕੀ ਕਰ ਸਕਦੇ ਹਾਂ। ਹੋਰਨਾਂ ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਨੂੰ ਮੈਂ ਇਹੋ ਕਹਿਣਾ ਚਾਹਾਂਗਾ ਕਿ ਪ੍ਰੀਖਿਆ ਵਿੱਚ ਭਾਗ ਪਹਿਲਾ, ਦੂਸਰਾ ਸਥਾਨ ਹਾਸਲ ਕਰਨ ਲਈ ਹੀ ਨਹੀਂ ਸਗੋਂ ਆਪਣੇ ਗਿਆਨ ਵਿੱਚ ਵਾਧਾ ਕਰਨ ਲਈ ਲੈਣ।

ਲਵਪ੍ਰੀਤ ਸਿੰਘ, ਕਲਾਸ ਅੱਠਵੀਂ
ਸਰਕਾਰੀ ਸੀਨੀ. ਸੈਕੰਡਰੀ ਸਕੂਲ,
ਗੁੱਜਰਾਂ (ਸੰਗਰੂਰ)

ਅਨੁਭਵ ਤੇ ਆਸ

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਲਈ ਗਈ ਚੇਤਨਾ ਪਰਖ ਪ੍ਰੀਖਿਆ ਵਿੱਚ ਬਹੁਤ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ। ਭਾਵੇਂ ਪੁਜੀਸ਼ਨਾਂ ਚੋਣਵੇਂ ਵਿਦਿਆਰਥੀਆਂ ਨੇ ਹੀ ਪ੍ਰਾਪਤ ਕੀਤੀਆਂ ਪਰ ਸਭ ਦੇ ਗਿਆਨ ਦੇ ਪੱਧਰ ਵਿੱਚ ਵਾਧਾ ਹੋਇਆ ਹੈ। ਪ੍ਰੀਖਿਆ ਵਿੱਚ ਪੁੱਛੇ ਗਏ ਪ੍ਰਸ਼ਨ ਵੱਖ ਵੱਖ ਵਿਸ਼ਿਆਂ, ਗਿਆਨ ਵਿਗਿਆਨ ਤੇ ਆਮ ਜਾਣਕਾਰੀ ਨਾਲ ਸਬੰਧਤ ਸਨ ਜਿੰਨ੍ਹਾਂ ਨੇ ਸਾਡੇ ਬੌਧਿਕ ਪੱਧਰ ਨੂੰ ਵੀ ਉੱਚਾ ਚੁੱਕਿਆ ਹੈ। ਇਸ ਤੋਂ ਇਲਾਵਾ ਇਸ ਪ੍ਰੀਖਿਆ ਨੇ ਮੁਕਾਬਲੇ ਦੀ ਭਾਵਨਾ ਨੂੰ ਬਲ ਦਿੱਤਾ ਹੈ ਤੇ ਨਕਲ ਰਹਿਤ ਪ੍ਰੀਖਿਆ ਨੂੰ ਬਦਲ ਵਜੋ ਪੇਸ਼ ਕੀਤਾ ਹੈ। ਇਹ ਪ੍ਰੀਖਿਆ ਰਵਾਇਤੀ ਪ੍ਰੀਖਿਆ ਤੋਂ ਭਿੰਨ ਹੈ ਕਿਉਂਕਿ ਇਸਦਾ ਮੰਤਵ ਵਿਦਿਆਰਥੀਆਂ ਦੇ ਅਨੁਭਵ ਵਿੱਚ ਵਾਧਾ ਕਰਨਾ ਤੇ ਸੋਚ ਨੂੰ ਵਿਗਿਆਨਕ ਬਣਾਉਣਾ ਹੈ। ਪ੍ਰੀਖਿਆ ਦੀ ਪ੍ਰਕਿਰਿਆ ਵਿੱਚੋਂ ਗੁਜ਼ਰਦਿਆਂ ਤੇ ਸੁਸਾਇਟੀ ਦੇ ਪ੍ਰੋਗਰਾਮ ਵਿੱਚ ਵਿਚਰਦਿਆਂ ਮੈਂ ਇਹ ਮਹਿਸੂਸ ਕੀਤਾ ਹੈ ਕਿ ਤਰਕਸ਼ੀਲ ਸੁਸਾਇਟੀ ਆਪਣੇ ਮਕਸਦ ਵਿੱਚ ਵਾਕਿਆ ਈ ਕਾਮਯਾਬ ਹੋ ਰਹੀ ਹੈ। ਵਿਦਿਆਰਥੀਆਂ ਵੱਲੋਂ ਮਿਲਿਆ ਹੁੰਗਾਰਾ, ਅਧਿਆਪਕਾਂ ਤੇ ਮਾਪਿਆਂ ਵੱਲੋਂ ਦਿੱਤੀ ਗਈ ਹੱਲਾਸ਼ੇਰੀ ਇਸ ਦਾ ਸਬੂਤ ਹੈ। ਇਸ ਆਸ ਨਾਲ ਕਿ ਸੁਸਾਇਟੀ ਸਮਾਜ ਲਈ ਇਸੇ ਤਰ੍ਹਾਂ ਚਾਨਣ ਮੁਨਾਰੇ ਦਾ ਕੰਮ ਕਰਦੀ ਰਹੇਗੀ।



ਅਮਨਦੀਪ ਕੌਰ, ਕਲਾਸ ਬਾਰ੍ਹਵੀਂ ਏ
ਸਰਕਾਰੀ ਸੀਨੀ. ਸੈਕੰਡਰੀ ਸਮਾਰਟ ਸਕੂਲ,
ਛਾਜਲੀ (ਸੰਗਰੂਰ)

ਤਰਕ ਨਾਲ ਸੋਚੀਏ

ਮੈਂ ਤਰਕਸ਼ੀਲ ਸੁਸਾਇਟੀ ਦੀ ਇਸ ਗੱਲੋਂ ਧੰਨਵਾਦੀ ਹਾਂ ਕਿ ਇਹ ਤਰਕਸ਼ੀਲ ਚੇਤਨਾ ਪ੍ਰੀਖਿਆ ਕਰਵਾ ਕੇ ਸਾਡੇ ਵਰਗੇ ਅਨੇਕਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦੇ ਹਨ। ਮੈਂ ਇਹ ਪ੍ਰੀਖਿਆ ਕੋਈ ਇਨਾਮ ਜਿੱਤਣ ਲਈ ਨਹੀਂ ਸੀ ਦਿੱਤੀ ਸਗੋਂ ਕੁਝ ਸਿੱਖਣ ਲਈ ਦਿੱਤੀ ਸੀ। ਮੈਨੂੰ ਪ੍ਰੀਖਿਆ ਵਿੱਚੋਂ ਬਹੁਤ ਕੁਝ ਸਿੱਖਣ ਨੂੰ ਮਿਲਿਆ। ਮੈਂ ਸਿੱਖਿਆ ਕਿ ਇਸ ਧਰਤੀ ’ਤੇ ਕੋਈ ਰੱਬੀ ਜਾਂ ਗ਼ੈਬੀ ਸ਼ਕਤੀ ਨਹੀਂ ਹੁੰਦੀ। ਟੂਣੇ ਟੱਪਿਆਂ ਤੇ ਪੁੱਛਾਂ ਕੱਢਣ ਵਿੱਚ

ਬਾਕੀ ਸਫਾ 37 ’ਤੇ

ਚੇਤਨਾ ਪ੍ਰੀਖਿਆ ਦਾ ਸੂਬਾਈ ਸਨਮਾਨ ਸਮਾਰੋਹ

ਭਵਨ ਵਿੱਚ ਆਮਦ : 09 ਅਕਤੂਬਰ, 22 ਦਾ ਦਿਨ ਸੀ। ਤਰਕਸ਼ੀਲ ਭਵਨ ਵਿੱਚ ਸਵੇਰ ਤੋਂ ਗਹਿਮਾ ਗਹਿਮੀ ਸੀ। ਪ੍ਰੀਖਿਆ ਦੇ ਮਿਡਲ ਤੇ ਸੈਕੰਡਰੀ ਵਿਭਾਗਾਂ ਵਿੱਚ ਪੰਜਾਬ ਭਰ ਵਿੱਚੋਂ ਪਹਿਲੇ ਸਥਾਨਾਂ 'ਤੇ ਆਏ ਵਿਦਿਆਰਥੀ ਆਪਣੇ ਮਾਪਿਆਂ ਨਾਲ ਪਹੁੰਚ ਰਹੇ ਸਨ। ਭਵਨ ਦੇ ਅੰਦਰ ਦਾਖ਼ਲ ਹੁੰਦਿਆਂ ਚਾਹ ਪਾਣੀ ਹਾਜ਼ਰ ਸੀ। ਚਾਹ ਪਾਣੀ ਪੀਂਦਿਆਂ ਸੰਵਾਦ ਰਚਾਉਣ ਲਈ ਤਰਕਸ਼ੀਲ ਪੁਸਤਕ ਵੈਨ ਖੜੀ ਸੀ। ਤਰਕਸ਼ੀਲ ਲਹਿਰ ਦੇ ਕਾਮੇ ਆਪੋ ਆਪਣੀਆਂ ਇਕਾਈਆਂ ਦੇ ਹੋਣਹਾਰ ਵਿਦਿਆਰਥੀਆਂ ਨਾਲ ਰੁੱਝੇ ਸਨ। ਵਿਦਿਆਰਥੀਆਂ ਦੇ ਚਿਹਰਿਆਂ ਤੋਂ ਝਲਕਦੀ ਖ਼ੁਸ਼ੀ ਤੇ ਨਾਲ ਆਏ ਮਾਪਿਆਂ, ਅਧਿਆਪਕਾਂ ਦਾ ਰੌਂਅ ਸਕੂਨ ਦੇਣ ਵਾਲ਼ਾ ਸੀ।

ਸ਼ੁਰੂਆਤ : ਸਮੇਂ ਸਿਰ ਸਾਰਿਆਂ ਨੇ ਸੈਮੀਨਾਰ ਹਾਲ ਵਿੱਚ ਆਪੋ ਆਪਣੀਆਂ ਕੁਰਸੀਆਂ ਲਈਆਂ। ਸਮਾਰੋਹ ਦੀ ਸ਼ੁਰੂਆਤ ਭਦੌੜ ਸਕੂਲ ਦੇ ਵਿਦਿਆਰਥੀਆਂ ਵੱਲੋਂ ਗਾਏ ਲੋਕ ਪੱਖੀ ਗੀਤਾਂ ਨਾਲ ਹੋਈ। ਪ੍ਰੀਖਿਆ ਵਿੱਚ ਮੋਹਰੀ ਸਥਾਨਾਂ 'ਤੇ ਆਏ ਵਿਦਿਆਰਥੀਆਂ ਸਨੇਹ ਖਰੜ, ਜੋਤੀ ਧੂਰੀ, ਸੁਖਮਨ ਭਲਾਈਆਣਾ, ਵਰਸ਼ਾ ਅਬੋਹਰ, ਲਵਪ੍ਰੀਤ ਸਿੰਘ, ਅਮਰਿੰਦਰ ਕੌਰ ਕੁਠਾਲਾ, ਸਲੋਨੀ ਗੜ੍ਹਸ਼ੰਕਰ ਤੇ ਰੋਮਨਪ੍ਰੀਤ ਖੇਮੂਆਣਾ ਨੇ ਸਮਾਰੋਹ ਵਿੱਚ ਬੋਲਦਿਆਂ ਆਪਣੇ ਜ਼ਜ਼ਬਾਤ ਸਾਂਝੇ ਕੀਤੇ। ਚੇਤਨਾ ਪ੍ਰੀਖਿਆ ਨੂੰ ਆਪਣੇ ਜੀਵਨ ਦੀ ਮਾਰਗ ਦਰਸ਼ਕ ਦੱਸਿਆ। ਉਨ੍ਹਾਂ ਨੇ ਪ੍ਰੀਖਿਆ ਦੇਣ ਲਈ ਪ੍ਰੇਰਿਤ ਕਰਨ ਵਾਲੇ ਤਰਕਸ਼ੀਲ ਆਗੂਆਂ ਤੇ ਆਪਣੇ ਸਕੂਲ਼ ਅਧਿਆਪਕਾਂ ਦੇ ਮਾਰਗ ਦਰਸ਼ਨ ਨੂੰ ਆਪਣੇ ਵਿਦਿਆਰਥੀ ਜੀਵਨ ਦਾ ਸੁਖਾਵਾਂ ਮੋੜ ਦੱਸਿਆ। ਮੰਚ ਤੇ ਉਨ੍ਹਾਂ ਦੇ ਬੋਲਾਂ ਵਿੱਚੋਂ ਝਲਕਦਾ ਆਤਮਵਿਸ਼ਵਾਸ ਪ੍ਰੀਖਿਆ ਦੇ ਪੂਰੇ ਹੋ ਰਹੇ ਉਦੇਸ਼ ਦੀ ਗਵਾਹੀ ਦੇ ਰਿਹਾ ਸੀ।

ਪਹਿਲਾ ਸ਼ੈਸ਼ਨ : ਇਸ ਸ਼ੈਸ਼ਨ ਵਿੱਚ ਵਿੱਚ ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਹੇਮ ਰਾਜ ਸਟੈਨੋ ਨੇ ਸਾਰਿਆਂ ਨੂੰ ਜੀ ਆਇਆਂ ਨੂੰ ਆਖਦਿਆਂ ਚੇਤਨਾ ਪ੍ਰੀਖਿਆ ਵਿੱਚ ਮਿਲੇ ਸਹਿਯੋਗ ਦਾ ਜ਼ਿਕਰ ਕੀਤਾ। ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਪੰਜਾਬੀ ਯੂਨੀਵਰਸਿਟੀ ਦੇ ਡੀਨ ਭਾਸ਼ਾਵਾਂ ਡਾ. ਰਾਜਿੰਦਰ ਪਾਲ ਸਿੰਘ ਨੇ ਆਪਣੇ ਸੰਬੋਧਨ ਵਿੱਚ ਵਿਗਿਆਨਕ ਚੇਤਨਾ ਨੂੰ ਭਰਮ ਮੁਕਤ ਤੇ ਚੰਗੇਰੇ ਸਮਾਜ ਦਾ ਰਾਹ ਆਖਿਆ। ਉਨ੍ਹਾਂ ਕਿਹਾ ਕਿ ਸਿੱਖਿਆ, ਚੇਤਨਾ ਤੇ ਸੰਘਰਸ਼ ਨਾਲ ਹੀ ਬਰਾਬਰੀ ਦਾ ਸਮਾਜ ਸਿਰਜਿਆ ਜਾ ਸਕਦਾ ਹੈ। ਉਨ੍ਹਾਂ ਸਰਕਾਰਾਂ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਦੀ ਆਲੋਚਨਾ ਕਰਦਿਆਂ ਆਖਿਆ ਕਿ ਇੱਕ ਚੇਤੰਨ ਮਨੁੱਖ ਹੀ ਸਰਕਾਰੀ ਜਨਤਕ ਖ਼ੇਤਰ ਦੇ ਕੀਤੇ ਜਾ ਰਹੇ ਖਾਤਮੇ ਤੇ ਸਿੱਖਿਆ, ਰੁਜ਼ਗਾਰ ਖੋਹਣ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਸਮਝਾ ਸਕਦਾ ਹੈ। ਉਨ੍ਹਾਂ ਤਰਕਸ਼ੀਲ ਸੁਸਾਇਟੀ ਦੇ ਯਤਨਾਂ ਦੀ ਸਰਾਹਨਾ ਕਰਦਿਆਂ ਵਿਦਿਆਰਥੀਆਂ ਤੇ ਮਾਪਿਆਂ ਨੂੰ ਸੁਨਿਹਰੇ ਭਵਿੱਖ ਵਾਲੇ ਬਰਾਬਰੀ ਦੇ ਸਮਾਜ ਦੀ ਸਿਰਜਣਾ ਲਈ ਤਰਕਸ਼ੀਲ ਸੋਚ ਅਪਨਾਉਣ ਦਾ ਸੱਦਾ ਦਿੱਤਾ। ਉਨ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਦੀਆਂ ਭਾਵਨਾਵਾਂ ਤੇ ਜੀਵਨ ਵਿੱਚ ਅੱਗੇ ਵਧਣ ਦੀਆਂ ਇੱਛਾਵਾਂ ਦੀ ਕਦਰ ਕਰਨ ਦਾ ਸੁਝਅ ਦਿੱਤਾ। ਸਮਾਰੋਹ ਦੇ ਦੂਸਰੇ ਸ਼ੈਸ਼ਨ ਵਿੱਚ ਸੈਕੰਡਰੀ ਤੇ ਮਿਡਲ ਵਿਭਾਗਾਂ ਵਿੱਚੋਂ ਪਹਿਲੇ ਸਥਾਨਾਂ ਤੇ ਆਉਣ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨ ਸਰਟੀਫਿਕੇਟ, ਨਕਦ ਰਾਸ਼ੀ ਤੇ ਪੁਸਤਕਾਂ ਦੇ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਰੋਹ ਦੀ ਸਫਲਤਾ ਲਈ ਸੂਬਾਈ ਆਗੂਆਂ ਗੁਰਪ੍ਰੀਤ ਸ਼ਹਿਣਾ, ਰਾਜਪਾਲ ਸਿੰਘ, ਜਸਵੰਤ ਮੁਹਾਲੀ, ਸੁਖਵਿੰਦਰ ਬਾਗਪੁਰ, ਮਜ਼ੀਦ ਆਜ਼ਾਦ, ਰਾਜੇਸ਼ ਅਕਲੀਆ, ਜੁਝਾਰ ਲੌਂਗੋਵਾਲ ਤੇ ਰਾਮ ਸਵਰਨ ਲੱਖੇਵਾਲੀ ਦਾ ਵੀ ਭਰਵਾਂ ਯੋਗਦਾਨ ਰਿਹਾ। ਮੰਚ ਸੰਚਾਲਨ ਦੀ ਜਿੰਮੇਵਾਰੀ ਪ੍ਰੀਖਿਆ ਵਿਭਾਗ ਦੇ ਸੂਬਾਈ ਮੁਖੀ ਰਾਜਿੰਦਰ ਭਦੌੜ ਨੇ ਨਿਭਾਈ। ਵਿਦਿਆਰਥੀਆਂ ਨੂੰ ਮਿਹਨਤ, ਚੇਤਨਾ ਤੇ ਉੱਦਮ ਨਾਲ ਉਚੇਰੀ ਪ੍ਰਵਾਜ਼ ਭਰਨ ਦਾ ਸਬਕ ਦਿੰਦਾ ਸਮਾਰੋਹ ਸਫਲਤਾ ਪੂਰਵਕ ਸੰਪੰਨ ਹੋਇਆ। ਸਮਾਰੋਹ ਦੀ ਸਮਾਪਤੀ ਆਸ਼ੀਰਵਾਦ ਡੇ ਬੋਰਡਿੰਗ ਪਬਲਿਕ ਸਕੂਲ, ਝਾੜੋਂ (ਸੰਗਰੂਰ) ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀ ਗਈ ਕੋਰੀਓਗ੍ਰਾਫੀ "ਐ ਭਗਤ ਸਿੰਘ ਤੂੰ ਜ਼ਿੰਦਾ ਹੈ" ਨਾਲ ਕੀਤੀ ਗਈ। ਸਮਾਰੋਹ ਵਿੱਚ ਹੋਰਨਾਂ ਤੋਂ ਇਲਾਵਾ ਸੱਤਪਾਲ ਸਲੋਹ, ਮਾਸਟਰ ਪਰਮਵੇਦ, ਜਰਨੈਲ਼ ਕ੍ਰਾਂਤੀ, ਮਾਸਟਰ ਕੁਲਜੀਤ, ਪ੍ਰਿੰਸੀਪਲ ਗੁਰਮੀਤ ਖਰੜ, ਜੋਗਿੰਦਰ ਕੁੱਲੇਵਾਲ਼, ਬਲਰਾਜ ਮੌੜ, ਅਜੀਤ ਪ੍ਰਦੇਸੀ ਰੋਪੜ ਆਦਿ ਪੰਜਾਬ ਭਰ ਤੋਂ ਆਏ ਅਨੇਕਾਂ ਤਰਕਸ਼ੀਲ ਆਗੂ ਵੀ ਮੌਜੂਦ ਸਨ।

ਝਲਕੀਆਂ : ਸਨਮਾਨ ਪ੍ਰਾਪਤ ਕਰਨ ਵਾਲ਼ੇ ਸਾਰੇ ਹੀ ਵਿਦਿਆਰਥੀਆਂ ਲਈ ਇਹ ਮਾਣ ਮੱਤਾ ਦਿਨ ਹੋ ਨਿਬੜਿਆ। ਸਾਰਿਆਂ ਨੇ ਹੀ ਜੀਵਨ ਵਿੱਚ ਸਖ਼ਤ **ਬਾਕੀ ਸਫਾ 37'ਤੇ**

ਸਫਾ 35 ਦਾ ਬਾਕੀ ਕੋਈ



ਸੱਚਾਈ ਨਹੀਂ ਹੁੰਦੀ। ਅਸੀਂ ਜਾਣਦੇ ਹਾਂ ਕਿ ਇੱਕ ਬੱਚੇ ਦੀ ਪਰਵਰਿਸ਼ ਵਿੱਚ ਤੇ ਉਸਦੀ ਸੋਚ ਵਿੱਚ ਸਭ ਤੋ ਵੱਡਾ ਹੱਥ ਉਸਦੇ ਮਾਪਿਆਂ ਦਾ ਹੁੰਦਾ ਹੈ। ਮੇਰੇ ਮਾਪਿਆਂ ਨੇ ਮੈਨੂੰ ਬਚਪਨ ਤੋਂ ਹੀ ਤਰਕ ਨਾਲ ਸੋਚਣਾ ਸਿਖਾਇਆ ਹੈ। ਕਿਸੇ ਵੀ ਗੱਲ ਤੇ ਬਿਨਾਂ ਸੋਚੇ ਸਮਝੇ ਯਕੀਨ ਨਹੀਂ ਕਰਨਾ ਚਾਹੀਦਾ। ਅੱਜ ਸਾਡਾ ਦੇਸ਼ ਧਾਰਮਿਕ ਭਾਵਨਾਵਾਂ ਤੇ ਅੰਧਵਿਸ਼ਵਾਸਾਂ ਕਾਰਣ ਦੂਸਰੇ ਦੇਸ਼ਾਂ ਤੋਂ ਪਛੜਿਆ ਹੋਇਆ ਹੈ। ਜੇਕਰ ਸਾਡੇ ਦੇਸ਼ ਦੇ ਲੋਕਾਂ ਦਾ ਸੋਚਣ ਢੰਗ ਤਰਕਸ਼ੀਲ ਬਣ ਜਾਵੇ ਤਾਂ ਸਾਡਾ ਦੇਸ਼ ਤਰੱਕੀ ਦੀਆਂ ਸਿਖਰਾਂ ਛੂਹਣ ਲੱਗੇਗਾ। ਦੇਸ਼ ਵਿੱਚ ਗ਼ਰੀਬੀ ਅਮੀਰੀ ਦਾ ਪਾੜਾ ਖ਼ਤਮ ਹੋ ਜਾਵੇਗਾ। ਲੋਕ ਧਰਮਾਂ ਦੇ ਨਾਂ 'ਤੇ ਲੜਨ ਦੀ ਬਜਾਏ ਸਰਕਾਰਾਂ ਵਿਰੁੱਧ ਲੜਨ ਤਾਂ ਸਾਡਾ ਦੇਸ਼ ਸਭ ਦੇਸ਼ਾਂ ਤੋਂ ਅੱਗੇ ਲੰਘ ਸਕਦਾ ਹੈ। ਮੇਰਾ ਇਹੋ ਕਹਿਣਾ ਹੈ ਕਿ ਅੱਜ ਦੇ ਯੁੱਗ ਦੇ ਬੱਚਿਆਂ ਨੂੰ ਤਰਕ ਨਾਲ ਸੋਚਣਾ ਸਮਝਣਾ ਚਾਹੀਦਾ ਹੈ ਤਾਂ ਸਾਡਾ ਭਵਿੱਖ ਰੌਸ਼ਨ ਤੇ ਦੇਸ਼ ਖੁਸ਼ਹਾਲ ਹੋ ਸਕਦਾ ਹੈ।

ਮਨਪ੍ਰੀਤ ਕੌਰ

ਹੋਲੀ ਹਰਟ ਪਬਲਿਕ ਸੀਨੀ. ਸੈਕੰਡਰੀ ਸਕੂਲ,

ਛਾਜਲੀ (ਸੰਗਰੂਰ)

ਮਾਨਵਤਾ

ਆਪਾਂ ਕੀ ਹੁੰਨੇਂ ਆਂ !



ਉਦੋਂ ਵਿਵੇਕ ਲੁਧਿਆਣੇ ਦੇ ਗੁਰੂ ਨਾਨਕ ਪਬਲਿਕ ਸਕੂਲ ਵਿਚ ਪੜ੍ਹਦਾ ਸੀ। ਇਹ ਸਕੂਲ ਗੁਰਮੁਖ ਸਿੰਘ ਐਂਡ ਸਨਜ਼ ਵਾਲਿਆਂ ਦਾ ਹੈ। ਜਿੱਥੇ ਜ਼ਿਆਦਾ 'ਸਿੱਖਾਂ' ਦੇ ਬੱਚੇ ਪੜ੍ਹਦੇ ਹਨ। ਇਕ ਦਿਨ ਵਿਵੇਕ ਕਹਿੰਦਾ, "ਸਾਡੀ ਕਲਾਸ ਵਿਚ ਇਕ ਚਾਰ-ਪੰਜ ਮੁੰਡਿਆਂ ਦਾ ਗਰੁੱਪ ਹੈ, ਉਹ ਬੜੇ ਆਕੜ ਜਿਹੀ ਵਾਲੇ ਨੇ, ਆਪਣੇ ਆਪ ਨੂੰ ਜੱਟ ਦੱਸਦੇ ਆ, ਬਾਕੀ ਕਿਸੇ ਨੂੰ ਭਾਪਾ, ਕਿਸੇ ਨੂੰ ਤਖਾਣ ਕਹਿ ਕੇ ਬੁਲਾਉਂਦੇ ਆ।"

ਮੈਂ ਪੁੱਛਿਆ, "ਤੈਨੂੰ ਕੀ ਕਹਿ ਕੇ ਬੁਲਾਉਂਦੇ ?"

ਕਹਿੰਦਾ, "ਮੈਨੂੰ ਨਹੀਂ ਕੁਛ ਕਹਿੰਦੇ। ਵੈਸੇ ਆਪਾਂ ਕੀ ਹੁੰਨੇਂ ਆਂ ?"

ਮੈਂ ਕਿਹਾ, "ਆਪਾਂ ਕੁਛ ਨਹੀਂ ਹੁੰਦੇ। ਤਾਂ ਹੀ ਤੈਨੂੰ ਕੁਛ ਨਹੀਂ ਸੱਦਦੇ।"

ਪੰਜਵੀ ਤੋਂ ਬਾਅਦ ਉਸ ਨੂੰ ਡੀ ਏ ਵੀ ਸਕੂਲ ਵਿਚ ਪੜ੍ਹਨ ਲਾ ਦਿੱਤਾ। ਜਦੋਂ ਸੱਤਵੀਂ-ਅੱਠਵੀਂ ਵਿਚ ਸੀ ਤਾਂ ਇਕ ਦਿਨ ਕਹਿੰਦਾ, " ਪਾਪਾ, ਯਾਰ ਬੜਾ ਅਫ਼ਸੋਸ ਹੋਇਆ, ਪਤਾ ਲੱਗਾ ਆਪਾਂ ਵੀ ਜੱਟ ਹੁੰਨੇਂ ਆਂ।"

ਮੈਂ ਕਿਹਾ, "ਨਹੀਂ, ਤੈਨੂੰ ਕੌਣ ਕਹਿੰਦਾ ?"

"ਮੇਰੀ ਕਲਾਸ ਦਾ ਇਕ ਬੱਚਾ ਦੱਸ ਰਿਹਾ ਸੀ, ਕਹਿੰਦਾ ਪੰਧੇਰ ਜੱਟ ਹੁੰਦੇ ਆ। ਉਹ ਮੈਨੂੰ ਬੜਾ ਪੰਧੇਰ ਸਾਹਿਬ, ਪੰਧੇਰ ਸਾਹਿਬ ਕਰ ਕੇ ਬੁਲਾਉਂਦਾ।"

ਮੈਂ ਕਿਹਾ, "ਨਹੀਂ ਹੁਣ ਜਦ ਕਹੂ ਤਾਂ ਉਹਨੂੰ ਦੱਸੀਂ ਅਸੀਂ ਨਕਲੀ ਪੰਧੇਰ ਹਾਂ, ਬਿਨਾਂ ਜੱਟ ਵਾਲੇ।"

ਪਰ ਉਹਨੂੰ ਦੱਸਣ ਵਾਲੇ ਨੇ ਦੱਸਿਆ, "ਜੇ ਤੁਹਾਡਾ ਕੋਈ ਪਿੰਡ ਹੈਗਾ, ਉਥੇ ਤੁਹਾਡੀ ਜ਼ਮੀਨ ਹੈਗੀ ਤਾਂ ਤੁਸੀਂ ਪੱਕੇ ਜੱਟ ਹੋ।"

ਇਸ ਬਾਰੇ ਮੈਂ ਉਸ ਨੂੰ ਆਖਰੀ ਗੱਲ ਦੱਸੀ ਕਿ ਜਦੋਂ ਅਸੀਂ ਪਿੰਡ ਰਹਿੰਦੇ ਸੀ, ਖੇਤੀ ਕਰਦੇ ਸੀ, ਪਸ਼ੂ ਚਾਰਦੇ ਸੀ, ਆਲੂ ਬੀਜਦੇ ਸੀ, ਕਣਕ ਵੱਢਦੇ, ਝੋਨਾ ਲਾਉਂਦੇ ਤੇ ਝਾੜਦੇ ਸੀ, ਓਦੋਂ ਅਸੀਂ ਜੱਟ ਸੀ। ਹੁਣ ਮੈਂ ਇੰਜਨੀਅਰ ਹਾਂ, ਤੂੰ ਪੜ੍ਹ ਕੇ ਜੋ ਬਣੇਂਗਾ ਉਹ ਹੋਏਂਗਾ। ਇਸ ਬਾਰੇ ਮੁੜ ਕਦੀ ਗੱਲ ਨਹੀਂ ਹੋਈ। ਉਸ ਨੂੰ ਅਸਲ ਵਿਚ ਜੱਟ ਹੋਣ ਅਤੇ ਜੱਟ ਹੋਣ ਦੀ ਫੋਕੀ ਆਕੜ ਦਾ ਫਰਕ ਪਤਾ ਲੱਗ ਗਿਆ ਸੀ। ਅਖੀਰ ਤੱਕ ਆਪਣੇ ਪਿਓ ਵਾਂਗ ਉਸ ਨੇ ਵੀ ਕਦੀ ਜਾਤ ਪਾਤ ਨੂੰ ਧਿਆਨ ਵਿਚ ਰੱਖ ਕੇ ਦੋਸਤ ਨਹੀਂ ਬਣਾਏ।

ਇਹ ਗੱਲ ਬਹੁਤ ਤਸੱਲੀ ਭਰੀ ਹੈ ਕਿ ਵਿਵੇਕ ਦੇ ਬੇਵਕਤ ਤੁਰ ਜਾਣ ਤੇ ਉਸ ਦੇ ਸੱਤ ਅੰਗ ਵੱਖ ਵੱਖ ਲੋੜਵੰਦਾਂ ਨੂੰ ਰੰਗ, ਨਸਲ, ਮਜ਼ਹਬ, ਕੌਮ ਅਤੇ ਜਾਤ-ਗੋਤ ਦੇ ਵਿਤਕਰੇ ਤੋਂ ਬਿਨਾਂ ਪ੍ਰਾਪਤ ਹੋਏ। **- ਜਸਵੰਤ ਸਿੰਘ ਜ਼ਫ਼ਰ**

ਸਫਾ 36 ਦਾ ਬਾਕੀ ਮਿਹਨਤ ਤੇ ਤਰਕਸ਼ੀਲ ਸੋਚ ਨਾਲ ਅੱਗੇ ਵਧਦਿਆਂ ਮੰਜ਼ਿਲ ਤੇ ਪੁੱਜਣ ਦਾ ਪ੍ਰਣ ਲਿਆ।

ਸਮਾਰੋਹ ਵਿੱਚ ਸ਼ਾਮਲ ਹੋਏ ਮਾਪੇ ਤੇ ਅਧਿਆਪਕ ਇਸ ਗੱਲੋਂ ਬਾਗੋ ਬਾਗ਼ ਸਨ ਕਿ ਜੀਵਨ ਦਾ ਇਹ ਰਾਹ ਸੱਚਮੁੱਚ ਖ਼ੁਸ਼ੀ, ਮਾਣ ਤੇ ਪ੍ਰੇਰਨਾ ਦੇਣ ਵਾਲ਼ਾ ਹੈ।

ਸਮਾਪਤੀ ਤੇ ਪੁਸਤਕਾਂ ਕੋਲ ਵੀ ਪਾਠਕਾਂ ਦੀ ਭਰਵੀਂ ਹਾਜ਼ਰੀ ਵੇਖਣ ਨੂੰ ਮਿਲੀ। ਸੁਖ਼ਦ ਅਹਿਸਾਸਾਂ ਨਾਲ ਸਾਰੇ ਆਪਣੇ ਘਰਾਂ ਨੂੰ ਪਰਤੇ।

ਰਾਮ ਸਵਰਨ ਲੱਖੇਵਾਲੀ (ਸੂਬਾ ਮੀਡੀਆ ਮੁਖੀ)

ਸਿੱਖਿਆ ਦੇ ਭਗਵੇਂਕਰਨ ਦੀ ਮੁਹਿੰਮ ਤੇਜ਼ !



- ਗੁਰਪ੍ਰੀਤ ਚੋਗਾਵਾਂ

ਪਿਛਲੇ ਦਿਨੀਂ ਐੱਨ.ਸੀ.ਈ. ਆਰ.ਟੀ. ਨੇ ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਇਤਿਹਾਸ, ਰਾਜਨੀਤੀ ਵਿਗਿਆਨ ਅਤੇ ਸਮਾਜ ਵਿਗਿਆਨ ਦੇ ਸਿਲੇਬਸ ਵਿੱਚ ਵੱਡੇ ਬਦਲਾਅ ਕੀਤੇ ਹਨ। ਪਾਠਕ੍ਰਮ ਵਿੱਚੋਂ ਜਮਹੂਰੀਅਤ, ਮੁਗਲ ਕਾਲ, ਦਿੱਲੀ ਸਲਤਨਤ, ਬਸਤੀਵਾਦ, ਫਿਰਕਾਪ੍ਰਸਤੀ, ਗੁਜਰਾਤ ਕਤਲੇਆਮ, ਭਾਸ਼ਾ ਆਧਾਰਿਤ ਸੂਬੇ ਬਣਾਉਣ ਦੀ ਲਹਿਰ, ਜਾਤ-ਪਾਤ, ਘੱਟ ਗਿਣਤੀਆਂ ਨਾਲ ਸਬੰਧਿਤ ਪਾਠ, ਲੋਕ ਲਹਿਰਾਂ, ਨਕਸਲਬਾੜੀ ਵਿਦਰੋਹ ਆਦਿ ਵਰਗੇ ਵਿਸ਼ੇ ਪੂਰੀ ਤਰ੍ਹਾਂ ਕੱਢ ਦਿੱਤੇ ਗਏ ਹਨ ਜਾਂ ਬਹੁਤ ਜ਼ਿਆਦਾ ਘਟਾ ਦਿੱਤੇ ਹਨ। ਐੱਨ ਸੀ ਈ ਆਰ ਟੀ ਮੁਤਾਬਕ ਸਿਲੇਬਸ ਵਿੱਚ ਇਸ ਕਟੌਤੀ ਦਾ ਕਾਰਨ ਵਿਦਿਆਰਥੀਆਂ ਉੱਤੇ ਸਿਲੇਬਸ ਦਾ ਬੋਝ ਘਟਾਉਣਾ ਅਤੇ ਮੌਜੂਦਾ ਸੰਦਰਭ ਵਿੱਚ "ਅਪ੍ਰਸੰਗਕ" ਵਿਸ਼ਿਆਂ ਨੂੰ ਸਿਲੇਬਸ ਵਿੱਚੋਂ ਕੱਢਣਾ ਹੈ। ਜੇਕਰ ਗੌਰ ਨਾਲ਼ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਸ ਫ਼ੈਸਲੇ ਪਿੱਛੇ ਰਾਸ਼ਟਰੀ ਸਵੈਸੇਵਕ ਸੰਘ ਦਾ ਸਿੱਖਿਆ ਨੂੰ ਭਗਵੀਂ ਸਿਆਹੀ ਨਾਲ਼ ਲਿਖਣ ਦਾ ਹਿੰਦੂਤਵੀ ਏਜੰਡਾ ਲੁਕਿਆ ਹੋਇਆ ਹੈ। ਪਾਠਕ੍ਰਮ ਵਿੱਚੋਂ ਉਹੀ ਵਿਸ਼ੇ ਕੱਢੇ ਗਏ ਹਨ, ਜਿਨ੍ਹਾਂ ਨੂੰ ਇਹ ਨਫ਼ਰਤ ਕਰਦਾ ਹੈ। ਜਿਸ ਕਮੇਟੀ ਦੀਆਂ ਸਿਫ਼ਾਰਿਸ਼ਾਂ ਤਹਿਤ ਸਿਲੇਬਸ ਵਿੱਚ ਇਹ ਸੋਧਾਂ ਕੀਤੀਆਂ ਗਈਆਂ ਹਨ ਉਸ ਦੇ ਜ਼ਿਆਦਾਤਰ ਮੈਂਬਰ ਕਿਸੇ ਨਾ ਕਿਸੇ ਰੂਪ ਵਿੱਚ ਆਰ. ਐੱਸ. ਐੱਸ. ਨਾਲ ਜੁੜੇ ਹੋਏ ਹਨ। ਭਾਰਤ ਵਿੱਚ ਪਹਿਲਾਂ ਵੀ ਸਮੇਂ-ਸਮੇਂ 'ਤੇ ਪਾਠ ਪੁਸਤਕਾਂ ਦੇ ਸਿਲੇਬਸ ਵਿੱਚ ਬਦਲਾਅ ਕੀਤੇ ਜਾਂਦੇ ਰਹੇ ਹਨ। ਸੱਤਾ ਉੱਤੇ ਕਾਬਜ਼ ਹਾਕਮਾਂ ਦੀਆਂ ਬਦਲਦੀਆਂ ਲੋੜਾਂ ਮੁਤਾਬਕ ਸਿੱਖਿਆ ਨੀਤੀ ਅਤੇ ਸਿਲੇਬਸ ਤਿਆਰ ਕੀਤੇ ਜਾਂਦੇ ਹਨ ਪਰ 2014 ਤੋਂ ਬਾਅਦ ਇਸ ਪ੍ਰਕਿਰਿਆ ਵਿੱਚ ਗੁਣਾਤਮਕ ਤਬਦੀਲੀ ਆਈ ਹੈ। ਹੁਣ ਸੱਤਾ ਉੱਤੇ ਕਾਬਜ਼ ਭਾਜਪਾ ਦਾ ਮਕਸਦ ਆਪਣੇ ਸਰਮਾਏਦਾਰ ਹਾਕਮਾਂ ਦੇ ਹਿੱਤਾਂ ਦੀ ਪੂਰਤੀ ਦੇ ਨਾਲ਼-ਨਾਲ਼ ਭਾਰਤ ਨੂੰ ਇੱਕ ਫਾਸ਼ੀਵਾਦੀ ਹਿੰਦੂ ਰਾਸ਼ਟਰ ਬਣਾਉਣਾ ਵੀ ਹੈ। ਇਸ ਮਕਸਦ ਦੀ ਪੂਰਤੀ ਲਈ ਸਿੱਖਿਆ ਇੱਕ ਬਹੁਤ ਹੀ ਕਾਰਗਰ ਮਾਧਿਅਮ ਹੈ ਜਿਸ ਰਾਹੀਂ ਸਰਕਾਰੀ ਖਰਚੇ 'ਤੇ ਸੰਘ ਦੀ "ਸ਼ਾਖਾ" ਲਗਾਉਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਭਾਜਪਾ ਹਕੂਮਤ ਨੇ ਪਹਿਲਾਂ ਵੀ 2014 ਅਤੇ 2017 ਵਿੱਚ ਪਾਠਕ੍ਰਮ ਵਿੱਚ ਕਈ ਤਬਦੀਲੀਆਂ ਕੀਤੀਆਂ ਸਨ। ਪਾਠ ਪੁਸਤਕਾਂ ਦੇ ਸਿਲੇਬਸ ਰਾਹੀਂ ਵਿਦਿਆਰਥੀਆਂ ਵਿੱਚ ਸੰਘ ਦੀ ਮੁਸਲਮਾਨਾਂ, ਦਲਿਤਾਂ, ਔਰਤਾਂ, ਕਮਿਊਨਿਸਟਾਂ ਅਤੇ ਹੋਰ ਘੱਟ ਗਿਣਤੀ ਲੋਕਾਂ ਖ਼ਿਲਾਫ਼ ਨਫ਼ਰਤ ਦੀ ਭਾਵਨਾ ਭਰ ਕੇ ਫਿਰਕੂ ਜਨੂੰਨੀ ਭੀੜ ਤਿਆਰ ਕੀਤੀ ਜਾਵੇਗੀ।

ਜਮਹੂਰੀਅਤ ਅਤੇ ਲੋਕ ਘੋਲਾਂ ਨਾਲ ਨਫ਼ਰਤ

ਸੰਘ ਦੇ ਸਮੁੱਚੇ ਜਥੇਬੰਦਕ ਢਾਂਚੇ ਵਿੱਚ ਜਮਹੂਰੀਅਤ ਨਾਮ ਦੀ ਕੋਈ ਚੀਜ਼ ਨਹੀਂ ਹੈ। ਇਹ ਜਮਹੂਰੀਅਤ ਅਤੇ ਨਾਗਰਿਕ ਹੱਕਾਂ ਦੇ ਕੱਟੜ ਵਿਰੋਧੀ ਹਨ। ਛੇਵੀਂ ਜਮਾਤ ਦੀ ਰਾਜਨੀਤੀ ਵਿਗਿਆਨ ਦੀ ਕਿਤਾਬ ਵਿੱਚੋਂ ਜਮਹੂਰੀਅਤ ਨਾਲ ਸਬੰਧਿਤ 4 ਪਾਠ ਕੱਢ ਦਿੱਤੇ ਗਏ ਹਨ। ਇਹਨਾਂ ਵਿੱਚ ਨਿਆਂ, ਬਰਾਬਰੀ ਵਰਗੇ ਪਾਠ ਵੀ ਸ਼ਾਮਿਲ ਹਨ। ਇਸਦਾ ਬਹਾਨਾ ਇਹ ਲਗਾਇਆ ਗਿਆ ਹੈ ਕਿ ਇਹ ਹੋਰ ਕਿਤਾਬਾਂ ਵਿੱਚ ਪੜ੍ਹਾਏ ਜਾਂਦੇ ਹਨ। ਭਾਵੇਂ ਇਹਨਾਂ ਪਾਠਾਂ ਵਿੱਚ ਸਰਮਾਏਦਾਰਾ ਨਜਰੀਏ ਤੋਂ ਹੀ ਜਮਹੂਰੀਅਤ ਦੀ ਗੱਲ ਕੀਤੀ ਗਈ ਸੀ ਪਰ ਫਿਰ ਵੀ ਇਹ ਕਿਸੇ ਹੱਦ ਤੱਕ ਵਿਦਿਆਰਥੀਆਂ ਨੂੰ ਨਾਗਰਿਕ ਹੱਕਾਂ ਬਾਰੇ ਸੁਚੇਤ ਕਰਦੇ ਸਨ। ਇਹਨਾਂ ਤਬਦੀਲੀਆਂ ਰਾਹੀਂ ਇਹ ਲੋਕਾਂ ਵਿੱਚ ਆਪਣੇ ਹੱਕਾਂ ਦੀ ਚੇਤਨਤਾ ਨੂੰ ਖ਼ਤਮ ਕਰ ਦੇਣਾ ਚਾਹੁੰਦੇ ਹਨ। ਸੰਘ ਦਾ ਅਖੌਤੀ ਹਿੰਦੂ ਰਾਸ਼ਟਰ ਇੱਕ ਫਾਸ਼ੀਵਾਦੀ ਤਾਨਾਸ਼ਾਹ ਹੋਵੇਗਾ, ਜਿਸ ਵਿੱਚ ਕਿਸੇ ਵੀ ਨਾਗਰਿਕ ਦੇ ਕੋਈ ਵੀ ਹੱਕ ਨਹੀਂ ਹੋਣਗੇ।

ਜਮਹੂਰੀਅਤ ਤੋਂ ਇਲਾਵਾ 'ਆਜ਼ਾਦ' ਭਾਰਤ ਵਿੱਚ ਹੋਏ ਵੱਖ-ਵੱਖ ਲੋਕ ਘੋਲਾਂ ਦੇ ਇਤਿਹਾਸ ਨੂੰ ਸਿਲੇਬਸ ਵਿੱਚੋਂ ਹਟਾ ਦਿੱਤਾ ਗਿਆ ਹੈ। ਬਾਰ੍ਹਵੀਂ ਜਮਾਤ ਦੀ ਕਿਤਾਬ ਵਿੱਚੋਂ ਚਿਪਕੋ ਅੰਦੋਲਨ, ਨਰਮਦਾ ਬਚਾਉ ਘੋਲ, 1980ਵਿਆਂ ਦੇ ਕਿਸਾਨ ਘੋਲ, ਮਹਾਰਾਸ਼ਟਰ ਦੀ ਦਲਿਤ ਪੈਂਥਰ ਲਹਿਰ, ਨਕਸਲਬਾੜੀ ਵਿਦਰੋਹ ਬਾਰੇ ਸਾਰੀ ਜਾਣਕਾਰੀ ਪਾਠਕ੍ਰਮ ਵਿੱਚੋਂ ਕੱਢ ਦਿੱਤੀ ਗਈ ਹੈ। ਫਾਸ਼ੀਵਾਦੀ ਲੋਕ ਘੋਲਾਂ ਤੋਂ ਬਹੁਤ ਡਰਦੇ ਹਨ। ਇਸ ਲਈ ਉਹ ਇਤਿਹਾਸ ਵਿੱਚ ਲੋਕਾਂ ਵੱਲੋਂ ਕੀਤੇ ਗਏ ਕਿਸੇ ਵੀ ਅੰਦੋਲਨ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਲੁਕਾ ਕੇ ਲੋਕਾਂ ਨੂੰ ਉਹਨਾਂ ਦੇ ਲੜਾਕੂ ਇਤਿਹਾਸ ਤੋਂ ਵਾਂਝਾ ਕਰ ਦੇਣ ਦੀ ਕੋਸ਼ਿਸ਼ ਕਰਦੇ ਹਨ। ਭਾਵੇਂ ਕਿ ਇਹ ਕੋਸ਼ਿਸ਼ ਬਹੁਤ ਸਮਾਂ ਕਾਰਗਰ ਨਹੀਂ ਰਹਿੰਦੀ।

ਇਸ ਤੋਂ ਬਿਨ੍ਹਾਂ ਅੱਠਵੀਂ ਜਮਾਤ ਦੀ ਇਤਿਹਾਸ ਦੀ

ਕਿਤਾਬ ਵਿੱਚੋਂ ਆਜ਼ਾਦ ਭਾਰਤ ਵਿੱਚ ਭਾਸ਼ਾ ਦੇ ਆਧਾਰ 'ਤੇ ਬਣੇ ਸੂਬਿਆਂ ਅਤੇ ਉਹਨਾਂ ਲਈ ਚੱਲੀਆਂ ਲਹਿਰਾਂ ਬਾਰੇ ਪਾਠ ਵੀ ਸਿਲੇਬਸ ਵਿੱਚੋਂ ਕੱਢ ਦਿੱਤੇ ਗਏ ਹਨ। ਅਜਿਹਾ ਕਰਨ ਪਿੱਛੇ ਇੱਕ ਖ਼ਾਸ ਮਨਸ਼ਾ ਹੈ। ਸੰਘ ਬਹੁ ਕੌਮੀ ਭਾਰਤ ਵਿੱਚ ਵਸਦੀਆਂ ਵੱਖ-ਵੱਖ ਕੌਮਾਂ ਦੀ ਭਾਸ਼ਾ, ਸੱਭਿਆਚਾਰ ਨੂੰ ਕੁਚਲ ਕੇ ਉਹਨਾਂ ਨੂੰ ਜਬਰੀ ਇੱਕ ਹਿੰਦੂ ਕੌਮ ਬਣਾਉਣ ਦੇ ਪ੍ਰੋਜੈਕਟ ਵਿੱਚ ਲੱਗਾ ਹੋਇਆ ਹੈ। ਇਸ ਪ੍ਰੋਜੈਕਟ ਵਿੱਚ ਭਾਰਤ ਦੀ ਵੱਡੀ ਇਜਾਰੇਦਾਰ ਸਰਮਾਏਦਾਰੀ ਦਾ ਵੀ ਹਿੱਤ ਹੈ। ਹਿੰਦੀ, ਹਿੰਦੂ, ਹਿੰਦੁਸਤਾਨ ਦੇ ਨਾਅਰੇ ਤਹਿਤ ਕੰਮ ਕਰਦੀ ਆਰ. ਐੱਸ. ਐੱਸ. ਭਾਸ਼ਾ ਅਧਾਰਤ ਸੂਬੇ ਬਣਾਉਣ ਦੇ ਸਖ਼ਤ ਖ਼ਿਲਾਫ਼ ਸੀ। ਭਾਸ਼ਾ ਅਧਾਰਤ ਸੂਬੇ ਬਣਾਉਣ ਦੇ ਘੋਲ਼ਾਂ ਦੇ ਇਤਿਹਾਸ ਨੂੰ ਸਿਲੇਬਸ ਵਿੱਚੋਂ ਕੱਢ ਕੇ ਸੰਘ ਭਾਰਤ ਨੂੰ ਇੱਕ ਕੌਮ ਬਣਾਉਣ ਦੇ ਆਪਣੇ ਏਜੰਡੇ ਲਈ ਹੀ ਰਾਹ ਪੱਧਰਾ ਕਰ ਰਿਹਾ ਹੈ ਭਾਵੇਂ ਕਿ ਇਹ ਇੱਕ ਅਸੰਭਵ ਕਾਰਜ ਹੈ।

ਫਿਰਕਾਪ੍ਰਸਤੀ, ਐਮਰਜੈਂਸੀ ਅਤੇ ਗੁਜਰਾਤ ਕਤਲੇਆਮ ਸੰਬੰਧੀ ਪਾਠ ਇਤਿਹਾਸ ਵਿੱਚੋਂ ਕੱਢਣਾ

ਬਾਰ੍ਹਵੀਂ ਜਮਾਤ ਦੀ ਸਮਾਜ ਵਿਗਿਆਨ ਦੀ ਕਿਤਾਬ ਵਿੱਚੋਂ ਫਿਰਕਾਪ੍ਰਸਤੀ ਸਬੰਧੀ ਪਾਠ 6 ਵਿੱਚੋਂ ਕਾਫ਼ੀ ਕੁੱਝ ਹਟਾ ਦਿੱਤਾ ਗਿਆ ਹੈ। ਇਸ ਪਾਠ ਵਿੱਚ ਇਹ ਦੱਸਿਆ ਜਾਂਦਾ ਸੀ ਕਿ ਫਿਰਕਾਪ੍ਰਸਤੀ ਲੋਕਾਂ ਨੂੰ ਦੂਜੇ ਫਿਰਕੇ ਦੇ ਲੋਕਾਂ ਦਾ ਕਤਲ ਕਰਨ, ਬਲਾਤਕਾਰ ਕਰਨ ਲਈ ਉਕਸਾਉਂਦੀ ਹੈ। ਇਸ ਤੋਂ ਬਿਨ੍ਹਾਂ 1984 ਦੇ ਸਿੱਖ ਵਿਰੋਧੀ ਕਤਲੇਆਮ ਅਤੇ ਗੁਜਰਾਤ ਕਤਲੇਆਮ ਬਾਰੇ ਪੇਸ਼ ਤੱਥ ਅਤੇ ਟਿੱਪਣੀਆਂ ਵਾਲੇ ਪਹਿਰੇ ਵੀ ਕਿਤਾਬ ਵਿੱਚੋਂ ਕੱਢ ਦਿੱਤੇ ਗਏ ਹਨ। 2002 ਦੇ ਗੁਜਰਾਤ ਕਤਲੇਆਮ ਬਾਰੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਉਸ ਵੇਲੇ ਦੀ ਭਾਜਪਾ ਸਰਕਾਰ ਦੀ ਅਲੋਚਨਾ ਵੀ ਇਹਨਾਂ ਨੂੰ ਬਿਲਕੁਲ ਰਾਸ ਨਹੀਂ ਆਉਂਦੀ ਇਸ ਲਈ ਇਹ ਵੀ ਨਵੇਂ ਸਿਲੇਬਸ ਦਾ ਹਿੱਸਾ ਨਹੀਂ ਹੋਵੇਗੀ। ਜ਼ਿਕਰਯੋਗ ਹੈ ਕਿ 2002 ਦੇ ਗੁਜਰਾਤ ਕਤਲੇਆਮ ਵਿੱਚ 1000 ਤੋਂ ਵੱਧ ਲੋਕ ਮਾਰੇ ਗਏ, ਸੈਂਕੜੇ ਲਾਪਤਾ ਹੋਏ, ਹਜ਼ਾਰਾਂ ਲੋਕ ਬੇਰੁਜ਼ਗਾਰ ਅਤੇ ਬੇਘਰ ਹੋਏ ਸਨ। ਉਸ ਵੇਲੇ ਗੁਜਰਾਤ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸੀ ਅਤੇ ਨਰਿੰਦਰ ਮੋਦੀ ਮੁੱਖ ਮੰਤਰੀ ਸੀ। ਆਰ. ਐੱਸ. ਐੱਸ., ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਦੇ ਕਾਰਕੁੰਨ ਸੜਕਾਂ ਉੱਤੇ ਸਰਕਾਰੀ ਸਰਪ੍ਰਸਤੀ ਨਾਲ ਮੁਸਲਮਾਨਾਂ ਦਾ ਕਤਲੇਆਮ ਕਰ ਰਹੇ ਸਨ। ਔਰਤਾਂ ਨਾਲ ਸਮੂਹਿਕ ਬਲਾਤਕਾਰ ਕਰਕੇ ਉਹਨਾਂ ਨੂੰ ਸਾੜਿਆ ਜਾ ਰਿਹਾ ਸੀ, ਇੱਕ ਸੰਘੀ ਕਾਤਲ ਬਾਬੂ ਬਜਰੰਗੀ ਤਾਂ ਇੱਥੋਂ ਤੱਕ ਕਹਿੰਦਾ ਹੈ ਕਿ ਉਸਨੇ ਇੱਕ ਗਰਭਵਤੀ ਔਰਤ ਦਾ ਪੇਟ ਚੀਰ ਕੇ ਉਸਦਾ ਬੱਚਾ ਤ੍ਰਿਸ਼ੂਲ 'ਤੇ ਟੰਗਿਆ ਸੀ। ਹੁਣ ਭਾਜਪਾ ਇਸ ਕਤਲੇਆਮ ਨੂੰ ਇਤਿਹਾਸ ਵਿੱਚੋਂ ਮਿਟਾਉਣ ਦੀ ਤਾਕ ਵਿੱਚ ਹੈ।

ਇਸ ਤੋਂ ਬਿਨ੍ਹਾਂ ਬਾਰ੍ਹਵੀਂ ਜਮਾਤ ਦੀ ਰਾਜਨੀਤੀ ਵਿਗਿਆਨ ਦੀ ਕਿਤਾਬ ਵਿੱਚੋਂ 1975 ਵਿੱਚ ਇੰਦਰਾ ਗਾਂਧੀ ਸਰਕਾਰ ਵੱਲੋਂ ਲਗਾਈ ਗਈ ਐਮਰਜੈਂਸੀ ਦਾ ਜ਼ਿਕਰ ਵੀ ਹਟਾ ਦਿੱਤਾ ਗਿਆ ਹੈ। 1975 ਵਿੱਚ ਕਾਂਗਰਸ ਸਰਕਾਰ ਵੱਲੋਂ ਲਗਾਈ ਐਮਰਜੈਂਸੀ ਵਿੱਚ ਸਾਰੇ ਸਿਆਸੀ ਵਿਰੋਧੀਆਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਸੀ। ਮੀਡੀਆ, ਅਖ਼ਬਾਰਾਂ, ਸਿਆਸੀ ਰੈਲੀਆਂ ਆਦਿ ਸਭ ਕੁੱਝ 'ਤੇ ਸਰਕਾਰ ਵੱਲੋਂ ਪਾਬੰਦੀ ਲਗਾਈ ਗਈ ਸੀ। ਹੁਣ ਪਹਿਲੀ ਨਜ਼ਰ ਵਿੱਚ ਤਾਂ ਇਹ ਲੱਗ ਸਕਦਾ ਹੈ ਕਿ ਉਸ ਵੇਲੇ ਕਾਂਗਰਸ ਦੀ ਸਰਕਾਰ ਸੀ, ਫਿਰ ਮੋਦੀ ਭਲਾ ਕਾਂਗਰਸ ਦੇ ਕੀਤੇ ਬੁਰੇ ਕੰਮਾਂ ਨੂੰ ਲੋਕਾਂ ਤੋਂ ਕਿਉਂ ਲੁਕਾਉਣਾ ਚਾਹੁੰਦਾ ਹੈ। ਇਸਦਾ ਜਵਾਬ ਹੈ ਕਿ ਖ਼ੁਦ ਮੋਦੀ ਦੇ ਆਪਣੇ ਰਾਜ ਵਿੱਚ ਵੀ ਇਹੀ ਸਭ ਹੋ ਰਿਹਾ ਹੈ। ਅੱਜ ਦੇ ਸਮੇਂ ਦੇਸ਼ ਵਿੱਚ ਕਈ ਅਰਥਾਂ ਵਿੱਚ ਐਮਰਜੈਂਸੀ ਚੱਲ ਰਹੀ ਹੈ। ਮੀਡੀਆ ਮੋਦੀ ਦੀ ਗੋਦੀ ਵਿੱਚ ਬੈਠਾ ਹੋਇਆ ਹੈ। ਸਰਕਾਰ ਦੀ ਥੋੜ੍ਹੀ ਜਿਹੀ ਅਲੋਚਨਾ ਕਰਨ 'ਤੇ ਵੀ ਦੇਸ਼ਧ੍ਰੋਹ ਦੇ ਪਰਚੇ ਪਾ ਕੇ ਲੋਕਾਂ ਨੂੰ ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ। ਰਾਜ ਦੀਆਂ ਸਭ ਸੰਸਥਾਵਾਂ ਹਿੰਦੂਤਵੀ ਏਜੰਡੇ ਨੂੰ ਲਾਗੂ ਕਰਨ ਵਿੱਚ ਸੰਘ ਦੀ ਮਦਦ ਕਰ ਰਹੀਆਂ ਹਨ। ਇਸ ਤੋਂ ਬਿਨਾਂ ਸਮਾਜ ਵਿਗਿਆਨ ਦੀ ਕਿਤਾਬ ਵਿੱਚ ਟ੍ਰੇਡ ਯੂਨੀਅਨ ਉੱਤੇ ਲਾਈਆਂ ਪਾਬੰਦੀਆਂ ਵਾਲਾ ਪਾਠ ਵੀ ਸਿਲੇਬਸ ਵਿੱਚੋਂ ਕੱਢਿਆ ਗਿਆ ਹੈ। ਅੱਜ ਦੇ ਭਾਰਤ ਵਿੱਚ ਮੋਦੀ ਹਕੂਮਤ ਵੱਲੋਂ ਲਗਾਤਾਰ ਹਮਲਾ ਕੀਤਾ ਜਾ ਰਿਹਾ ਹੈ। ਮਜ਼ਦੂਰਾਂ ਦੇ ਹੱਕ ਵਿੱਚ ਜੋ ਵੀ ਥੋੜ੍ਹੇ ਬਹੁਤ ਕਿਰਤ ਕਾਨੂੰਨ ਸਨ, ਉਹਨਾਂ ਨੂੰ ਵੀ ਖ਼ਤਮ ਕਰਕੇ ਸਰਮਾਏਦਾਰਾਂ ਨੂੰ ਮਜ਼ਦੂਰਾਂ ਦੀ ਲੁੱਟ ਕਰਨ ਦੀ ਖੁੱਲ੍ਹ ਦਿੱਤੀ ਜਾ ਰਹੀ ਹੈ। ਇਸ ਸਭ ਉੱਤੇ ਨਜ਼ਰ ਮਾਰ ਕੇ ਸਹਿਜੇ ਹੀ ਇਹ ਸਮਝਿਆ ਜਾ ਸਕਦਾ ਹੈ ਕਿ ਸਿਲੇਬਸ ਵਿੱਚ ਇਹ "ਸੋਧ" ਕਿਉਂ ਕੀਤੀ ਗਈ ਹੈ।

ਇਤਿਹਾਸ ਦਾ ਫਿਰਕੂਕਰਨ

ਹਿੰਦੂਤਵੀ ਤਾਕਤਾਂ ਦੀ ਮੁਸਲਮਾਨਾਂ, ਈਸਾਈਆਂ, ਸਿੱਖਾਂ ਅਤੇ ਹੋਰ ਘੱਟ ਗਿਣਤੀਆਂ ਖ਼ਿਲਾਫ਼ ਨਫ਼ਰਤ ਕਿਸੇ ਤੋਂ ਲੁਕੀ ਨਹੀਂ ਹੈ ਅਤੇ ਇਹ ਵੀ ਸਮੇਂ-ਸਮੇਂ 'ਤੇ ਆਪਣੀ ਇਸ ਫਿਰਕੂ ਵਿਚਾਰਧਾਰਾ ਦੀ ਨੁੰਮਾਇਸ਼ ਕਰਦੇ ਰਹਿੰਦੇ ਹਨ। ਹਿੰਦੂਤਵੀ ਅਨਸਰਾਂ ਦੀ ਵਿਚਾਰਧਾਰਾ ਵਿੱਚ ਇੱਕ ਖ਼ਾਸ ਤੱਤ ਹਮੇਸ਼ਾਂ ਨਜ਼ਰ ਆਉਂਦਾ ਹੈ, ਉਹ ਇਹ ਹੈ ਕਿ ਇਹਨਾਂ ਮੁਤਾਬਕ ਅਤੀਤ ਵਿੱਚ ਭਾਰਤ ਇੱਕ ਬਹੁਤ ਹੀ ਖੁਸ਼ਹਾਲ ਦੇਸ਼ ਸੀ। ਵਿਗਿਆਨ, ਸਿੱਖਿਆ, ਸਿਹਤ ਸਹੂਲਤਾਂ ਪੱਖੋਂ ਭਾਰਤ ਬਹੁਤ ਅਮੀਰ ਸੀ ਜਿੱਥੇ ਹਵਾਈ ਜਹਾਜ਼ ਚੱਲਦੇ ਸਨ, ਪਲਾਸਟਿਕ

ਸਰਜਰੀ ਹੁੰਦੀ ਸੀ, ਫਿਰ ਇੱਥੇ ਵਿਦੇਸ਼ੀਆਂ ਯਾਨੀ ਮੁਸਲਮਾਨਾਂ ਨੇ ਹਮਲਾ ਕਰ ਦਿੱਤਾ ਅਤੇ ਭਾਰਤੀਆਂ ਕੋਲੋਂ ਉਹਨਾਂ ਦੀ ਸੱਭਿਅਤਾ ਖੋਹ ਲਈ। ਹੁਣ ਆਪਣੇ ਇਸੇ ਗ਼ੈਰ-ਵਿਗਿਆਨਕ ਅਤੇ ਗ਼ੈਰ ਇਤਿਹਾਸਕ ਵਿਚਾਰਾਂ ਨੂੰ ਸਿੱਖਿਆ ਦੇ ਜ਼ਰੀਏ ਵਿਦਿਆਰਥੀਆਂ ਦੇ ਮਨਾਂ ਵਿੱਚ ਭਰਨ ਲਈ ਸਿਲੇਬਸ ਵਿੱਚ ਇਤਿਹਾਸ ਨਾਲ ਛੇੜਛਾੜ ਕੀਤੀ ਜਾ ਰਹੀ ਹੈ। ਉਦਾਹਰਨ ਵਜੋਂ ਸੱਤਵੀਂ ਜਮਾਤ ਦੀ ਕਿਤਾਬ ਵਿੱਚੋਂ ਮਹਿਮੂਦ ਗਜਨਵੀਂ ਦੇ ਹਮਲਿਆਂ ਨਾਲ ਸਬੰਧਿਤ ਪਾਠ ਵਿੱਚ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਗਜਨੀ ਦੇ ਹਮਲਿਆਂ ਦਾ ਮਕਸਦ ਇੱਥੋਂ ਦੇ ਲੋਕਾਂ ਨੂੰ ਲੁੱਟਣ ਦਾ ਨਹੀਂ, ਸਗੋਂ ਇੱਕ ਧਾਰਮਿਕ ਮੰਤਵ ਨਾਲ ਇਹ ਹਮਲੇ ਕੀਤੇ ਗਏ। ਇਸ ਧਾਰਨਾ ਮੁਤਾਬਕ ਗਜਨੀ ਇੱਥੇ ਹਿੰਦੂ ਧਰਮ ਨੂੰ ਖ਼ਤਮ ਕਰਨ ਦੇ ਇਰਾਦੇ ਨਾਲ ਆਇਆ ਸੀ। ਇਤਿਹਾਸ ਨੂੰ ਇਸਲਾਮ ਬਨਾਮ ਹਿੰਦੂ ਧਰਮ ਬਣਾ ਕੇ ਪੇਸ਼ ਕਰਨਾ ਇਸ ਦੀ ਪੁਰਾਣੀ ਸਾਜ਼ਿਸ਼ ਹੈ। ਇਸ ਤੋਂ ਬਿਨਾਂ ਦਿੱਲੀ ਸਲਤਨਤ ਦੇ ਇਤਿਹਾਸ ਨਾਲ ਸਬੰਧਿਤ ਪਾਠ ਵੀ ਸਿਲੇਬਸ ਵਿੱਚੋਂ ਕੱਢੇ ਗਏ ਹਨ। ਮੁਗਲ ਦੌਰ ਦੌਰਾਨ ਮਹਾਭਾਰਤ ਅਤੇ ਰਮਾਇਣ ਦੇ ਫ਼ਾਰਸੀ ਭਾਸ਼ਾ ਵਿੱਚ ਕੀਤੇ ਗਏ ਅਨੁਵਾਦਾਂ ਬਾਰੇ ਜ਼ਿਕਰ ਕਰਨ ਵਾਲੇ ਹਿੱਸੇ ਵੀ ਸਿਲੇਬਸ ਵਿੱਚੋਂ ਹਟਾ ਦਿੱਤੇ ਹਨ। ਕੁੱਲ ਮਿਲਾ ਕੇ ਇਹ ਇਤਿਹਾਸ ਨੂੰ ਫਿਰਕੂ ਨਜ਼ਰੀਏ ਤੋਂ ਲਿਖਣ ਦੀ ਕੋਸ਼ਿਸ਼ ਹੈ।

ਜਾਤ-ਪਾਤ ਪ੍ਰਬੰਧ ਅਤੇ ਦਲਿਤ ਸੰਘਰਸ਼ਾਂ ਦਾ ਇਤਿਹਾਸ ਵੀ ਸਿਲੇਬਸ ਵਿੱਚੋਂ ਬਾਹਰ

ਛੇਵੀਂ ਜਮਾਤ ਦੀ ਕਿਤਾਬ ਦੇ 'ਸਾਡਾ ਇਤਿਹਾਸ' ਨਾਮਕ ਪਾਠ ਵਿੱਚੋਂ ਪੁਰਾਤਨ ਭਾਰਤ ਵਿੱਚ ਜਨਮ ਅਧਾਰਿਤ ਵਰਣ ਵਿਵਸਥਾ ਅਤੇ ਜਾਤੀ ਅਧਾਰਿਤ ਭੇਦਭਾਵ ਨਾਲ਼ ਸਬੰਧਿਤ ਹਿੱਸੇ ਵੀ ਇਹਨਾਂ ਨੂੰ ਰਾਸ ਨਾ ਆਉਣ ਕਾਰਨ ਸਿਲੇਬਸ ਵਿੱਚੋਂ ਬਾਹਰ ਕਰ ਦਿੱਤੇ ਗਏ ਹਨ। ਇਸ ਪਾਠ ਵਿੱਚ ਬ੍ਰਾਹਮਣਾਂ ਦੇ ਉੱਚੀਆਂ ਪਦਵੀਆਂ 'ਤੇ ਹੋਣ ਅਤੇ ਸਮਾਜ ਵਿਚਲੇ ਹੇਠਲੇ ਦਰਜੇ ਦੇ ਕੰਮ ਦਲਿਤਾਂ ਦੇ ਹਿੱਸੇ ਆਉਣ ਦਾ ਵੀ ਜ਼ਿਕਰ ਸੀ। ਆਸ਼ਰਮ ਵਿੱਚ ਦਲਿਤਾਂ ਅਤੇ ਔਰਤਾਂ ਨੂੰ ਪੜ੍ਹਨ ਤੋਂ ਮਨਾਹੀ, ਔਰਤਾਂ ਅਤੇ ਦਲਿਤਾਂ ਨੂੰ ਵੇਦ ਪੜ੍ਹਨ ਦੀ ਮਨਾਹੀ ਹੋਣ ਵਰਗੇ ਪਰਮਾਣਿਕ ਤੱਥ ਵੀ ਹੁਣ ਇਸ ਪਾਠ ਦਾ ਹਿੱਸਾ ਨਹੀਂ ਹੋਣਗੇ। ਦਲਿਤਾਂ ਨੂੰ ਸਾਂਝੇ ਖੂਹ ਤੋਂ ਪਾਣੀ ਪੀਣ ਦੀ ਮਨਾਹੀ, ਅਖੌਤੀ ਉੱਚ ਜਾਤੀ ਲੋਕਾਂ ਦੇ ਬਰਾਬਰ ਬੈਠਣ ਤੋਂ ਮਨਾਹੀ, ਪਿੰਡ ਵਿੱਚੋਂ ਕੂੜਾ ਇਕੱਠਾ ਕਰਨ ਤੇ ਮਰੇ ਹੋਏ ਜਾਨਵਰਾਂ ਨੂੰ ਟਿਕਾਣੇ ਲਗਾਉਣ ਦੇ ਹੇਠਲੇ ਦਰਜੇ ਦੇ ਕੰਮ ਕਰਨ ਬਾਰੇ ਜ਼ਿਕਰ ਕਰਦੇ ਵਾਕ ਵੀ ਹੁਣ ਨਵੀਂ ਪੁਸਤਕ ਵਿੱਚ ਨਹੀਂ ਹੋਣਗੇ। ਅਸਲ ਵਿੱਚ ਆਰ. ਐੱਸ. ਐੱਸ. ਮੁਤਾਬਕ ਪੁਰਾਤਨ ਭਾਰਤ ਵਿੱਚ ਕਿਸੇ ਕਿਸਮ ਦੀ ਕੋਈ ਵੀ ਅਸ਼ਾਂਤੀ ਜਾਂ ਸੰਘਰਸ਼ ਨਹੀਂ ਸੀ। ਸਭ ਵਰਣ ਆਪਣੇ-ਆਪਣੇ ਕੰਮ ਕਰਦੇ ਰਹਿੰਦੇ ਸਨ ਅਤੇ ਉਸੇ ਵਿੱਚ ਹੀ ਖ਼ੁਸ਼ ਸਨ। ਇਹਨਾਂ ਮੁਤਾਬਕ ਦਲਿਤ ਅਤੇ ਔਰਤਾਂ ਗੁਲਾਮਾਂ ਵਾਲੀ ਜ਼ਿੰਦਗੀ ਜੀਉ ਕੇ ਵੀ ਖ਼ੁਸ਼ ਸਨ। ਕੁੱਲ ਮਿਲਾ ਕੇ ਇਹ ਜਾਤ-ਪਾਤ ਵਰਗੇ ਅਣਮਨੁੱਖੀ ਪ੍ਰਬੰਧ ਨੂੰ ਸਹੀ ਸਾਬਿਤ ਕਰਨ ਦੀ ਕੋਸ਼ਿਸ਼ ਹੈ ਕਿਉਂਕਿ ਇਹ ਲਾਣਾ ਆਪਣੇ ਅਖੌਤੀ ਹਿੰਦੂ ਰਾਸ਼ਟਰ ਵਿੱਚ ਵੀ ਵਰਣ ਵਿਵਸਥਾ ਨੂੰ ਮੁੜ ਕਾਨੂੰਨੀ ਰੂਪ ਵਿੱਚ ਲਾਗੂ ਕਰਨਾ ਚਾਹੁੰਦਾ ਹੈ। ਇਹ ਮਨੂੰ ਸਮ੍ਰਿਤੀ ਨੂੰ ਹਿੰਦੂ ਰਾਸ਼ਟਰ ਦਾ ਸੰਵਿਧਾਨ ਬਣਾਉਣਾ ਚਾਹੁੰਦੇ ਹਨ ਜੋ ਸਿਧਾਂਤਕ ਰੂਪ ਵਿੱਚ ਮਨੁੱਖਾਂ ਵਿੱਚ ਗ਼ੈਰ-ਬਰਾਬਰੀ ਨੂੰ ਸਹੀ ਮੰਨਦੀ ਹੈ। ਇਸ ਤੋਂ ਬਿਨ੍ਹਾਂ ਦਲਿਤ ਸੰਘਰਸ਼ਾਂ ਨੂੰ ਵੀ ਸਿਲੇਬਸ ਵਿੱਚੋਂ ਬਾਹਰ ਕਰ ਦਿੱਤਾ ਗਿਆ ਹੈ।

ਇਤਿਹਾਸ ਗਵਾਹ ਹੈ ਕਿ ਜਿੱਥੇ-ਜਿੱਥੇ ਵੀ ਫਾਸ਼ੀਵਾਦ ਸੱਤਾ ਵਿੱਚ ਆਇਆ ਹੈ ਉੱਥੇ ਉਸਨੇ ਸਿੱਖਿਆ ਉੱਤੇ ਵੱਡਾ ਹਮਲਾ ਕੀਤਾ ਹੈ। ਜਰਮਨੀ ਵਿੱਚ ਜਦੋਂ ਨਾਜ਼ੀ ਪਾਰਟੀ ਦੀ ਹਕੂਮਤ ਆਈ ਤਾਂ ਵਿੱਦਿਅਕ ਸੰਸਥਾਵਾਂ ਰਾਹੀਂ ਨਾਜ਼ੀ ਵਿਚਾਰਧਾਰਾ ਨੂੰ ਫੈਲਾਉਣ ਲਈ ਸਿਲੇਬਸਾਂ ਵਿੱਚ ਯਹੂਦੀਆਂ ਖ਼ਿਲਾਫ਼ ਨਫ਼ਰਤੀ ਪ੍ਰਚਾਰ ਕੀਤਾ ਗਿਆ। ਭਾਰਤ ਵਿੱਚ ਆਰ. ਐੱਸ. ਐੱਸ. ਵੀ ਇਹੀ ਕੰਮ ਕਰ ਰਹੀ ਹੈ। ਫਾਸ਼ੀਵਾਦ ਨਿੱਕ ਬੁਰਜੂਆਜੀ ਦੀ ਘੋਰ ਪਿਛਾਖੜੀ ਲਹਿਰ ਹੁੰਦੀ ਹੈ ਜੋ ਅੰਤਮ ਰੂਪ ਵਿੱਚ ਵੱਡੀ ਇਜਾਰੇਦਾਰ ਸਰਮਾਏਦਾਰੀ ਦੀ ਸੇਵਾ ਕਰਦੀ ਹੈ। ਇਹ ਆਪਣੇ ਸਮਾਜਿਕ ਅਧਾਰ ਨੂੰ ਮਜ਼ਬੂਤ ਕਰਨ ਲਈ ਸਿੱਖਿਆ ਨੂੰ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਵਰਤਦਾ ਹੈ। ਆਪਣੇ ਸਮਾਜਿਕ ਅਧਾਰ ਨੂੰ ਹੋਰ ਮਜ਼ਬੂਤ ਕਰਨ ਲਈ ਇਹ ਸਿੱਖਿਆ ਦਾ ਭਗਵਾਂਕਰਨ ਕਰ ਰਹੀ ਹੈ। ਆਪਣੀ ਵਿਚਾਰਧਾਰਾ ਨੂੰ ਲੋਕਾਂ ਵਿੱਚ ਫੈਲਾਉਣ ਲਈ ਸ਼ਾਖਾਵਾਂ, ਅਖਾੜਿਆਂ ਦੇ ਨਾਲ ਹੀ ਇਹਨਾਂ ਨੇ ਪੂਰੇ ਦੇਸ਼ ਵਿੱਚ ਵਿੱਦਿਆ ਭਾਰਤੀ ਵਰਗੇ ਸਕੂਲਾਂ, ਵਿੱਦਿਅਕ ਸੰਸਥਾਵਾਂ ਦਾ ਇੱਕ ਢਾਂਚਾ ਖੜ੍ਹਾ ਕੀਤਾ ਹੈ, ਜਿੱਥੇ ਵਿਦਿਆਰਥੀਆਂ ਵਿੱਚ ਦੂਜੇ ਧਰਮਾਂ, ਔਰਤਾਂ, ਦਲਿਤਾਂ ਪ੍ਰਤੀ ਨਫ਼ਰਤੀ ਵਿਚਾਰ ਭਰੇ ਜਾਂਦੇ ਹਨ। ਲੋਕਾਂ ਸਾਹਮਣੇ ਇੱਕ ਕਾਲਪਨਿਕ ਦੁਸ਼ਮਣ ਖੜ੍ਹਾ ਕਰਕੇ ਸੰਘ ਆਪਣੇ ਅਸਲ ਮਾਲਕਾਂ, ਭਾਰਤ ਦੀ ਵੱਡੀ ਇਜਾਰੇਦਾਰ ਸਰਮਾਏਦਾਰੀ ਦੀ ਹੀ ਚਾਕਰੀ ਕਰ ਰਿਹਾ ਹੈ। ਇਸ ਤਰ੍ਹਾਂ ਦੀ ਸਿੱਖਿਆ ਲੋਕਾਂ ਦੀ ਜਮਾਤੀ ਚੇਤਨਾ ਨੂੰ ਹੋਰ ਖੁੰਢਾ ਕਰਨ ਦਾ ਕੰਮ ਕਰਦੀ ਹੈ। ਲੋਕਾਂ ਦੇ ਮਨਾਂ ਵਿੱਚ ਭਰੇ ਫਿਰਕੂ ਵਿਚਾਰ ਸਰਮਾਏਦਾਰੀ ਢਾਂਚੇ ਦੀ ਉਮਰ ਲੰਬੀ ਕਰਨ ਦਾ ਹੀ ਕੰਮ ਕਰਦੇ ਹਨ। 2014 ਤੋਂ ਦਿੱਲੀ ਦੇ ਤਖ਼ਤ 'ਤੇ ਕਾਬਜ਼ ਹੋਣ ਬਾਅਦ ਹੁਣ ਸਰਕਾਰੀ ਸੰਸਥਾਵਾਂ ਦੀ ਵਰਤੋਂ ਕਰਕੇ ਹਿੰਦੂਤਵ **ਬਾਕੀ ਪੰਨਾ 41 'ਤੇ**


ਛੂਆ-ਛਾਤ ਵਿਰੁੱਧ ਯਾਤਰਾ

ਦਲਿਤ ਸਮਾਜਿਕ ਕਾਰਕੁਨਾਂ ਨੇ ਇਕ ਟਨ ਪਿੱਤਲ ਦਾ ਸਿੱਕਾ ਬਣਾਇਆ ਹੈ ਜਿਸ ਦੇ ਇਕ ਪਾਸੇ ਮਹਾਤਮਾ ਬੁੱਧ ਦੀ ਤਸਵੀਰ ਹੈ ਤੇ ਦੂਸਰੇ ਪਾਸੇ ਡਾ. ਅੰਬੇਡਕਰ ਦੀ। ਦੂਜੇ ਪਾਸੇ ਇਹ ਵੀ ਪ੍ਰਸ਼ਨ ਪੁੱਛਿਆ 'ਕੀ ਛੂਆ–ਛਾਤ ਤੋਂ ਆਜ਼ਾਦ ਭਾਰਤ ਦਾ 1947 ਦਾ ਸੁਪਨਾ 2047 ਤੱਕ ਹਕੀਕਤ 'ਚ ਬਦਲ ਜਾਵੇਗਾ ?' ਸਿੱਕੇ ਦਾ ਵਿਆਸ 2047 ਮਿਲੀਮੀਟਰ ਰੱਖਿਆ ਗਿਆ, ਕਿਉਂਕਿ 2047 'ਚ ਦੇਸ਼ ਨੇ ਆਜ਼ਾਦੀ ਦੇ 100 ਵਰ੍ਹੇ ਪੂਰੇ ਕਰ ਲੈਣੇ ਹਨ। ਉਹ ਇਹ ਸਿੱਕਾ ਰਾਸ਼ਟਰਪਤੀ ਨੂੰ ਭੇਂਟ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਆਪਣੀ ਯਾਤਰਾ ਜਿਸ ਦਾ ਨਾਂ 'ਭੀਮ ਰੁਦਨ (ਭੀਮ ਦਾ ਵਿਰਲਾਪ)' ਰੱਖਿਆ, ਅਹਿਮਦਾਬਾਦ ਤੋਂ ਸ਼ੁਰੂ ਕੀਤੀ। ਹਰਿਆਣਾ ਪੁਲੀਸ ਨੇ ਉਨ੍ਹਾਂ ਨੂੰ ਰਾਜਸਥਾਨ, ਹਰਿਆਣਾ ਹੱਦ 'ਤੇ ਸ਼ਾਹਜਹਾਨਪੁਰ ਨਜ਼ਦੀਕ ਰੋਕ ਲਿਆ। ਸਿੱਕਾ ਬਣਾਉਣ ਅਤੇ ਯਾਤਰਾ ਕਰਨ ਦੀ ਯੋਜਨਾ ਗੁਜਰਾਤ ਦੀਆਂ ਦੋ ਜਥੇਬੰਦੀਆਂ ਨਵਸਿਰਜਨ ਟਰੱਸਟ ਅਤੇ ਦਲਿਤ ਸ਼ਕਤੀ ਕੇਂਦਰ ਨੇ ਬਣਾਈ। 2020 ਤੋਂ ਸ਼ੁਰੂ ਕੀਤੇ ਗਏ ਇਸ ਯਤਨ ਵਿਚ ਦਲਿਤ ਪਰਿਵਾਰਾਂ ਨੇ ਭਾਂਡੇ ਅਤੇ ਪੈਸੇ ਇਕੱਠੇ ਕਰ ਕੇ ਸਿੱਕੇ ਦੀ ਢਲਵਾਈ ਕਰਵਾਈ। ਸਿੱਕੇ 'ਤੇ ਦੇਸ਼ ਦੀਆਂ 15 ਭਾਸ਼ਾਵਾਂ ਵਿਚ ਸ਼ਬਦ 'ਛੂਆ–ਛਾਤ' ਵੀ ਉੱਕਰਿਆ ਗਿਆ। ਇਨ੍ਹਾਂ ਜਥੇਬੰਦੀਆਂ ਦੇ ਆਗੂਆਂ ਦਾ ਕਹਿਣਾ ਹੈ ਕਿ ਆਜ਼ਾਦੀ ਦੇ ਪਝੱਤਰ ਵਰ੍ਹੇ ਪੂਰੇ ਹੋਣ ਦੇ ਬਾਵਜੂਦ ਦੇਸ਼ ਛੂਆਛਾਤ ਦੀ ਸਮੱਸਿਆ ਤੋਂ ਮੁਕਤੀ ਨਹੀਂ ਪਾ ਸਕਿਆ। ਯਾਤਰਾ ਦੇ ਆਗੂਆਂ ਨੇ ਇਹ ਸੰਦੇਸ਼ ਵੀ ਦਿੱਤਾ ਕਿ ਉਨ੍ਹਾਂ ਦਾ ਮਨੋਰਥ ਲੋਕਾਂ ਤੇ ਸਿਆਸਤਦਾਨਾਂ ਨੂੰ ਇਹ ਯਾਦ ਦਿਵਾਉਣਾ ਹੈ ਕਿ ਉਹ ਸੰਵਿਧਾਨ ਦੀ ਧਾਰਾ 17 (ਛੂਆ–ਛਾਤ ਨੂੰ ਖ਼ਤਮ ਕਰਨ ਸਬੰਧੀ ਧਾਰਾ) ਨੂੰ ਹਕੀਕੀ ਰੂਪ ਵਿਚ ਲਾਗੂ ਕਰਵਾਉਣਾ ਚਾਹੁੰਦੇ ਹਨ। ਸੰਸਥਾ ਦੇ ਆਗੂਆਂ ਦਾ ਕਹਿਣਾ ਹੈ ਕਿ ਉਹ ਇਸ ਸਿੱਕੇ ਦੇ ਛੋਟੇ ਰੂਪ ਰਾਜਾਂ ਦੇ ਮੁੱਖ ਮੰਤਰੀਆਂ ਅਤੇ ਸੰਸਦ ਮੈਂਬਰਾਂ ਨੂੰ ਵੀ ਭੇਜਣਗੇ। ਜਾਤੀਵਾਦ ਦੇਸ਼ ਦੀ ਪ੍ਰਮੁੱਖ ਸਮਾਜਿਕ ਸਮੱਸਿਆ ਹੈ। ਦਲਿਤ ਅਤੇ ਆਦਿਵਾਸੀ ਸਦੀਆਂ ਤੋਂ ਜਾਤੀਵਾਦ ਅਤੇ ਵਰਣ ਆਸ਼ਰਮ ਦੀਆਂ ਪਰੰਪਰਾਵਾਂ ਕਾਰਨ ਹਿੰਸਾ ਦਾ ਸ਼ਿਕਾਰ ਹੁੰਦੇ ਆਏ ਹਨ। ਕਰਮਫਲ ਅਤੇ ਪੁਨਰ–ਜਨਮ ਦੇ ਸਿਧਾਂਤ ਜਾਤੀਵਾਦ ਦਾ ਆਧਾਰ ਹਨ। ਅਖੌਤੀ ਛੋਟੀਆਂ ਜਾਤਾਂ ਦੇ ਲੋਕਾਂ ਨੂੰ ਦੱਸਿਆ ਜਾਂਦਾ ਹੈ ਕਿ ਉਹ ਪੁਰਾਣੇ ਜਨਮਾਂ ਵਿੱਚ ਕੀਤੇ ਮਾੜੇ ਕਰਮਾਂ ਕਰ ਕੇ ਇਨ੍ਹਾਂ ਜਾਤਾਂ ਵਿੱਚ ਜਨਮੇ ਹਨ। ਇਨ੍ਹਾਂ ਜਥੇਬੰਦੀਆਂ ਦੁਆਰਾ ਕੀਤਾ ਗਿਆ ਇਹ ਯਤਨ ਪ੍ਰਤੀਕਾਤਮਕ ਹੈ। ਪ੍ਰਤੀਕਾਤਮਕ ਯਤਨਾਂ ਦਾ ਮਹੱਤਵ ਕਾਫ਼ੀ ਵੱਡਾ ਹੁੰਦਾ ਹੈ।

(ਸ੍ਰੋਤ : ਸੰਪਾਦਕੀ 'ਪੰਜਾਬੀ ਟ੍ਰਿਬਿਊਨ' 13-08-2022)

ਪੰਨਾ 40 ਦਾ ਬਾਕੀ ਨੂੰ ਆਮ ਲੋਕਾਂ ਵਿੱਚ ਫੈਲਾਇਆ ਜਾ ਰਿਹਾ ਹੈ। ਜਿਸ ਕਾਰਨ ਹੁਣ ਭਾਰਤ ਵਿੱਚ ਫਾਸ਼ੀਵਾਦੀ ਤਾਨਾਸ਼ਾਹੀ ਦਾ ਖ਼ਤਰਾ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਵਧ ਗਿਆ ਹੈ। ਇਸ ਹਿੰਦੂਤਵੀ ਸਿੱਖਿਆ ਰਾਹੀਂ ਸੰਘ ਦੀਆਂ ਸਫ਼ਾਂ ਵਿੱਚ ਭਰਤੀ ਲਈ ਫਿਰਕੂ ਨਫ਼ਰਤ ਨਾਲ ਭਰੀ ਇੱਕ ਪੂਰੀ ਪੀੜ੍ਹੀ ਤਿਆਰ ਕੀਤੀ ਜਾ ਰਹੀ ਹੈ ਜੋ ਇਹਨਾਂ ਦੇ ਇੱਕ ਇਸ਼ਾਰੇ 'ਤੇ ਕਤਲੇਆਮ, ਬਲਾਤਕਾਰ ਕਰਨ ਲਈ ਤਿਆਰ ਹੋਵੇਗੀ। ਸਾਨੂੰ ਸਿੱਖਿਆ ਉੱਤੇ ਇਸ ਭਗਵੇਂ ਹਮਲੇ ਦਾ ਦਲੇਰੀ ਨਾਲ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ ਅਤੇ ਇਸਦੇ ਵਿਰੁੱਧ ਲੋਕਾਂ ਨੂੰ ਸੁਚੇਤ ਅਤੇ ਲੜਾਈ ਲਈ ਜਥੇਬੰਦ ਕਰਨਾ ਚਾਹੀਦਾ ਹੈ।

ਸਾਈਨਾਥ ਵੱਲੋਂ ਮੁਰਘਾ ਮੱਠ ਦਾ ਪੁਰਸਕਾਰ ਮੋੜਨ ਦਾ ਐਲਾਨ



ਉੱਘੇ ਪੱਤਰਕਾਰ ਅਤੇ ਰੈਮਨ ਮੈਗਸੈਸੇ ਪੁਰਸਕਾਰ ਜੇਤੂ ਪੀ ਸਾਈਨਾਥ ਨੇ ਮੁਰੁਘਾ ਮੱਠ ਵੱਲੋਂ 2017 'ਚ ਦਿੱਤੇ ਗਏ ਬਾਸਵ ਸ਼੍ਰੀ ਪੁਰਸਕਾਰ ਨੂੰ ਮੋੜਨ ਦਾ ਐਲਾਨ ਕੀਤਾ ਹੈ। ਮੱਠ ਦੇ ਮੁੱਖ ਪੁਜਾਰੀ ਸ਼ਿਵਮੂਰਤੀ ਮੁਰੁਘਾ ਸ਼ਰਨਾਰੂ ਨੂੰ ਵਿਦਿਆਰਥਣਾਂ ਦੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਹੇਠ ਗ੍ਰਿਫਤਾਰ ਕੀਤੇ ਜਾਣ ਮਗਰੋਂ ਸਾਈਨਾਥ ਨੇ ਕਈ ਟਵੀਟ ਕਰਕੇ ਪੁਰਸਕਾਰ ਵਾਪਸ ਕਰਨ ਦੇ ਫੈਸਲੇ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਵਿਦਿਆਰਥਣਾਂ ਨਾਲ ਇਕਜੁੱਟਤਾ ਦਿਖਾਉਂਦਿਆਂ ਅਤੇ ਇਨਸਾਫ ਖਾਤਰ ਉਹ ਬਾਸਵਸ੍ਰੀ ਪੁਰਸਕਾਰ (ਪੰਜ ਲੱਖ ਰੁਪਏ ਦਾ ਇਨਾਮ) ਵਾਪਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਸ਼ਰਨਾਰੂ 'ਤੇ ਪੋਕਸੋ ਐਕਟ ਤਹਿਤ ਲੱਗੇ ਦੋਸ਼ਾਂ ਦੀ ਖਬਰ ਸੁਣ ਕੇ ਪ੍ਰੇਸ਼ਾਨ ਹਨ। ਬੱਚਿਆਂ ਖ਼ਿਲਾਫ ਅਜਿਹੇ ਘਿਨਾਉਣੇ ਕਾਰਿਆਂ ਦੀ ਨਿਖੇਧੀ ਕਰਨ ਲਈ ਹੋਰ ਸਖਤ ਸਬਦ ਨਹੀਂ ਹਨ। ਉਨ੍ਹਾਂ ਕਰਨਾਟਕ ਸਰਕਾਰ ਨੂੰ ਜਾਂਚ ਵਿੱਚ ਤੇਜੀ ਲਿਆਉਣ ਦੀ ਅਪੀਲ ਕੀਤੀ। **ਪੀਟੀਆਈ (4-9-2022)(ਪੰਜਾਬੀ ਟ੍ਰਿਬਿਊਨ)**

ਜੇਲ੍ਹ 'ਚੋਂ ਹਰ ਰੋਜ਼ ਬੁਲਬੁਲ 'ਤੇ ਸਵਾਰ ਹੋ ਕੇ ਭਾਰਤ ਦੀ ਯਾਤਰਾ ਕਰਦੇ ਸੀ ਸਾਵਰਕਰ

- ਮੁਨੇਸ਼ ਤਿਆਗੀ

ਕਰਨਾਟਕਾ ਵਿਚ ਭਾਜਪਾ ਦੀ ਸਰਕਾਰ ਨੇ ਅੱਠਵੀਂ ਕਲਾਸ ਲਈ ਕੰਨੜ ਭਾਸ਼ਾ ਵਿਚ ਇੱਕ ਪਾਠ ਲਾਗੂ ਕੀਤਾ ਹੈ ਜਿਸ ਵਿਚ ਉਸ ਨੇ ਕਿਹਾ ਹੈ ਕਿ ਸਾਵਰਕਰ ਅੰਡੇਮਾਨ ਨਿਕੋਬਾਰ (ਕਾਲੇ ਪਾਣੀ) ਦੀ ਜੇਲ੍ਹ ਵਿੱਚੋਂ ਹਰ ਰੋਜ਼ ਨਿਕਲ ਕੇ, ਬੁਲਬੁਲ ਦੀ ਪਿੱਠ 'ਤੇ ਬੈਠ ਕੇ, ਭਾਰਤ ਘੁੰਮਣ ਆਇਆ ਕਰਦਾ ਸੀ। ਸਾਨੂੰ ਜਾਣਕਾਰੀ ਹੈ ਕਿ ਜਿਸ ਕੋਠੜੀ ਵਿੱਚ ਸਾਵਰਕਰ ਬੰਦ ਸੀ, ਉਸ ਕਮਰੇ ਵਿਚ ਕੋਈ ਖਿੜਕੀ, ਰੋਸ਼ਨਦਾਨ ਵਗੈਰਾ ਨਹੀਂ ਸੀ। ਇੱਥੇ ਕੋਈ ਵੀ ਆ ਜਾਹ ਨਹੀਂ ਸਕਦਾ ਸੀ। ਉੱਥੇ ਜੇਲ੍ਹ ਕਰਮਚਾਰੀਆਂ, ਪਹਿਰੇਦਾਰਾਂ ਦਾ 24 ਘੰਟੇ ਪਹਿਰਾ ਰਹਿੰਦਾ ਸੀ, ਤਾਂ ਫਿਰ ਹਰ ਰੋਜ਼ ਸਾਵਰਕਰ ਜੇਲ੍ਹ ਵਿੱਚੋਂ ਕਿਵੇਂ ਨਿਕਲ ਜਾਂਦੇ ਸੀ ? ਅਤੇ ਦੂਜਾ ਸਵਾਲ ਇਹ ਹੈ ਕਿ-ਕੀ ਕੋਈ ਆਦਮੀ ਕਿਸੇ 200 ਗ੍ਰਾਮ ਦੀ ਚਿੜੀ ਦੀ ਪਿੱਠ 'ਤੇ ਬੈਠ ਕੇ ਸਵਾਰੀ ਕਰ ਸਕਦਾ ਹੈ ? ਕੀ ਕੋਈ ਚਿੜੀ ਇਸ ਦੁਨੀਆਂ ਵਿੱਚ ਅਜਿਹੀ ਹੈ ਜੋ ਕਿਸੇ ਆਦਮੀ ਨੂੰ ਰੋਜ਼ ਹਜ਼ਾਰਾਂ ਕਿਲੋਮੀਟਰ ਦੂਰ ਲੈ ਕੇ ਜਾ ਸਕੇ ਅਤੇ ਲਿਆ ਸਕੇ ? ਤੀਸਰਾ ਸਵਾਲ ਇਹ ਬਣਦਾ ਹੈ ਕਿ ਸਾਵਰਕਰ ਇੱਥੇ ਆ ਕੇ ਕਰਦੇ ਕੀ ਸੀ ? ਕੀ ਉਹ ਮਹਾਤਮਾ ਗਾਂਧੀ ਨੂੰ ਮਿਲੇ ? ਕੀ ਆਜ਼ਾਦ ਹਿੰਦ ਫ਼ੌਜ ਦੇ ਸਿਪਾਹੀਆਂ ਨੂੰ ਮਿਲੇ ? ਕੀ ਸੁਭਾਸ਼ ਚੰਦਰ ਬੋਸ ਨੂੰ ਮਿਲੇ ? ਕੀ ਭਗਤ ਸਿੰਘ ਜਾਂ ਉਸਦੇ ਸਾਥੀਆਂ ਨੂੰ ਮਿਲੇ ? ਕੀ ਜਵਾਹਰ ਲਾਲ ਨਹਿਰੂ ਨੂੰ ਮਿਲੇ ? ਆਖਰ ਭਾਰਤ ਆ ਕੇ ਕਰਦੇ ਕੀ ਸੀ ?

ਕਰਨਾਟਕਾ ਦੀ ਸਰਕਾਰ ਹਜ਼ਾਰਾਂ ਸਾਲ ਪੁਰਾਣੇ ਅੰਧ-ਵਿਸ਼ਵਾਸਾਂ, ਧਰਮ-ਅੰਧਤਾ, ਅਗਿਆਨਤਾ, ਪਖੰਡਾਂ ਅਤੇ ਬੌਧਿਕ ਗੁਲਾਮੀ ਨੂੰ ਭਾਰਤ ਦੇ ਬੱਚਿਆਂ ਦੇ ਕੋਮਲ ਮਨਾਂ ਵਿਚ ਤੁੰਨਣਾ ਚਾਹੁੰਦੀ ਹੈ। ਉਹ ਆਪਣੀਆਂ ਹਰਕਤਾਂ ਨਾਲ ਗਿਆਨ-ਵਿਗਿਆਨ ਦੇ ਸੂਰਜ ਨੂੰ ਢਕਣ ਅਤੇ ਭਾਰਤ ਨੂੰ ਹਨੇਰੀ ਸੁਰੰਗ ਵਿਚ ਧੱਕਣ ਦੀ ਹਰ ਕੋਸ਼ਿਸ਼ ਕਰ ਰਹੀ ਹੈ। ਸਾਵਰਕਰ ਨੂੰ ਬੁਲਬੁਲ ਦੀ ਪਿੱਠ 'ਤੇ ਬਿਠਾ ਕੇ ਭਾਰਤ ਯਾਤਰਾ ਦੀ ਗੱਲ ਕਰਨਾ ਉਸੇ ਲੋਕ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਹੈ। ਵਿਗਿਆਨ ਵਿਰੋਧੀ ਇਹਨਾਂ ਪ੍ਰਚਾਰਾਂ ਦੇ ਸਮਾਨ ਅੰਤਰ ਵੱਡੇ ਪੱਧਰ 'ਤੇ ਲੋਕਾਂ ਵਿਚ ਤਰਕਸ਼ੀਲ ਵਿਚਾਰਾਂ ਦਾ ਪ੍ਰਚਾਰ ਪ੍ਰਸਾਰ ਕਰਨਾ ਅੱਜ ਹਰ ਨਾਗਰਿਕ ਦੀ ਅਹਿਮ ਜ਼ਿੰਮੇਵਾਰੀ ਹੈ। ਆਓ ਚੁਣੌਤੀਆਂ ਦਾ ਪ੍ਰਤੀਬੱਧਤਾ ਨਾਲ ਸਾਹਮਣਾ ਕਰੀਏ।

ਪ੍ਰਾਪਤ ਆਰਥਿਕ ਸਹਾਇਤਾ

ਸੁਸਾਇਟੀ ਸਹਾਇਤਾ

1. ਸਰੀਰ ਪ੍ਰਦਾਨੀ ਸੁਖਬੀਰ ਸਿੰਘ ਜੀ ਦੀ ਯਾਦ ਵਿਚ (ਪਤਨੀ ਸ਼ਕੁੰਤਲਾ ਅਤੇ ਬੇਟੇ ਅਨਮੋਲ ਸਿੰਘ ਵੱਲੋਂ) 1000-00
2. ਅਜੀਤ ਪ੍ਰਦੇਸੀ (ਮਾਤਾ ਅੱਛਰੋ ਜੀ ਦੀ ਯਾਦ ਵਿਚ) 1000-00

ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਅਤੇ ਸਮਾਗਮ ਲਈ

1. ਪ੍ਰਦੀਪ ਸਿੰਗਲਾ, ਪਟਿਆਲਾ (ਭਾਣਜਾ ਮਾਸਟਰ ਸੁਰਿੰਦਰ ਰਾਮਪੁਰਾ) 5100-00
2. ਜਰਨੈਲ ਕ੍ਰਾਂਤੀ 5000 -00
3. ਮਨਜੀਤ ਘਣਗਸ 1000-00

ਜ਼ੋਨ ਸਹਾਇਤਾ

ਚੰਡੀਗੜ੍ਹ ਜ਼ੋਨ

ਅਜੀਤ ਪ੍ਰਦੇਸੀ (ਮਾਤਾ ਅੱਛਰੋ ਜੀ ਦੀ ਯਾਦ ਵਿਚ) 1000

ਇਕਾਈਆਂ ਨੂੰ ਸਹਾਇਤਾ

ਇਕਾਈ ਰਾਮਪੁਰਾ ਫੂਲ

ਮਾਸਟਰ ਰਾਮ ਸਿੰਘ ਲਹਿਰਾ ਧੂਰਕੋਟ 500-00

ਇਕਾਈ ਮਾਨਸਾ

ਨਾਇਬ ਸਿੰਘ, ਪੰਜਾਬੀ ਮਾਸਟਰ, ਸ. ਮਿ. ਸ. ਸਹਾਰਨਾ (ਆਪਣੇ ਪਿਤਾ ਮਹਿੰਦਰ ਸਿੰਘ ਜੀ ਬੈਹਣੀਵਾਲ ਦੀ ਯਾਦ ਵਿਚ) 1100-00

ਇਕਾਈ ਅੰਮ੍ਰਿਤਸਰ

1. ਸਰੀਰ ਪ੍ਰਦਾਨੀ ਸੁਖਬੀਰ ਸਿੰਘ ਜੀ ਦੀ ਯਾਦ ਵਿਚ (ਪਤਨੀ ਸ਼ਕੁੰਤਲਾ ਅਤੇ ਬੇਟੇ ਅਨਮੋਲ ਸਿੰਘ ਵੱਲੋਂ) 1000-00
2. ਸੁਮੀਤ ਸਿੰਘ ਅਤੇ ਦਮਨਜੀਤ ਕੌਰ, ਅੰਮ੍ਰਿਤਸਰ (ਪਿਤਾ ਕਾ. ਜੋਗਿੰਦਰ ਸਿੰਘ ਜੀ ਅਤੇ ਮਾਤਾ ਅਮਰਜੀਤ ਕੌਰ ਦੀ ਯਾਦ ਵਿਚ) 1000-00

ਇਕਾਈ ਰੋਪੜ

ਅਜੀਤ ਪ੍ਰਦੇਸੀ (ਮਾਤਾ ਅੱਛਰੋ ਜੀ ਦੀ ਯਾਦ ਵਿਚ) 1000

ਇਕਾਈ ਬਠਿੰਡਾ

1. ਜਗਦੀਸ਼ ਸਿੰਘ ਦੁਨੇਵਾਲਾ (ਆਪਣੇ ਪੋਤਰੇ ਅਰਮਾਨਦੀਪ ਸਿੰਘ ਪੁੱਤਰ ਗੁਰਲਾਲ ਸਿੰਘ ਅਤੇ ਪੋਤਰੀ ਸਰਗਣ ਕੌਰ ਪੁੱਤਰੀ ਸੁਖਰਾਜ ਸਿੰਘ ਦੇ ਜਨਮ ਦਿਨ 'ਤੇ) 500-500
2. ਪ੍ਰਿੰਸੀਪਲ ਸ.ਸ.ਸ.ਸ. ਖੇਮੂਆਣਾ 1000-00
3. ਬਲਦੇਵ ਸਿੰਘ, ਜੋਨ ਆਗੂ 500-00

ਵਿਲੱਖਣ ਨਿੱਗਰ ਪੈੜਾਂ

ਸਰੀਰ ਪ੍ਰਦਾਨੀ ਤਰਕਸ਼ੀਲ ਸੁਖਬੀਰ ਸਿੰਘ ਜੀ ਦਾ ਗੈਰ ਧਾਰਮਿਕ ਸਤਿਕਾਰ ਸਮਾਗਮ



ਅੰਮ੍ਰਿਤਸਰ ਇਕਾਈ ਦੇ ਸੀਨੀਅਰ ਤਰਕਸ਼ੀਲ ਮੈਂਬਰ ਅਤੇ ਰੰਗਮੰਚ ਕਲਾਕਾਰ ਸਾਥੀ ਸੁਖਬੀਰ ਸਿੰਘ (64) ਦਾ ਗ਼ੈਰ ਧਾਰਮਿਕ ਸਤਿਕਾਰ ਸਮਾਗਮ ਬੀ ਬਲਾਕ, ਰੇਲਵੇ ਕਾਲੋਨੀ ਦੇ ਕਮਿਊਨਿਟੀ ਹਾਲ ਵਿਖੇ ਕੀਤਾ ਗਿਆ। ਉਨ੍ਹਾਂ ਦਾ ਸੰਖੇਪ ਬਿਮਾਰੀ ਮਗਰੋਂ 29 ਅਗਸਤ ਨੂੰ ਦੇਹਾਂਤ ਹੋ ਗਿਆ ਸੀ ਅਤੇ ਉਨ੍ਹਾਂ ਦੀ ਅੰਤਿਮ ਇੱਛਾ ਅਨੁਸਾਰ ਪਰਿਵਾਰਕ ਮੈਂਬਰਾਂ ਵੱਲੋਂ ਉਨ੍ਹਾਂ ਦਾ ਮ੍ਰਿਤਕ ਸਰੀਰ ਡਾਕਟਰੀ ਖੋਜ ਕਾਰਜਾਂ ਲਈ ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਨੂੰ ਪ੍ਰਦਾਨ ਕੀਤਾ ਗਿਆ ਜਿੱਥੇ ਅਨਾਟਮੀ ਵਿਭਾਗ ਦੇ ਪ੍ਰੋ. ਗੌਰਵ ਅਗਨੀਹੋਤਰੀ ਨੇ ਸਰੀਰ ਪ੍ਰਦਾਨ ਦੇ ਮਹੱਤਵ ਨੂੰ ਵਿਸਥਾਰ ਸਹਿਤ ਬਿਆਨ ਕੀਤਾ ਅਤੇ ਇਸ ਮਹਾਨ ਕਾਰਜ ਲਈ ਪਰਿਵਾਰ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਪਰਿਵਾਰ ਵੱਲੋਂ ਕਿਸੇ ਤਰ੍ਹਾਂ ਦੀ ਕੋਈ ਵੀ ਰੂੜੀਵਾਦੀ ਰਸਮ ਨਹੀਂ ਕੀਤੀ ਗਈ। ਸਤਿਕਾਰ ਸਮਾਗਮ ਮੌਕੇ ਵਿਛੜੇ ਸਾਥੀ ਨੂੰ ਸਤਿਕਾਰ ਭੇਟ ਕਰਦੇ ਹੋਏ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਆਗੂ ਰਾਜਿੰਦਰ ਭਦੌੜ, ਪੰਜਾਬ ਸੰਗੀਤ ਨਾਟਕ ਅਕੈਡਮੀ ਦੇ ਪ੍ਰਧਾਨ ਕੇਵਲ ਧਾਲੀਵਾਲ, ਜੋਨ ਤਰਕਸ਼ੀਲ ਆਗੂ ਰਾਜਵੰਤ ਬਾਗੜੀਆਂ, ਸੁਮੀਤ ਸਿੰਘ, ਸੀਟੂ ਦੇ ਆਗੂ ਕਿਰਪਾਲ ਸਿੰਘ ਅਤੇ ਰੇਲਵੇ ਆਗੂ ਲਖਬੀਰ ਬੁਟਾਰੀ ਨੇ ਕਿਹਾ ਕਿ ਸਾਥੀ ਸੁਖਬੀਰ ਨੇ ਜਿੱਥੇ ਤਰਕਸ਼ੀਲ ਸੁਸਾਇਟੀ ਪੰਜਾਬ ਨਾਲ ਪਿਛਲੇ ਤਿੰਨ ਦਹਾਕੇ ਤੋਂ ਜੁੜ ਕੇ ਸਮਾਜ ਵਿਚ ਫੈਲੇ ਵਹਿਮਾਂ ਭਰਮਾਂ, ਅੰਧਵਿਸ਼ਵਾਸ਼ਾਂ, ਪਾਖੰਡੀ ਬਾਬਿਆਂ, ਰੂੜੀਵਾਦੀ ਰਸਮਾਂ ਅਤੇ ਸਮਾਜਿਕ ਬੁਰਾਈਆਂ ਦੇ ਖਿਲਾਫ਼ ਆਮ ਲੋਕਾਂ ਵਿਚ ਲਗਾਤਾਰ ਵਿਗਿਆਨਕ ਚੇਤਨਾ ਨੂੰ ਪ੍ਰਫੁੱਲਤ ਕੀਤਾ, ਉੱਥੇ ਹੀ ਗੁਰਸ਼ਰਨ ਭਾਅ ਜੀ, ਕੇਵਲ ਧਾਲੀਵਾਲ ਅਤੇ ਹੋਰਨਾਂ ਨਾਮਵਰ ਨਾਟਕਕਾਰਾਂ ਦੀ ਅਗਵਾਈ ਹੇਠ ਵੱਖ ਵੱਖ ਨਾਟਕਾਂ ਵਿਚ ਯਾਦਗਾਰੀ ਕਿਰਦਾਰ ਨਿਭਾ ਕੇ ਆਪਣੀ ਅਦਾਕਾਰੀ ਦਾ ਲੋਹਾ ਮੰਨਵਾਇਆ।

ਬੁਲਾਰਿਆਂ ਨੇ ਸਾਥੀ ਸੁਖਬੀਰ ਦੀ ਜੀਵਨ ਸਾਥਣ ਸ਼ਕੁੰਤਲਾ ਦੇਵੀ, ਬੇਟੇ ਅਨਮੋਲ ਸਿੰਘ ਅਤੇ ਭਰਾ ਸੁਰਿੰਦਰ ਸਿੰਘ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਮਰਨ ਉਪਰੰਤ ਡਾਕਟਰੀ ਖੋਜ ਕਾਰਜਾਂ ਲਈ ਸਰੀਰ ਪ੍ਰਦਾਨ ਕਰਕੇ ਜਿੱਥੇ ਸਾਥੀ ਸੁਖਬੀਰ ਸਿੰਘ ਨੇ ਮਹਾਨ ਕਾਰਜ ਕੀਤਾ ਹੈ ਉੱਥੇ ਹੀ ਪਰਿਵਾਰ ਵਲੋਂ ਉਨ੍ਹਾਂ ਦੀ ਇਸ ਇੱਛਾ ਨੂੰ ਪੂਰਾ ਕਰਨਾ ਹੋਰ ਵੀ ਪ੍ਰਸ਼ੰਸਾਯੋਗ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਦੀ ਅਚਨਚੇਤ ਮੌਤ ਨਾਲ ਪਰਿਵਾਰ, ਤਰਕਸ਼ੀਲ ਸੁਸਾਇਟੀ ਪੰਜਾਬ, ਰੰਗ ਮੰਚ ਅਤੇ ਸਮਾਜ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਵੱਡਾ ਘਾਟਾ ਪਿਆ ਹੈ। ਸਟੇਜ ਦਾ ਸੰਚਾਲਨ ਤਰਕਸ਼ੀਲ ਆਗੂ ਸੁਮੀਤ ਸਿੰਘ ਵੱਲੋਂ ਕੀਤਾ ਗਿਆ। ਰੇਲਵੇ ਅਧਿਕਾਰੀ ਕੁਲਦੀਪ ਸਿੰਘ ਧਾਲੀਵਾਲ, ਪ੍ਰਸਿੱਧ ਫਿਲਮ ਅਤੇ ਰੰਗਮੰਚ ਅਦਾਕਾਰ ਜਸਵੰਤ ਜੱਸ, ਤਰਕਸ਼ੀਲ ਆਗੂ ਮੁਖਤਿਆਰ ਗੋਪਾਲਪੁਰਾ ਨੇ ਵੀ ਵਿਛੜੇ ਸਾਥੀ ਨੂੰ ਸਤਿਕਾਰ ਭੇਂਟ ਕੀਤਾ। ਪਰਿਵਾਰ ਵਲੋਂ ਹਰਦਿਆਲ ਸਿੰਘ ਵੱਲੋਂ ਆਏ ਹੋਏ ਸਨੇਹੀਆਂ ਅਤੇ ਸਾਕ ਸੰਬੰਧੀਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸੀਨੀਅਰ ਰੰਗਮੰਚ ਅਦਾਕਾਰਾ ਸੁਖਵਿੰਦਰ ਵਿਰਕ ਵਲੋਂ ਮਰਨ ਉਪਰੰਤ ਮੈਡੀਕਲ ਕਾਲਜ ਨੂੰ ਸਰੀਰ ਪ੍ਰਦਾਨ ਕਰਨ ਦਾ ਅਹਿਦ ਲਿਆ ਗਿਆ। ਇਸ ਮੌਕੇ ਜੋਨ ਤਰਕਸ਼ੀਲ ਆਗੂ ਸੰਦੀਪ ਧਾਰੀਵਾਲ ਭੋਜਾ, ਜਸਪਾਲ ਬਾਸਰਕੇ, ਮਾਸਟਰ ਕੁਲਜੀਤ ਵੇਰਕਾ, ਅਮਨ ਰਣਜੀਤ ਗੱਗੋਮਾਹਲ, ਕਾ. ਜਗਤਾਰ ਸਿੰਘ, ਵਕੀਲ ਨਰੇਸ਼ ਕੁਮਾਰ, ਤਰਕਸ਼ੀਲ ਅਸ਼ਵਨੀ ਕੁਮਾਰ,ਬਨਾਰਸੀ ਦਾਸ, ਪ੍ਰਿੰਸੀਪਲ ਮੇਲਾ ਰਾਮ, ਅਦਾਕਾਰਾ ਮੈਡਮ ਸੁਖਵਿੰਦਰ ਵਿਰਕ, ਪਵਨਦੀਪ, ਸਰਬਜੀਤ ਲਾਡਾ, ਸਾਜਨ ਕੋਹਿਨੂਰ,ਤਰਕਸ਼ੀਲ ਹਰਪ੍ਰੀਤ ਮੀਆਂਵਿੰਡ, ਜਸਵਿੰਦਰ ਸਿੰਘ, ਕਪਤਾਨ ਸਿੰਘ, ਕਾ ਜਸਵਿੰਦਰ, ਰਣਜੀਤ ਸਿੰਘ, ਜੋਗਿੰਦਰ ਸਿੰਘ ਅਤੇ ਪਰਿਵਾਰਕ ਮੈਂਬਰ ਬਲਵਿੰਦਰ ਸਿੰਘ, ਕਮਲ ਸਿੰਘ, ਬਲਵੰਤ ਸਿੰਘ ਅਤੇ ਕਿਰਪਾਲ ਸਿੰਘ ਤੋਂ ਇਲਾਵਾ ਰੇਲਵੇ ਅਧਿਕਾਰੀ ਲਵਪ੍ਰੀਤ ਸਿੰਘ, ਰੋਹਿਤ ਬਾਂਸਲ ਅਤੇ ਰਾਜੇਸ਼ ਡੱਟਵਾਲੀਆ ਆਦਿ ਸ਼ਾਮਿਲ ਸਨ। **– ਸੁਮੀਤ ਸਿੰਘ**

ਸਮਾਜ ਨੂੰ ਚੰਗੀ ਸੇਧ ਦੇ ਗਿਆ ਮਾਤਾ ਅੱਛਰੋ ਜੀ ਦਾ ਸਤਿਕਾਰ ਸਮਾਗਮ



ਤਰਕਸ਼ੀਲ ਲਹਿਰ ਨੂੰ ਸਮਰਪਿਤ ਅਜੀਤ ਪ੍ਰਦੇਸੀ ਦੀ 93 ਸਾਲਾਂ ਮਾਤਾ ਅੱਛਰੋ ਜੀ ਪਤਨੀ ਪਰਭੂ ਸਿੰਘ ਜੀ ਨਿਵਾਸੀ ਪਿੰਡ ਹਵਾਰਾ ਕਲਾਂ(ਫ.ਗ.ਸ.) ਬੀਤੇ ਦਿਨੀਂ ਸਦੀਵੀਂ ਵਿਛੋੜਾ ਦੇ ਗਏ ਸਨ ਜਿਨ੍ਹਾਂ ਦੀ ਮ੍ਰਿਤਕ ਦੇਹ ਨੂੰ ਮੈਡੀਕਲ ਖੋਜ ਕਾਰਜਾਂ ਲਈ ਪੀ ਜੀ ਆਈ ਚੰਡੀਗੜ੍ਹ ਦੇ ਸਪੁਰਦ ਕੀਤਾ ਗਿਆ। ਮਾਤਾ ਦੀ ਯਾਦ ਵਿੱਚ ਬਿਨ੍ਹਾਂ ਕਿਸੇ ਰੀਤੀ ਰਿਵਾਜ,ਧਾਰਮਿਕ ਰਸਮਾਂ ਤੋਂ ਰਹਿਤ ਤੇ ਤਰਕਸ਼ੀਲ ਵਿਚਾਰਾਂ ਨੂੰ ਸਮਰਪਿਤ ਤਰਨਜੀਤ ਭਸੀਨ ਭਵਨ ਵਿਖੇ ਸਤਿਕਾਰ ਸਮਾਗਮ ਕੀਤਾ ਗਿਆ। ਇਸ ਸਮਾਗਮ ਵਿਚ ਪ੍ਰਦੇਸੀ ਪਰਿਵਾਰ ਦੇ ਰਿਸ਼ਤੇਦਾਰ, ਦੋਸਤ ਮਿੱਤਰ, ਵੱਖ ਵੱਖ ਸਮਾਜਿਕ, ਵਿਦਿਆਰਥੀ, ਕਿਸਾਨਾਂ, ਮੁਲਾਜਮਾਂ ਦੀਆਂ ਜਥੇਬੰਦੀਆਂ ਦੇ ਆਗੂ /ਵਰਕਰ ਅਤੇ ਤਰਕਸ਼ੀਲ ਸੁਸਾਇਟੀ

ਮੁਹਾਲੀ, ਖਰੜ, ਰੋਪੜ, ਨੰਗਲ ਬਸੀ ਪਠਾਣਾਂ ਤੇ ਸਰਹਿੰਦ ਇਕਾਈਆਂ ਦੇ ਆਗੂ ਤੇ ਮੈਂਬਰ ਵੱਡੀ ਗਿਣਤੀ ਸ਼ਾਮਲ ਸਨ। ਜੋਨ ਚੰਡੀਗੜ੍ਹ ਦੇ ਜਥੇਬੰਦਕ ਮੁਖੀ ਸੇਵਾ ਮੁਕਤ ਪ੍ਰਿੰਸੀਪਲ ਗੁਰਮੀਤ ਖਰੜ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਦੇਸੀ ਪਰਿਵਾਰ ਵੱਲੋਂ ਮਾਤਾ ਜੀ ਦੀ ਮ੍ਰਿਤਕ ਦੇਹ ਮੈਡੀਕਲ ਖੋਜ ਕਾਰਜਾਂ ਲਈ ਪੀ.ਜੀ.ਆਈ.ਚੰਡੀਗੜ੍ਹ ਨੂੰ ਪ੍ਰਦਾਨ ਕਰਨ ਦਾ ਫੈਸਲਾ ਸ਼ਲਾਘਾਯੋਗ ਹੈ। ਡੀ. ਐਮ .ਐਫ .ਦੇ ਆਗੂ ਮਲਾਗਰ ਖਮਾਣੋਂ ਨੇ ਕਿਹਾ ਕਿ ਮਾਤਾ ਦਾ ਸਰੀਰ ਪ੍ਰਦਾਨ ਅਤੇ ਬਿਨ੍ਹਾਂ ਧਾਰਮਿਕ ਰਸਮਾਂ ਤੋਂ "ਨਿਰੋਲ ਤਰਕਸ਼ੀਲ ਵਿਚਾਰਾਂ" 'ਤੇ ਖੜ੍ਹ ਕੇ ਇਸ ਜਮਾਤੀ ਸਮਾਜ ਤੇ ਫਾਸ਼ੀਵਾਦੀ ਹਮਲਿਆਂ ਦੌਰਾਨ ਅਜਿਹਾ ਫ਼ੈਸਲਾ ਕਰਨਾ ਜਿੱਥੇ ਪ੍ਰਦੇਸੀ ਪਰਿਵਾਰ ਦੇ ਅਗਾਂਹਵਧੂ ਵਿਚਾਰਾਂ ਦਾ ਠੋਸ ਪ੍ਰਗਟਾਵਾ ਹੈ, ਉੱਥੇ ਹੀ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਵਿਚਾਰਾਂ ਦੀ ਮਸ਼ਾਲ ਰਾਹੀਂ ਸਮਾਜ ਵਿੱਚੋਂ ਅੰਧ-ਵਿਸ਼ਵਾਸਾਂ ਤੇ ਵਹਿਮਾਂ ਭਰਮਾਂ ਦਾ ਹਨ੍ਹੇਰਾ ਦੂਰ ਕਰ ਕੇ ਵਿਗਿਆਨਕ ਸੋਚ ਅਪਨਾਉਣ ਦਾ ਸੁਨੇਹਾ ਦਿੰਦਾ ਹੈ ।ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਆਗੂ ਮਾਸਟਰ ਰਜਿੰਦਰ ਭਦੌੜ ਨੇ ਨੇ ਕੁਦਰਤੀ ਮੌਤ ਤੇ ਅਣਆਈ ਮੌਤਾਂ ਸਬੰਧੀ ਇਤਿਹਾਸਕ ਹਵਾਲਿਆਂ ਰਾਹੀਂ ਤਰਕ ਪੇਸ਼ ਕਰਦਿਆਂ ਮੌਜੂਦਾ ਜਮਾਤੀ ਪ੍ਰਬੰਧ ਨੂੰ ਜਿੰਮੇਵਾਰ ਦੱਸਿਆ ਤੇ ਕਿਹਾ ਕਿ ਮਨੁੱਖ ਦੀ ਲੰਮੀ ਉਮਰ ਤੇ ਤੰਦਰੁਸਤ ਜੀਵਨ ਲਈ ਚੰਗੇ ਵਾਤਾਵਰਨ, ਚੰਗੀ ਖ਼ੁਰਾਕ, ਚੰਗੀਆਂ ਸਿਹਤ ਸਹੂਲਤਾਂ, ਚਿੰਤਾਮੁਕਤ ਜ਼ਿੰਦਗੀ ਤੇ ਚੰਗਾ ਸਮਾਜਿਕ ਪ੍ਰਬੰਧ ਹੋਣਾ ਬਹੁਤ ਜਰੂਰੀ ਹੈ। ਅੰਤ ਵਿਚ ਅਜੀਤ ਪ੍ਰਦੇਸੀ ਵੱਲੋਂ ਮਾਤਾ ਦੀ ਸੰਘਰਸ਼ੀ ਜ਼ਿੰਦਗੀ ਦੇ ਯਾਦਗਾਰੀ ਪਲਾਂ ਨੂੰ ਸਾਂਝਾ ਕਰਦਿਆਂ ਸਮਾਗਮ ਵਿਚ ਪਹੁੰਚੇ ਸਮੁੱਚੇ ਰਿਸ਼ਤੇਦਾਰਾਂ, ਸਾਕ-ਸਬੰਧੀਆਂ, ਤਰਕਸ਼ੀਲਾਂ, ਬੁੱਧੀਜੀਵੀਆਂ, ਸਮਾਜ ਸੇਵੀ, ਧਾਰਮਿਕ, ਮੁਲਾਜ਼ਮ, ਵਿਦਿਆਰਥੀ, ਕਿਸਾਨ ਜਥੇਬੰਦੀਆਂ ਅਤੇ ਰਾਜਨੀਤਕ ਪਾਰਟੀਆਂ ਦੇ ਆਗੂਆਂ ਅਤੇ ਕਾਰਕੁਨਾਂ ਦਾ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਤਰਕਸ਼ੀਲ ਸੁਸਾਇਟੀ ਰੋਪੜ ਦੇ ਪ੍ਰਧਾਨ ਅਸ਼ੋਕ ਕੁਮਾਰ ਨੇ ਨਿਭਾਈ।

- ਅਸ਼ੋਕ ਕੁਮਾਰ

ਸਰੀਰ ਪ੍ਰਦਾਨੀ ਬਾਵਾ ਸਿੰਘ ਦਾ ਵਿਲੱਖਣ ਸਤਿਕਾਰ ਸਮਾਗਮ

ਬਾਵਾ ਸਿੰਘ ਜੀ ਡਾ. ਜਗਜੀਤ ਸਿੰਘ ਦੇ ਸਤਿਕਾਰਤ ਪਿਤਾ ਸਨ। ਡਾ. ਜਗਜੀਤ ਸਿੰਘ ਕਿੱਤੇ ਵਜੋਂ ਡਾਕਟਰ ਹਨ ਤੇ ਵਿਸ਼ਵਾਸਾਂ ਪੱਖੋਂ ਤਰਕਸ਼ੀਲ।ਉਹ ਬਤੌਰ ਸੀਨੀਅਰ ਮੈਡੀਕਲ ਅਫ਼ਸਰ ਮਾਲੇਰਕੋਟਲਾ ਵਿੱਚ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ। ਇਕਾਈ ਸ਼ਾਹਕੋਟ ਦੇ ਉਹ ਸਰਗਰਮ ਮੈਂਬਰ ਹਨ। ਉਨ੍ਹਾਂ ਦੀ ਪਤਨੀ ਡਾ. ਜਗਰੂਪ ਕੌਰ ਮੈਡੀਕਲ ਅਫਸਰ ਘਵੱਦੀ (ਲੁਧਿਆਣਾ) ਵਜੋਂ ਆਪਣੇ ਫਰਜ ਨਿਭਾਅ ਰਹੇ ਹਨ। ਬਾਵਾ ਸਿੰਘ ਜੀ ਅੱਠ ਦਹਾਕਿਆਂ ਦੀ ਜ਼ਿੰਦਗੀ ਜੀਉ ਕੇ ਮੌਤ ਨੂੰ ਪ੍ਰਾਪਤ ਹੋਏ ਤਾਂ ਪਰਿਵਾਰ ਨੇ ਫੈਸਲਾ ਕੀਤਾ ਕਿ ਉਨ੍ਹਾਂ ਦਾ ਮ੍ਰਿਤਕ ਸਰੀਰ ਡੀ.ਐੱਮ.ਸੀ. ਨੂੰ ਸੌਂਪਿਆ ਜਾਵੇਗਾ ਤਾਂ ਕਿ ਮੈਡੀਕਲ ਦੇ ਵਿਦਿਆਰਥੀ ਖੋਜ ਕਾਰਜ ਕਰ ਸਕਣ ਤੇ ਇਹ ਕਿਸੇ ਹੋਰ ਦੀ ਜ਼ਿੰਦਗੀ ਵਿਚ ਸਹਾਈ ਹੋ ਸਕੇ। ਫੈਸਲੇ ਅਨੁਸਾਰ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂਆਂ ਦੀ ਅਗਵਾਈ ਵਿੱਚ ਬਾਵਾ ਸਿੰਘ ਜੀ ਦਾ ਮ੍ਰਿਤਕ ਸਰੀਰ ਡੀ.ਐੱਮ.ਸੀ. ਲੁਧਿਆਣਾ ਨੂੰ ਸੌਂਪ ਦਿੱਤਾ ਗਿਆ।



ਸਰੀਰ ਪ੍ਰਦਾਨੀ ਬਾਵਾ ਸਿੰਘ ਜੀ ਦੇ ਇੰਡੀਅਨ ਮੈਡੀਕਲ ਐਸ਼ੋਸੀਏਸ਼ਨ ਦੇ ਲੁਧਿਆਣਾ ਦਫ਼ਤਰ ਦੇ ਹਾਲ ਵਿੱਚ ਹੋਏ ਸਤਿਕਾਰ ਸਮਾਗਮ ਵਿੱਚ ਕੋਈ ਵੀ ਧਾਰਮਿਕ ਰਸਮ ਨਹੀਂ ਕੀਤੀ ਗਈ।ਸਤਿਕਾਰ ਸਮਾਗਮ ਵਿੱਚ ਬੈਠਣ ਲਈ ਕੁਰਸੀਆਂ ਦਾ ਪ੍ਰਬੰਧ ਸੀ। ਸਮਾਗਮ ਦੇ ਸ਼ੁਰੂ ਵਿੱਚ ਇਕਾਈ ਸ਼ਾਹਕੋਟ ਦੇ ਜਥੇਬੰਦਕ ਮੁਖੀ ਜਿੰਦਰ ਬਾਗਪੁਰ ਨੇ ਇਸ ਵੱਖਰੇ ਸਮਾਗਮ ਦੀ ਪਿੱਠ ਭੂਮੀ ਬਾਰੇ ਜਾਣਕਾਰੀ ਸਾਂਝੀ ਕੀਤੀ। ਸੂਬਾ ਜਥੇਬੰਦਕ ਮੁਖੀ ਮਾਸਟਰ ਰਜਿੰਦਰ ਭਦੌੜ ਨੇ ਮਨੁੱਖੀ ਜ਼ਿੰਦਗੀ ਤੇ ਵਿਗਿਆਨਕ ਨਜਰੀਏ ਦੀ ਮਹੱਤਤਾ ਦੀ ਗੱਲ ਕੀਤੀ।ਸ਼ਾਇਰ ਅਤੇ ਨਾਟਕਕਾਰ ਜਗੀਰ ਜੋਸਨ ਨੇ ਬਾਵਾ ਸਿੰਘ ਜੀ ਦੇ ਮ੍ਰਿਤਕ ਸਰੀਰ ਨੂੰ ਮੈਡੀਕਲ ਖੋਜ ਲਈ ਸੌਂਪਣ ਦੇ ਸੰਦਰਭ ਵਿੱਚ ਗੱਲ ਕਰਦਿਆਂ ਕਿਹਾ ਕਿ ਜੇਕਰ ਮੈਡੀਕਲ ਖੋਜ ਦੇ ਵਿਦਿਆਰਥੀਆਂ ਕੋਲ ਮ੍ਰਿਤਕ ਸਰੀਰ ਉਪਲਬਧ ਨਾ ਹੋਣ ਤਾਂ ਉਹ ਜਿਉਂਦੇ ਮਰੀਜਾਂ 'ਤੇ ਤਜਰਬੇ ਕਰਨਗੇ, ਜੋ ਘਾਤਕ ਹੋ ਸਕਦੇ ਹਨ। ਉੱਘੇ ਚਿੰਤਕ ਡਾ. ਪਰਮਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ। ਡੀ.ਐੱਮ.ਸੀ. ਲੁਧਿਆਣਾ ਦੇ ਡਾਕਟਰ ਅਨੂ ਸ਼ਰਮਾ ਅਤੇ ਅਜੈ ਕੁਮਾਰ ਨੇ ਬਾਵਾ ਸਿੰਘ ਜੀ ਦੇ ਪਰਿਵਾਰ ਦੇ ਸਾਹਸ ਦੀ ਸਰਾਹਨਾ ਕੀਤੀ। ਪ੍ਰਿੰਸੀਪਲ ਹਰਜਿੰਦਰ ਸਿੰਘ ਨੇ ਬਾਵਾ ਸਿੰਘ ਜੀ ਨੂੰ ਸਤਿਕਾਰ ਦਿੰਦਿਆਂ ਕਿਹਾ ਕਿ ਇਸ ਸਮਾਗਮ ਦੀ ਵਿਸ਼ੇਸਤਾ ਇਹ ਵੀ ਹੈ ਕਿ ਅਸੀਂ ਜੋ ਉਨ੍ਹਾਂ ਕੋਲੋਂ ਸਿੱਖਿਆ, ਉਸ ਬਾਰੇ ਗੱਲਾਂ ਕਰ ਰਹੇ ਹਾਂ। ਡਾ. ਰਸ਼ਪਾਲ ਅਤੇ ਜਗਦੀਪ ਵੱਲੋਂ ਵੀ ਬਾਵਾ ਸਿੰਘ ਜੀ ਦੇ ਸਤਿਕਾਰ ਸਮਾਗਮ ਦੇ ਸਬੱਬ ਨਾਲ ਉਨ੍ਹਾਂ ਦੀ ਸਖਸ਼ੀਅਤ ਦੀ ਬਾਤ ਪਾਈ ਗਈ। ਪੁਨਰਜੋਤ ਆਈ ਬੈਂਕ ਸੁਸਾਇਟੀ ਲੁਧਿਆਣਾ ਵੱਲੋਂ ਬਾਵਾ ਸਿੰਘ ਦੀ ਪਤਨੀ ਸੁਰਿੰਦਰ ਕੌਰ ਸੇਵਾ-ਮੁਕਤ ਅਧਿਆਪਕਾ, ਡਾ. ਜਗਜੀਤ ਸਿੰਘ, ਡਾ. ਜਗਰੂਪ ਕੌਰ, ਮਨਜੀਤ ਕੌਰ-ਰਜਵੰਤ ਕੌਰ (ਕੈਨੇਡਾ) ਅਤੇ ਕਿਰਨਜੀਤ ਕੌਰ (ਧੀ) ਨੂੰ ਸਨਮਾਨਤ ਕੀਤਾ ਗਿਆ। ਡਾ. ਜਗਜੀਤ ਸਿੰਘ ਨੇ ਸਮਾਗਮ ਦੀ ਸਮਾਪਤੀ ਤੋਂ ਪਹਿਲਾਂ

ਧੰਨਵਾਦੀ ਸ਼ਬਦ ਬੋਲਦਿਆਂ ਅਪੀਲ ਵੀ ਕੀਤੀ ਕਿ ਹਾਲ ਦੇ ਬਾਹਰ ਪਏ ਬੂਟਿਆਂ ਵਿੱਚੋਂ ਹਰੇਕ ਵਿਅਕਤੀ ਬੂਟਾ ਲੈ ਕੇ ਜਾਵੇ ਤੇ ਆਪੋ ਆਪਣੇ ਘਰਾਂ ਵਿੱਚ ਬੂਟਾ ਵੱਡਾ ਕਰੇ ਤਾਂ ਜੋ ਪਿਤਾ ਜੀ ਦੀ ਯਾਦ ਨੂੰ ਸਦੀਵੀ ਬਣਾਇਆ ਜਾਵੇ।

- ਪਾਲ ਬਾਗਪੁਰ

ਮਾਤਾ ਅਮਰਜੀਤ ਕੌਰ ਜੀ ਨੂੰ ਸਮਰਪਿਤ ਵਿਗਿਆਨਕ ਚੇਤਨਾ ਸੈਮੀਨਾਰ

ਤਰਕਸ਼ੀਲ ਆਗੂ ਸੁਮੀਤ ਸਿੰਘ ਦੇ ਮਾਤਾ ਅਮਰਜੀਤ ਕੌਰ ਦੀ ਪਹਿਲੀ ਬਰਸੀ ਨੂੰ ਸਮਰਪਿਤ ਇਕ ਸੈਮੀਨਾਰ “ਲੋਕਪੱਖੀ ਸਮਾਜਿਕ ਤਬਦੀਲੀ ਅਤੇ ਵਿਗਿਆਨਕ ਚੇਤਨਾ ਦੀ ਅਹਿਮੀਅਤ” ਦੇ ਵਿਸ਼ੇ ਸੰਬੰਧੀ ਅੰਮ੍ਰਿਤਸਰ ਇਕਾਈ ਅਤੇ ਮਾਝਾ ਜੋਨ ਦੇ ਸਹਿਯੋਗ ਨਾਲ ਦੋ ਅਕਤੂਬਰ ਨੂੰ ਪੰਜਾਬ ਨਾਟ ਸ਼ਾਲਾ ਅੰਮ੍ਰਿਤਸਰ ਵਿਖੇ ਕਰਵਾਇਆ ਗਿਆ ਜਿਸ ਵਿਚ ਉੱਘੇ ਲੇਖਕ ਅਤੇ ਮਨੋਵਿਗਿਆਨੀ ਡਾ. ਸ਼ਿਆਮ ਸੁੰਦਰ ਦੀਪਤੀ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਕਾਰਜਕਾਰੀ ਸਕੱਤਰ ਅਤੇ ਪ੍ਰਸਿੱਧ ਜਮਹੂਰੀ ਵਿਦਵਾਨ ਡਾ. ਪਰਮਿੰਦਰ ਸਿੰਘ ਨੇ ਮੁੱਖ ਬੁਲਾਰਿਆਂ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਦੀਪਤੀ ਨੇ ਕਿਹਾ ਕਿ ਮਨੁੱਖ ਨੂੰ ਆਪਣੇ ਆਲੇ ਦੁਆਲੇ ਵਾਪਰਦੀਆਂ ਕੁਦਰਤੀ ਅਤੇ ਗੈਰ ਕੁਦਰਤੀ ਘਟਨਾਵਾਂ ਦੇ ਵਿਗਿਆਨਕ ਕਾਰਨਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਠੋਸ ਹਲ ਕੱਢਣ ਦੀ ਹਮੇਸ਼ਾ ਜਗਿਆਸਾ ਰਹੀ ਹੈ ਪਰ ਸਾਡੇ ਸਮਾਜ ਵਿਚ ਸਾਮਰਾਜਪੱਖੀ ਰਾਜ ਪ੍ਰਬੰਧ ਅਤੇ ਗ਼ੈਰ ਵਿਗਿਆਨਕ ਵਿਦਿਅਕ ਢਾਂਚੇ ਦੇ ਨਤੀਜੇ ਵਜੋਂ ਵਿਗਿਆਨਕ ਚੇਤਨਾ ਦੀ ਘਾਟ ਕਾਰਨ ਬਹੁਗਿਣਤੀ ਲੋਕਾਂ ਨੂੰ ਪੀੜ੍ਹੀ ਦਰ ਪੀੜ੍ਹੀ ਰੂੜੀਵਾਦੀ ਮਾਨਸਿਕਤਾ ਦੇ ਗ਼ੁਲਾਮ ਬਣਾ ਦਿੱਤਾ ਗਿਆ ਹੈ ਜੋ ਕਿ ਸਮਾਜਕ ਤਬਦੀਲੀ ਦੇ ਰਸਤੇ ਦੀ ਮੁੱਖ ਰੁਕਾਵਟ ਹੈ।



ਨਾਮਵਰ ਜਮਹੂਰੀ ਚਿੰਤਕ ਡਾ. ਪਰਮਿੰਦਰ ਸਿੰਘ ਨੇ ਅਜਿਹੇ ਲੋਕਪੱਖੀ ਸਮਾਗਮਾਂ ਦੀ ਲੋੜ ਉੱਤੇ ਜ਼ੋਰ ਦਿੰਦਿਆਂ ਕਿਹਾ ਕਿ ਡਾਰਵਿਨ ਦੇ ਕੁਦਰਤੀ ਵਿਕਾਸ ਦੇ ਨਿਯਮਾਂ ਅਨੁਸਾਰ ਮਨੁੱਖ ਨੇ ਆਦਿ ਕਾਲ ਤੋਂ ਮੌਜੂਦਾ ਵਿਗਿਆਨ ਦੇ ਯੁੱਗ ਤਕ ਲਗਾਤਾਰ ਭੌਤਿਕ ਅਤੇ ਬੌਧਿਕ ਵਿਕਾਸ ਕੀਤਾ ਹੈ। ਮਨੁੱਖ ਦਾ ਇਤਿਹਾਸ ਸੰਘਰਸ਼ਾਂ ਅਤੇ ਤਬਦੀਲੀਆਂ ਦਾ ਇਤਿਹਾਸ ਹੈ ਅਤੇ ਸੰਸਾਰ ਵਿਚ ਵਿਗਿਆਨ ਦਾ ਹੋਇਆ ਅੱਜ ਤਕ ਦਾ ਵਿਕਾਸ ਅਤੇ ਲੋਕਪੱਖੀ ਤਬਦੀਲੀਆਂ ਸਿਰਫ਼ ਮਨੁੱਖ ਦੇ ਤਰਕਸ਼ੀਲ ਦ੍ਰਿਸ਼ਟੀਕੋਣ, ਮਿਹਨਤ, ਦ੍ਰਿੜ ਹੌਸਲੇ ਅਤੇ ਸੰਘਰਸ਼ਸ਼ੀਲ ਮਾਨਸਿਕਤਾ ਅਪਨਾਉਣ ਕਰਕੇ ਹੀ ਸੰਭਵ ਹੋ ਸਕੇ ਹਨ। ਪੰਜਾਬ ਨਾਟਸ਼ਾਲਾ ਦੇ ਸੰਸਥਾਪਕ ਜਤਿੰਦਰ ਬਰਾੜ ਅਤੇ ਮੁਲਾਜ਼ਮ ਆਗੂ ਕਾ. ਸੁਖਮਿੰਦਰ ਰੰਧਾਵਾ ਨੇ ਕਿਹਾ ਕਿ ਆਪਣਿਆਂ ਦੀ ਯਾਦ ਵਿਚ ਰਵਾਇਤੀ ਰੂੜੀਵਾਦੀ ਸਮਾਗਮਾਂ ਦੀ ਥਾਂ ਅਜਿਹੇ ਵਿਗਿਆਨਕ ਚੇਤਨਾ ਸੈਮੀਨਾਰ ਕਰਵਾਉਣੇ ਹੀ ਲੋਕਪੱਖੀ ਸਮਾਜਿਕ ਅਤੇ ਸਭਿਆਚਾਰਕ ਤਬਦੀਲੀ ਦਾ ਸਬੂਤ ਹੈ।

ਇਸ ਮੌਕੇ ਕਾ. ਬਲਵਿੰਦਰ ਦੁਧਾਲਾ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਗੁਰਬਚਨ ਸਿੰਘ ਅਤੇ ਪ੍ਰਸਿੱਧ ਫਿਲਮ ਅਤੇ ਰੰਗਮੰਚ ਅਦਾਕਾਰ ਜਸਵੰਤ ਜੱਸ ਨੇ ਮਾਤਾ ਅਮਰਜੀਤ ਨੂੰ ਯਾਦ ਕਰਦਿਆਂ ਸੰਬੋਧਨ ਕੀਤਾ।

ਸੈਮੀਨਾਰ ਦੇ ਅੰਤ ਵਿਚ ਤਰਕਸ਼ੀਲ ਆਗੂ ਸੁਮੀਤ ਸਿੰਘ ਨੇ ਵਿਦਵਾਨ ਬੁਲਾਰਿਆਂ ਅਤੇ ਆਏ ਹੋਏ ਮਹਿਮਾਨਾਂ, ਰਿਸ਼ਤੇਦਾਰਾਂ, ਪਰਿਵਾਰਕ ਮੈਬਰਾਂ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂਆਂ ਅਤੇ ਮੈਂਬਰਾਂ ਦਾ ਇਸ ਸੈਮੀਨਾਰ ਵਿਚ ਪਹੁੰਚਣ ’ਤੇ ਧੰਨਵਾਦ ਕੀਤਾ ਅਤੇ ਜ਼ਿੰਦਗੀ ਵਿਚ ਤਰਕਸ਼ੀਲ ਸਾਹਿਤ ਪੜ੍ਹਨ, ਵਿਗਿਆਨਕ ਸੋਚ ਅਪਨਾਉਣ ਅਤੇ ਤਰਕਸ਼ੀਲ ਸੁਸਾਇਟੀ ਨਾਲ ਜੁੜਨ ਦੀ ਅਪੀਲ ਕੀਤੀ।

ਤਰਕਸ਼ੀਲ ਸੁਸਾਇਟੀ ਮਾਝਾ ਜੋਨ ਦੇ ਵਿੱਤ ਮੁਖੀ ਮੁਖਤਿਆਰ ਗੋਪਾਲਪੁਰਾ ਨੇ ਸਟੇਜ ਸੰਚਾਲਣ ਅਤੇ ਤਰਕਸ਼ੀਲ ਆਗੂਆਂ ਜਸਪਾਲ ਬਾਸਰਕੇ, ਅਸ਼ਵਨੀ ਕੁਮਾਰ,ਸ਼ਕਤੀ, ਨਵਰੀਤ ਅਤੇ ਨਵਜੀਤ ਵਲੋਂ ਪ੍ਰਬੰਧਕੀ ਜ਼ਿੰਮੇਵਾਰੀ ਬਾਖੂਬੀ ਨਿਭਾਈ ਗਈ। ਸਮਾਗਮ ਦੀ ਸਮਾਪਤੀ ਉਪਰੰਤ ਆਏ ਹੋਏ ਮਹਿਮਾਨਾਂ ਨੂੰ ਸਤੰਬਰ-ਅਕਤੂਬਰ ਅੰਕ ਦਾ ਤਰਕਸ਼ੀਲ ਮੈਗਜ਼ੀਨ ਮੁਫ਼ਤ ਵੰਡਿਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਮਹੂਰੀ ਆਗੂ ਯਸ਼ਪਾਲ ਝਬਾਲ, ਡਾ. ਪੁਰਸ਼ੋਤਮ ਲਾਲ, ਰੇਲਵੇ ਆਗੂ ਗੁਰਦੀਪ ਸਿੰਘ, ਡਾ. ਕਸ਼ਮੀਰ ਸਿੰਘ, ਨਰਿੰਦਰ ਸਿੰਘ ਬਟਾਲਾ, ਪੱਤਰਕਾਰ, ਧਰਮਿੰਦਰ ਸਿੰਘ ਮਹਿਤਾ ਚੌਂਕ, ਮਨਦੀਪ ਸਿੰਘ, ਦਮਨਜੀਤ ਕੌਰ, ਮੈਡਮ ਊਸ਼ਾ ਦੀਪਤੀ, ਜੋਗਿੰਦਰਪਾਲ ਕੌਰ, ਪ੍ਰੀਤਕਮਲ ਕੌਰ, ਗੁਰਮੀਤ ਕੌਰ, ਜਸਜੀਤ ਕੌਰ, ਪਰਮੀਤ ਕੌਰ, ਗੁਰਿੰਦਰ ਕੌਰ, ਤਲਵਿੰਦਰ ਸਿੰਘ ਸੁਧਾਰ, ਮਨਜੀਤ ਕੌਰ, ਕੰਵਲਜੀਤ ਸਿੰਘ, ਪ੍ਰਮਾਤਮਾ ਸਿੰਘ, ਮਹਿੰਦਰ ਪਾਲ ਸਿੰਘ,ਲਾਲ ਚੰਦ, ਰਵਿੰਦਰ ਮਹਾਜਨ, ਕੁਲਦੀਪ ਸਿੰਘ, ਤਰਕਸ਼ੀਲ ਬਲਦੇਵ ਰਾਜ ਵੇਰਕਾ, ਅਮਨ ਰਣਜੀਤ ਗੱਗੋਮਾਹਲ, ਸੁਖਮੀਤ ਸਿੰਘ, ਮਾਸਟਰ ਕੁਲਜੀਤ ਵੇਰਕਾ, ਮਨਜੀਤ ਬਾਸਰਕੇ, ਵਿਸ਼ਵਪ੍ਰੀਤ, ਹਰਪ੍ਰੀਤ ਮੀਆਂਵਿੰਡ, ਹਰਜਿੰਦਰ ਜਲਾਲਪੁਰ, ਰਮੇਸ਼ ਜੈਨ, ਪ੍ਰੋ. ਹੇਮੰਤ ਕੁਮਾਰ, ਕਪਤਾਨ ਸਿੰਘ, ਬਨਾਰਸੀ ਦਾਸ, ਬਲਬੀਰ ਸਿੰਘ, ਮਾਸਟਰ ਅਵਤਾਰ ਸਿੰਘ ਵੇਰਕਾ, ਗੁਰਚਰਨ ਸਿੰਘ ਆਦਿ ਨੇ ਸ਼ਮੂਲੀਅਤ ਕੀਤੀ।

ਕਵਿਤਾ

ਸੱਚ ਨੂੰ ਸਵਾਲ


ਮੈਂ ਸੱਚ ਨੂੰ ਪੁੱਛਿਆ, ਤੇਰਾ ਘਰ ਕਿੱਥੇ ਹੈ ?
ਤੂੰ ਕਿੱਥੇ ਰਹਿੰਦਾ ਹੈ ?
ਅਪਣਾ ਥਾਂ ਟਿਕਾਣਾ ਤਾਂ ਦੱਸ।
ਉਹ ਮੰਦ ਮੰਦ ਮੁਸਕਰਾਉਂਦਾ, ਮੈਨੂੰ ਤਕਦਾ ਰਿਹਾ।
ਮੈਂ ਹੀ ਚੁੱਪ ਤੋੜੀ ਤੇ ਪੁੱਛਿਆ।
ਕੀ ਤੂੰ ਧਾਰਮਿਕ ਥਾਈਂ ਰਹਿਨਾ ?
ਤੂੰ ਕਿਸ ਰੰਗ ਦੇ ਕਪੜੇ ਪਾਉਂਨੈ ?
ਉਹ ਜੋਰ ਨਾਲ ਹੱਸਿਆ ਤੇ
ਫਿਰ ਇਕ ਦਮ, ਖਾਮੋਸ਼ ਤੇ ਫਿਰ ਬੋਲਿਆ।



ਮੈਂ ਸਭ ਜਗ੍ਹਾ ਹਾੜੇ ਕਢ ਹਟਿਆ।
ਮੈਂ ਤਾਂ ਖੜੇ ਹੋਣ ਨੂੰ ਜਗ੍ਹਾ ਮੰਗੀ ਸੀ,
ਉਨ੍ਹਾਂ ਮੈਨੂੰ ਖੜੇ ਹੋਣ ਜੋਗਾ ਨਹੀਂ ਛੱਡਿਆ।
ਮੈਂ ਬੋਲਣਾ ਚਾਹਿਆ,
ਉਨ੍ਹਾਂ ਮੇਰਾ ਮੂੰਹ ਲਹੂ ਨਾਲ ਰੰਗ ਦਿੱਤਾ।
ਰਹੀ ਲਿਬਾਸ ਦੀ ਗੱਲ, ਢਿੱਡ ਭਰਾਂ ਜਾਂ ਤਨ ਢਕਾਂ ?
ਜਾਂ ਤੁਹਾਡੀਆਂ ਡਾਂਗਾਂ ਤੋਂ ਬਚਾਂ ?, ਤੇ ਫਿਰ ਰੋ ਪਿਆ।
ਤਾਂ ਫਿਰ ਕੀ ਤੂੰ ਧਾਰਮਿਕ ਗ੍ਰੰਥਾਂ ਵਿੱਚ ਰਹਿੰਦੈ ?
ਉਹ ਚੁੱਪ ਸੀ।
ਲਿਖਣ ਵਾਲਿਆਂ ਨੂੰ ਪੁੱਛ, ਉਹ ਬੋਲਿਆ।
ਜੋ ਉਨ੍ਹਾਂ ਲਿਖਿਆ, ਤੁਸਾਂ ਮੰਨ ਲਿਆ
ਬਸ ਇਹੀ 'ਸੱਚ' ਹੈ !
ਮੈਂ ਬਸ ਤੜਪਦਾ ਰਹਿੰਦਾ, ਪੈਰਾਂ ਵਿਚ ਰੁਲਦਾ ਰਹਿੰਦਾ।
ਮੈਨੂੰ ਫਾਂਸੀ ਵੀ ਚੜਾਇਆ ਜਾਂਦੈ।
ਪਰ ਮੈਂ ਫਿਰ ਵੀ ਮਰਦਾ ਨਹੀਂ ,
ਕਿਉਂਕਿ ਮੈਂ ਸੱਚ ਹਾਂ।

ਸੁਰੇਸ਼ ਪਠਾਨੀਆ

ਬਲਦੇਵ ਸਿੰਘ ਜੀ ਦਾ ਮ੍ਰਿਤਕ ਸਰੀਰ ਖੋਜ ਕਾਰਜਾਂ ਲਈ ਸੌਂਪਿਆਂ:



ਇਕਾਈ ਖਰੜ ਦੇ ਆਗੂ ਸੁਰਿੰਦਰ ਸਿੰਬਲਮਾਜਰਾ ਦੇ ਪਿਤਾ ਸਤਿਕਾਰਤ ਬਲਦੇਵ ਸਿੰਘ ਜੀ ਦਾ ਮੌਤ ਉਪਰੰਤ ਮ੍ਰਿਤਕ ਸਰੀਰ ਪਰਿਵਾਰ ਵੱਲੋਂ ਖੋਜ ਕਾਰਜਾਂ ਹਿਤ ਪੀ.ਜੀ. ਆਈ. ਚੰਡੀਗੜ੍ਹ ਦੇ ਅਨਾਟਮੀ ਵਿਭਾਗ ਨੂੰ ਸੌਂਪਿਆ ਗਿਆ। ਪਰਿਵਾਰ ਦੇ ਇਸ ਲੋਕ ਪੱਖੀ ਫੈਸਲੇ ਦੀ ਹਾਜਰੀਨ ਵੱਲੋਂ ਪ੍ਰਸ਼ੰਸਾ ਕੀਤੀ ਗਈ। ਬੁਲਾਰਿਆਂ ਨੇ ਕਿਹਾ ਕਿ ਸਾਨੂੰ ਮੁਰਦਾ ਸਰੀਰ ਨੂੰ ਕਿਸੇ ਵੀ ਤਰੀਕੇ ਨਸ਼ਟ ਕਰਨ ਦੀ ਬਜਾਇ ਖੋਜ ਕਾਰਜਾਂ ਵਾਸਤੇ ਦੇ ਕੇ ਮੈਡੀਕਲ ਸਾਇੰਸ ਦੀ ਤਰੱਕੀ ਵਿਚ ਆਪਣਾ ਯੋਗਦਾਨ ਪਾਉਣਾ ਚਾਹੀਦਾ।

– ਕੁਲਵਿੰਦਰ ਨਗਾਰੀ

ਕਵਿਤਾ

ਕਿੰਤੂ ਪ੍ਰੰਤੂ



ਕਿੰਤੂ ਪ੍ਰੰਤੂ ਕਰਨਾ
ਜੇ ਤੂੰ ਸਿੱਖ ਜਾਏਗਾ
ਹੋਣੀ ਨੂੰ ਅਣਹੋਣੀਂ
ਅਣਹੋਣੀਂ ਨੂੰ ਹੋਣੀ ਚ ਬਦਲਣਾ
ਤੂੰ ਸਿੱਖ ਜਾਏਗਾ ।
ਪੱਥਰ ਪਾੜ ਕਰੂੰਬਲਾਂ ਉੱਗ ਪੈਣਾ
ਇਹੀ ਫਿਤਰਤ ਸੱਚ ਦੀ ਏ
ਮਿੱਥ ਮਿੱਥ ਕਰੂੰਬਲਾਂ ਮਿੱਧਦਾ ਜੋ
ਬਾਗਵਾਨ ਕਹਾਉਣ ਦਾ ਉਹਨੂੰ ਹੱਕ ਕੀ ਏ ?
ਇਹ ਸੱਚ ਕਹਿਣਾ ਤੂੰ ਸਿੱਖ ਜਾਏਗਾ।
ਉਹਨਾਂ ਤਰੀਕਾ ਖੋਜਿਆ, ਜੰਗਲ ਉਜਾੜਨ ਦਾ
ਅਸੀਂ ਸਲੀਕਾ ਸਿੱਖਿਆ, ਲੱਗੀਆਂ ਕਲਮਾਂ ਬਚਾਵਣ ਦਾ।
ਦੋਸਤ ਦੁਸਮਣ ਚ ਅੰਤਰ ਕਰਨਾ
ਫਿਰ ਤੂੰ ਸਿੱਖ ਜਾਏਗਾ ।
ਕਿੰਤੂ ਪ੍ਰੰਤੂ ਕਰਨਾ.....
ਹੋਣਾ ਉਹੀ, ਉਹ ਕਹਿੰਦੇ ਜੋ ਲਿਖਿਆ ਏ
ਪਰ ਹੁਣ, ਹੋਣਾ ਉਹੀ
ਜੋ ਲੋਕਾਂ ਨੇ ਮਿਥਿਆ ਏ
ਕਾਰਣ ਬਿਨ੍ਹਾਂ, ਕੋਈ ਕਾਰਜ ਹੋਵੇ ਨਾ
ਏਦਾਂ ਸੋਚਣਾ ਤੂੰ ਵੀ ਸਿੱਖ ਜਾਏਗਾ।
ਕਿੰਤੂ ਪ੍ਰੰਤੂ ਕਰਨਾ ......

- ਸੁਖਦੇਵ ਫਗਵਾੜਾ

ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਅੰਮ੍ਰਿਤਸਰ ਦੇ ਸੀਨੀਅਰ ਸਾਥੀ ਅਤੇ ਰੰਗਮੰਚ ਅਦਾਕਾਰ ਸੁਖਬੀਰ ਸਿੰਘ (ਸਰੀਰ ਪ੍ਰਦਾਨੀ), ਮੇਜਰ ਸਿੰਘ ਦੀ ਜੀਵਨ ਸਾਥਣ ਸਤਵੰਤ ਕੌਰ ਜੀ, ਚੰਡੀਗੜ੍ਹ ਜ਼ੋਨ ਦੇ ਆਗੂ ਅਜੀਤ ਪ੍ਰਦੇਸੀ ਦੇ ਮਾਤਾ ਬੇਬੇ ਅੱਛਰੋ ਜੀ (ਸਰੀਰ ਪ੍ਰਦਾਨੀ), ਖਰੜ ਇਕਾਈ ਦੇ ਮਾਨਸਿਕ ਸਿਹਤ ਮਸ਼ਵਰਾ ਵਿਭਾਗ ਦੇ ਮੁਖੀ ਸੁਰਿੰਦਰ ਸਿੰਬਲ ਮਾਜਰਾ ਦੇ ਪਿਤਾ ਜੀ ਸਰੀਰ ਪ੍ਰਦਾਨੀ ਬਲਦੇਵ ਸਿੰਘ ਜੀ, ਇਕਾਈ ਬੁੱਲ੍ਹੋਵਾਲ ਹੁਸ਼ਿਆਰਪੁਰ ਦੇ ਸਰਗਰਮ ਮੈਂਬਰ ਕਮਲ ਵਰਮਾ ਦੇ ਪਿਤਾ ਭਗਤ ਰਾਮ ਵਰਮਾ ਜੀ, ਇਕਾਈ ਰੋਪੜ ਦੇ ਆਗੂ ਸ਼ੈਲਿੰਦਰ ਸੋਹਾਲੀ ਦੇ ਭਰਾ ਭੁਪਿੰਦਰ ਸ਼ਰਮਾ ਜੀ, ਹਰਨੇਕ ਚੱਕ ਕਰਮਾ ਦੀ ਸੱਸ-ਮਾਂ ਸੁਖਵਿੰਦਰ ਕੌਰ ਜੀ, ਇਕਾਈ ਸ਼ਾਹਕੋਟ ਦੇ ਸਰਗਰਮ ਆਗੂ ਡਾ. ਜਗਜੀਤ ਸਿੰਘ ਦੇ ਪਿਤਾ ਸਰੀਰ ਪ੍ਰਦਾਨੀ ਬਾਵਾ ਸਿੰਘ ਜੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।

ਖ਼ਬਰ ਹੈ ਕਿ

ਲਿੰਗਾਇਤ ਮੱਠ ਦਾ 'ਸੰਤ' ਗ੍ਰਿਫ਼ਤਾਰ

ਚਿਤਰਦੁਰਗਾ : ਕਰਨਾਟਕ ਪੁਲੀਸ ਨੇ ਲਿੰਗਾਇਤ ਮੱਠ ਦੇ ਸੰਤ ਸ਼ਿਵਮੂਰਤੀ ਮੁਰੂਗਾ ਨੂੰ ਨਾਬਾਲਗਾਂ ਦੇ ਕਥਿਤ ਜਿਨਸੀ ਸ਼ੋਸ਼ਣ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਿਆ। ਇਹ ਕਾਰਵਾਈ ਪੋਕਸੋ ਐਕਟ ਤਹਿਤ ਕੀਤੀ ਗਈ ਹੈ ਤੇ ਕੇਸ ਵਿੱਚ ਬਲਾਤਕਾਰ ਦੀਆਂ ਧਾਰਾਵਾਂ ਵੀ ਜੋੜੀਆਂ ਗਈਆਂ ਹਨ। ਵਿਦਿਆਰਥਣਾਂ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਹੇਠ ਘਿਰੇ ਲਿੰਗਾਇਤ ਮੱਠ ਦੇ ਇਸ ਮੁੱਖ ਪੁਜਾਰੀ ਨੂੰ ਕਰਨਾਟਕ ਦੀ ਅਦਾਲਤ ਨੇ ਪੰਜ ਦਿਨਾਂ ਦੀ ਪੁਲੀਸ ਹਿਰਾਸਤ 'ਚ ਭੇਜ ਦਿੱਤਾ ਹੈ। ਜੱਜ ਨੇ ਸਪੱਸ਼ਟ ਨਿਰਦੇਸ਼ ਦਿੱਤੇ ਕਿ ਮੁਲਜ਼ਮ ਪੁਜਾਰੀ ਨੂੰ ਪੁਲੀਸ ਹਿਰਾਸਤ ਦੌਰਾਨ ਕਿਤੇ ਵੀ ਨਾ ਲਿਜਾਇਆ ਜਾਵੇ। ਇਸ ਨਾਲ ਪੁਜਾਰੀ ਨੂੰ ਬੰਗਲੂਰੂ ਦੇ ਹਸਪਤਾਲ 'ਚ ਤਬਦੀਲ ਕਰਨ ਦੀਆਂ ਕੋਸ਼ਿਸ਼ਾਂ ਨਾਕਾਮ ਹੋ ਗਈਆਂ ਸਨ। ਅਦਾਲਤ ਦੀ ਇਜਾਜਤ ਤੋਂ ਬਿਨ੍ਹਾਂ ਪੁਜਾਰੀ ਨੂੰ ਬੰਗਲੂਰੂ ਦੇ ਹਸਪਤਾਲ 'ਚ ਤਬਦੀਲ ਕਰਨ ਦੀਆਂ ਕੋਸ਼ਿਸ਼ਾਂ ਲਈ ਜੱਜ ਨੇ ਅਧਿਕਾਰੀਆਂ ਦੀ ਲਾਹ-ਪਾਹ ਵੀ ਕੀਤੀ। ਸੂਬੇ ਦੇ ਲਿੰਗਾਇਤ ਭਾਈਚਾਰੇ ਦੇ ਸਭ ਤੋਂ ਵੱਕਾਰੀ ਅਤੇ ਪ੍ਰਭਾਵਸ਼ਾਲੀ ਮੱਠਾਂ ਵਿੱਚ ਇੱਕ ਇਸ ਮੱਠ ਦੇ ਮੁਖੀ ਖ਼ਿਲਾਫ਼ ਇਹ ਕਾਰਵਾਈ ਹੋਈ ਹੈ।(**ਪੀ.ਟੀ.ਆਈ., ਆਈ.ਏ. ਐੱਨ.ਐੱਸ.**) **ਪੰਜਾਬੀ ਟ੍ਰਿਬਿਊਨ** (2, 3/9/ 2022)

ਹੈਵਾਨੀਅਤ.... 56 ਟੁਕੜੇ ਕੱਟ ਕੇ ਔਰਤਾਂ ਦੀ ਦਿੱਤੀ ਬਲੀ... ਮਾਸ ਵੀ ਖਾਧਾ

ਕੇਰਲਾ ਦੇ ਕੋਚੀ ਵਿਚ ਅਮੀਰ ਬਣਨ ਲਈ ਦੋ ਔਰਤਾਂ ਦੀ ਬਲੀ ਦੇਣ ਦੀ ਘਟਨਾ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਹੈ। ਸਤੰਬਰ ਵਿਚ ਲਾਟਰੀ ਵੇਚਣ ਵਾਲੀ ਇੱਕ ਔਰਤ ਦੀ ਗੁੰਮਸੁਦਗੀ ਦੀ ਰਿਪੋਰਟ 'ਤੇ ਪੁਲਿਸ ਜਦ ਮੋਬਾਈਲ ਕਾਲ ਅਤੇ ਸੀ. ਸੀ. ਟੀ. ਵੀ. ਫੁਟੇਜ ਦੇ ਆਧਾਰ 'ਤੇ ਰਵਾਇਤੀ ਵੈਦ ਭਗਵੰਤ ਸਿੰਘ ਦੇ ਘਰ ਪਹੁੰਚੀ, ਤਾਂ ਪੁੱਛਗਿੱਛ ਵਿਚ ਨਾ ਸਿਰਫ਼ ਉਸ ਔਰਤ ਦੀ ਹੱਤਿਆ ਦਾ ਪਤਾ ਲੱਗਿਆ, ਸਗੋਂ ਇਹ ਵੀ ਸਾਹਮਣੇ ਆਇਆ ਕਿ ਲੰਘੀ ਜੂਨ ਵਿਚ ਵੀ ਉਸ ਘਰ ਵਿਚ ਇੱਕ ਹੋਰ ਔਰਤ ਦੀ ਬਲੀ ਦਿੱਤੀ ਗਈ ਸੀ। ਦੱਸਿਆ ਜਾਂਦਾ ਹੈ ਕਿ ਜਿਸ ਤਾਂਤ੍ਰਿਕ ਰਸ਼ੀਦ ਉਰਫ਼ ਮੁਹੰਮਦ ਸ਼ਫੀ ਦੇ ਕਹਿਣ 'ਤੇ ਇਹਨਾਂ ਦੋ ਔਰਤਾਂ ਦੀ ਟੁਕੜੇ-ਟੁਕੜੇ ਕਰਕੇ ਬਲੀ ਦਿੱਤੀ ਗਈ, ਉਹ ਇਕ ਬਜੁਰਗ ਔਰਤ ਦੇ ਖ਼ਿਲਾਫ਼ ਯੌਨ-ਹਿੰਸਾ ਦੇ ਮਾਮਲੇ ਵਿਚ ਦੋ ਸਾਲ ਪਹਿਲਾਂ ਜ਼ਮਾਨਤ 'ਤੇ ਰਿਹਾਅ ਹੋਇਆ ਸੀ। ਜਿਸ ਕੋਚੀ ਵਿਚ ਇਹ ਘਟਨਾਵਾਂ ਹੋਈਆਂ ਹਨ, ਇਹ 'ਕਾਲੇ ਜਾਦੂ' ਲਈ ਪ੍ਰਸਿੱਧ ਹੈ। ਕੇਰਲਾ ਯੁਕਤੀਵਾਦੀ ਸੰਗਠਨ ਅਤੇ ਕੇਰਲ ਸਾਹਿਤ ਪ੍ਰੀਸ਼ਦ ਵਰਗੀਆਂ ਸੰਸਥਾਵਾਂ ਸਾਲਾਂ ਤੋਂ ਕਾਲੇ ਜਾਦੂ 'ਤੇ ਰੋਕ ਲਗਾਉਣ ਦੀ ਮੰਗ ਕਰ ਰਹੀਆਂ ਹਨ। ਇਸ ਦੇ ਬਾਵਜੂਦ ਇਸ ਦਿਸ਼ਾ ਵਿਚ ਸਰਕਾਰ ਵੱਲੋਂ ਕੋਈ ਕਦਮ ਨਹੀਂ ਪੁੱਟਿਆ ਜਾ ਰਿਹਾ।

-ਅਮਰ ਉਜਾਲਾ

ਜਾਦੂ-ਟੂਣੇ ਦੇ ਸ਼ੱਕ 'ਚ ਤਿੰਨ ਔਰਤਾਂ ਦੀ ਕੁੱਟ-ਕੁੱਟ ਕੇ ਹੱਤਿਆ

ਰਾਂਚੀ : ਝਾਰਖੰਡ ਦੇ ਰਾਂਚੀ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਜਾਦੂ-ਟੂਣੇ ਕਰਨ ਦੇ ਸ਼ੱਕ ਹੇਠ ਤਿੰਨ ਔਰਤਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਪੁਲੀਸ ਨੇ ਪੀੜਤ ਔਰਤਾਂ 'ਚੋਂ ਇੱਕ ਦੇ ਪਤੀ ਤੇ ਪੁੱਤ ਸਣੇ 13 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਐੱਸ ਐੱਸ ਪੀ ਨੇ ਕਿਹਾ ਕਿ ਇਹ ਘਟਨਾ ਸੋਨਾਹਾਪੁਟ ਪੁਲੀਸ ਸਟੇਸ਼ਨ ਅਧੀਨ ਆਉਂਦੇ ਰਾਣਾਦੀਹ ਪਿੰਡ ਦੀ ਹੈ। ਹੁਣ ਤੱਕ ਅੱਠ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਬਾਕੀਆਂ ਦੀ ਭਾਲ ਜਾਰੀ ਹੈ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਪਿੰਡ ਵਾਸੀਆਂ ਨੇ ਇਨ੍ਹਾਂ ਮਹਿਲਾਵਾਂ ਨੂੰ ਸੋਟੀਆਂ ਨਾਲ ਕੁੱਟਿਆ। ਉਨ੍ਹਾਂ ਦਾ ਮੰਨਣਾ ਸੀ ਕਿ ਇਹ ਔਰਤਾਂ ਜਾਦੂ-ਟੂਣੇ ਕਰਦੀਆਂ ਹਨ, ਜਿਸ ਕਰਕੇ ਪਿੰਡ ਦੇ ਕੁਝ ਲੋਕਾਂ ਨੂੰ ਸੱਪ ਨੇ ਡੰਗ ਲਿਆ। ਕੁੱਟਮਾਰ ਕਾਰਣ ਔਰਤਾਂ ਨੇ ਦਮ ਤੋੜ ਦਿੱਤਾ ਤਾਂ ਇਨ੍ਹਾਂ ਦੀਆਂ ਲਾਸ਼ਾਂ ਪਿੰਡ ਨੇੜੇ ਪਹਾੜੀਨੁਮਾ ਖੇਤਰ ਵਿੱਚ ਸੁੱਟ ਦਿੱਤੀਆਂ ਗਈਆਂ। ਪੁਲਿਸ ਨੇ ਲਾਸ਼ਾਂ ਬਰਾਮਦ ਕਰ ਲਈਆਂ। ਪੁਲੀਸ ਨੇ ਪੀੜਤ ਔਰਤਾਂ 'ਚ ਇਕ ਦੇ ਰਿਸ਼ਤੇਦਾਰ ਵੱਲੋਂ ਕੀਤੀ ਸ਼ਿਕਾਇਤ ਉੱਤੇ ਇੱਕ ਮਹਿਲਾ ਦੇ ਪਤੀ ਤੇ ਪੁੱਤਰ ਨੂੰ ਹਿਰਾਸਤ ਵਿਚ ਲੈ ਲਿਆ। ਜਾਦੂ ਟੂਣੇ ਦੇ ਸ਼ੱਕ ਕਾਰਨ ਕਤਲ ਕਰਨਾ ਇਸ ਸੂਬੇ ਵਿੱਚ ਆਮ ਜਿਹੀ ਗੱਲ ਹੈ। ਕੌਮੀ ਅਪਰਾਧ ਰਿਕਾਰਡਜ਼ ਬਿਊਰੋ (ਐੱਨ ਸੀ ਆਰ ਬੀ) ਦੇ ਅੰਕੜਿਆਂ ਮੁਤਾਬਕ ਸਾਲ 2001 ਤੋਂ 2020 ਦੇ ਅਰਸੇ ਦੌਰਾਨ ਜਾਦੂ ਟੂਣੇ ਨਾਲ ਜੁੜੀਆਂ ਘਟਨਾਵਾਂ ਵਿੱਚ 590 ਵਿਅਕਤੀਆਂ ਦੀ ਮੌਤ ਹੋਈ ਹੈ। (**ਪੀਟੀਆਈ**) **ਪੰਜਾਬੀ ਟ੍ਰਿਬਿਊਨ** (**7-9-2022**)

ਪੇਸ਼ਕਦਮੀਆਂ

ਇਕਾਈ ਫਗਵਾੜਾ

ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਿਤ ਜ਼ੋਨ ਜਲੰਧਰ ਵੱਲੋਂ ਛਪਵਾਇਆ 500 ਪੋਸਟਰ ਇਲਾਕੇ ਦੇ 30 ਪਿੰਡਾਂ ਵਿੱਚ ਇਕਾਈ ਦੀਆਂ ਟੀਮਾਂ ਬਣਾ ਕੇ ਕੰਧਾਂ 'ਤੇ ਲਗਵਾਇਆ ਗਿਆ। ਇਸ ਤੋਂ ਇਲਾਵਾ ਇਕਾਈ ਵੱਲੋਂ 500 ਲੀਫਲੈਟ ਵੀ ਛਪਵਾ ਕੇ ਉਪਰੋਕਤ ਪਿੰਡਾਂ ਅਤੇ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਵਿਖੇ 28 ਸਤੰਬਰ ਨੂੰ ਆਮ ਲੋਕਾਂ ਦੇ ਇਕੱਠ ਵਿੱਚ ਵੰਡਿਆ, ਜਿਸ ਵਿੱਚ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਤੇ ਉਦੇਸ਼ ਦਾ ਸੌਖੀ ਭਾਸ਼ਾ ਵਿੱਚ ਵਰਨਣ ਕੀਤਾ ਗਿਆ ਹੈ।

27 ਸਤੰਬਰ ਨੂੰ ਪਿੰਡ ਚੱਕ ਦੇਸ ਰਾਜ (ਜਲੰਧਰ) ਵਿਖੇ ਇਕਾਈ ਫਗਵਾੜਾ ਅਤੇ ਡਾ ਬੀ ਆਰ ਅੰਬੇਡਕਰ ਨੌਜਵਾਨ ਸਭਾ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਿਤ ਕਾਨਫਰੰਸ ਕੀਤੀ ਗਈ ਜਿਸ ਵਿੱਚ ਕਾਮਰੇਡ ਪਰਮਜੀਤ ਸਿੰਘ ਅਤੇ ਮਾਸਟਰ ਪ੍ਰੀਤਮ ਸਿੰਘ ਲੱਲੀ ਜੀ ਨੇ ਇਨਕਲਾਬੀ ਗੀਤਾਂ ਨਾਲ ਸ਼ੁਰੂਆਤ ਕੀਤੀ। ਮਾਸਟਰ ਸੁਖਦੇਵ ਫਗਵਾੜਾ, ਸੁਰਿੰਦਰ ਪਾਲ ਪੱਦੀ ਅਤੇ ਐਡਵੋਕੇਟ ਸੰਜੀਵ ਕੁਮਾਰ ਭੌਰਾ ਜੀ ਨੇ ਸ਼ਹੀਦਾਂ ਦੇ ਸਮਾਜਿਕ ਬਰਾਬਰੀ ਵਾਲੇ ਪ੍ਰਬੰਧ ਦੀ ਸਿਰਜਣਾ ਲਈ ਚਲ ਰਹੇ ਸੰਘਰਸ਼ਾਂ ਵਿੱਚ ਮਿਹਨਤਕਸ਼ ਲੋਕਾਂ ਨੂੰ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਸਮੇਂ ਲੈਕਚਰਾਰ ਪ੍ਰਦੀਪ ਸਿੰਘ ਰਾਜਪੁਰਾ ਨੇ ਸ਼ਹੀਦ ਭਗਤ ਸਿੰਘ ਦੀ ਜੀਵਨੀ 'ਤੇ ਅਧਾਰਿਤ ਇਕ ਪਾਤਰੀ ਨਾਟਕ "ਕਿਤਾਬਾਂ, ਭਗਤ ਸਿੰਘ ਅਤੇ ਅਸੀਂ" ਖੇਡਿਆ ਜੋ ਕਿ ਬਹੁਤ ਪ੍ਰਭਾਵਸਾਲੀ ਸੀ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਸਾਥੀ ਮੰਗਤ ਜੀ ਦੇ ਬਾਖੂਬੀ ਨਿਭਾਈ।

28 ਸਤੰਬਰ ਨੂੰ ਉਚਾ ਪਿੰਡ (ਜਲੰਧਰ) ਵਿਖੇ ਸ਼ਹੀਦ ਭਗਤ ਸਿੰਘ ਦੇ ਜੀਵਨ ਅਤੇ ਸੰਘਰਸ਼ ਬਾਰੇ ਵਿਚਾਰ ਚਰਚਾ ਕਰਨ ਲਈ ਮਿਹਨਤਕਸ਼ ਲੋਕਾਂ ਦੀ ਸਭਾ ਕੀਤੀ। ਸੁਸਾਇਟੀ ਆਗੂ ਜਸਵਿੰਦਰ ਸਿੰਘ, ਸੁਰਿੰਦਰ ਪਾਲ ਪੱਦੀ ਅਤੇ ਸੁਖਦੇਵ ਫਗਵਾੜਾ ਨੇ ਸ਼ਹੀਦਾਂ ਦੇ ਜਾਤ ਰਹਿਤ, ਉਚ-ਨੀਚ ਰਹਿਤ ਅਤੇ ਸਮਾਜਿਕ ਬਰਾਬਰੀ ਵਾਲੇ ਰਾਜ ਦੀ ਸਿਰਜਣਾ ਲਈ ਕਿਰਤੀ ਲੋਕਾਂ ਦੀ ਭੂਮਿਕਾ ਬਾਰੇ ਭਗਤ ਸਿੰਘ ਦੇ 'ਅਛੂਤ ਦਾ ਸਵਾਲ' ਵਾਲੇ ਲੇਖ ਦੀ ਵਿਸਥਾਰ ਵਿੱਚ ਚਰਚਾ ਕੀਤੀ। ਲੋਕਾਂ ਦਾ ਇਕੱਠ ਕਰਨ ਲਈ ਕਾਮਰੇਡ ਮਹਿੰਦਰ ਪਾਲ ਅਤੇ ਕਾਮਰੇਡ ਅਵਤਾਰ ਜੀ ਉਚਾ ਪਿੰਡ ਦਾ ਸ਼ਲਾਘਾਯੋਗ ਉਦਮ ਰਿਹਾ।

-ਸੁਖਦੇਵ ਫਗਵਾੜਾ

ਇਕਾਈ ਜੰਡਿਆਲਾ/ਖਿਲਚੀਆਂ:

'ਅਜੋਕੇ ਯੁੱਗ ਵਿੱਚ ਵਿਗਿਆਨਕ ਸੋਚ ਦੀ ਮਹੱਤਤਾ' ਵਿਸ਼ੇ 'ਤੇ ਸੈਮੀਨਾਰ ਆਯੋਜਿਤ

ਜੋਨ ਅੰਮ੍ਰਿਤਸਰ ਦੀ ਅਗਵਾਈ ਹੇਠ ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਇਹ ਸੈਮੀਨਾਰ ਓਲਾਈਵ ਗਾਰਡਨ ਜੰਡਿਆਲਾ ਗੁਰੂ ਵਿਖੇ ਆਯੋਜਿਤ ਕੀਤਾ ਗਿਆ। ਸੈਮੀਨਾਰ ਦੀ ਪ੍ਰਧਾਨਗੀ ਸੂਬਾ ਆਗੂ ਮਾਸਟਰ ਰਜਿੰਦਰ ਭਦੌੜ, ਰਜਵੰਤ ਬਾਗੜੀਆਂ, ਸੰਦੀਪ ਧਾਰੀਵਾਲ ਭੋਜਾ, ਜਸਵਿੰਦਰ ਤਲਵੰਡੀ, ਹਰਜੀਪਰੀਤ ਕੰਗ ਨੇ ਕੀਤੀ। ਸੁਖਵਿੰਦਰ ਖਾਰਾ, ਬਲਜੀਤ ਕੌਰ ਤੇ ਰਮਨਦੀਪ ਕੌਰ ਨੇ ਵਹਿਮਾਂ-ਭਰਮਾਂ ਤੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ 'ਤੇ ਅਧਾਰਿਤ ਕਵਿਤਾਵਾਂ ਪੇਸ਼ ਕੀਤੀਆਂ। ਜੋਨ ਮੁਖੀ ਰਜਵੰਤ ਬਾਗੜੀਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਜ਼ਿੰਦਗੀ ਵਿਚ ਲਾਗੂ ਕਰਕੇ ਹੀ ਇਕ ਚੰਗੇ ਸਮਾਜ ਦੀ ਸਿਰਜਨਾ ਕੀਤੀ ਜਾ ਸਕਦੀ ਹੈ। ਸੈਮੀਨਾਰ ਦੇ ਮੁੱਖ ਬੁਲਾਰੇ ਮਾਸਟਰ ਰਜਿੰਦਰ ਭਦੌੜ ਨੇ ਕਿਹਾ ਕਿ ਅਜੋਕੇ ਯੁੱਗ ਵਿਚ ਵਿਗਿਆਨਕ ਸੋਚ ਅਪਣਾਉਣਾ ਸਮੇਂ ਦੀ ਪ੍ਰਮੁੱਖ ਲੋੜ ਹੈ, ਆਗੂ ਮੁਖਤਾਰ ਗੋਪਾਲਪੁਰਾ, ਸੰਦੀਪ ਧਾਰੀਵਾਲ ਭੋਜਾ ਨੇ ਕਿਹਾ ਕਿ ਜੇਕਰ ਲੋਕ ਹਰ ਗੱਲ ਨੂੰ ਤਰਕ ਦੀ ਕਸੌਟੀ 'ਤੇ ਪਰਖਣ ਤੋਂ ਬਾਅਦ ਹੀ ਮੰਨਣ ਤਾਂ ਲੋਕ ਪਾਖੰਡੀਆਂ ਦੀ ਲੁੱਟ ਤੋਂ ਬਚ ਸਕਦੇ ਹਨ। ਹਰਪ੍ਰੀਤ ਮੀਆਂਵਿੰਡ ਨੇ ਹੱਥ ਦੀ ਸਫਾਈ ਦੇ ਹੈਰਾਨੀਜਨਕ ਟਰਿੱਕ ਵਿਖਾਏ । ਇਸ ਮੌਕੇ ਜਸਬੀਰ ਖਿਲਚੀਆਂ, ਸਤਨਾਮ ਜੰਡਿਆਲਾ, ਜਸਪਾਲ ਬਾਸਰਕੇ, ਨਰਿੰਦਰ ਸੇਖਚੱਕ, ਮਾਸਟਰ ਤਸਵੀਰ ਸਿੰਘ, ਤਰਲੋਚਨ ਸਿੰਘ ਗੁਰਦਾਸਪੁਰ, ਮਨਜੀਤ ਬਾਸਰਕੇ, ਅਮਨ ਰਣਜੀਤ ਗੱਗੋਮਾਹਲ, ਸਤਨਾਮ ਫੇਰੋਚੀਚੀ, ਦੀਵਾਨ ਧਾਰੀਵਾਲ ਭੋਜਾ, ਲਖਵਿੰਦਰ ਗੋਪਾਲਪੁਰ, ਕਾਮਰੇਡ ਬਲਕਾਰ ਦੁਧਾਲਾ, ਜੁਗਿੰਦਰ ਗੋਪਾਲਪੁਰ, ਬਲਵਿੰਦਰ ਦੁਧਾਲਾ, ਹਰਦੀਪ ਖਿਲਚੀਆਂ, ਰਘਬੀਰ ਸਿੰਘ ਰਤਨਗੜ੍ਹ, ਪੱਤਰਕਾਰ ਸਤਨਾਮ ਜੱਜ, ਜਸਬੀਰ ਸੰਘਰਕਲਾਂ, ਅਮੋਲਕ ਸਿੰਘ, ਦਿਲਬਾਗ ਸਿੰਘ, ਸਰਪੰਚ ਰਵਿੰਦਰ ਕੁਮਾਰ ਭੋਰਸੀ, ਦਲਜੀਤ ਮਲਕਪੁਰ, ਸਾਹਿਬ ਸਿੰਘ, ਕੈਪਟਨ ਮਾਨਾਂਵਾਲਾ, ਸੁੱਚਾ ਸਿੰਘ ਗਹਿਰੀ, ਯਾਦਵਿੰਦਰ ਵਡਾਲਾ, ਸੁਰਿੰਦਰ ਸਿੰਘ ਓਲਾਈਵ ਗਾਰਡਨ ਵਾਲੇ, ਸਹਿਲਪ੍ਰੀਤ ਸਿੰਘ, ਡਾਕਟਰ ਰਣਜੀਤ ਸਿੰਘ, ਸਰਬਜੀਤ ਸਿੰਘ ਗੋਇੰਦਵਾਲ ਆਦਿ ਹਾਜਰ ਸਨ।

ਰਜਵੰਤ ਬਾਗੜੀਆ

ਇਕਾਈ ਰਾਮਪੁਰਾ ਫੂਲ: 'ਤਰਕਸ਼ੀਲ ਸੋਚ' ਵਿਸ਼ੇ 'ਤੇ ਸੈਮੀਨਾਰ: ਸ.ਸ.ਸ. ਸਕੂਲ, ਫੂਲ ਟਾਊਨ ਵਿਖੇ ਇਹ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਸੂਬਾਈ ਆਗੂ ਰਜਿੰਦਰ ਭਦੌੜ, ਜੋਨ ਆਗੂ ਬਲਰਾਜ ਮੌੜ, ਤੇ ਰਾਮਪੁਰਾਫੂਲ ਇਕਾਈ ਦੇ ਆਗੂ ਸ਼ਾਮਲ ਹੋਏ। ਮਾਸਟਰ ਰਜਿੰਦਰ ਭਦੌੜ ਨੇ ਵਿਦਿਆਰਥੀਆਂ ਨੂੰ ਤਰਕਸ਼ੀਲ ਜੀਵਨ ਜਾਚ ਅਪਨਾਉਣ ਲਈ ਉਦਾਹਰਨਾਂ ਦੇ ਕੇ ਸਮਝਾਇਆ। ਉਹਨਾ ਲੋਕਾਂ ਨੂੰ ਸੁਸਾਇਟੀ ਨਾਲ ਸੰਪਰਕ ਕਰਨ ਲਈ ਕਿਹਾ। ਇਕਾਈ ਪ੍ਰਧਾਨ ਸੁਖਮੰਦਰ ਸਿੰਘ ਰਿਟਾਇਰਡ ਹੈਡਮਾਸਟਰ ਨੇ ਸੁਸਾਇਟੀ ਦੇ ਕੰਮਾਂ ਦੀ ਜਾਣਕਾਰੀ ਦਿੱਤੀ। ਮਾਸਟਰ ਰਜਿੰਦਰ ਭਦੌੜ ਤੇ ਸੁਸਾਇਟੀ ਆਗੂਆਂ ਨੇ ਤਰਕਸ਼ੀਲ ਚੇਤਨਾ ਪਰਖ ਪ੍ਰੀਖਿਆ ਵਿੱਚ ਸ਼ਾਮਲ ਹੋਏ ਵਿਦਿਆਰਥੀਆਂ ਨੂੰ ਸਨਮਾਨ ਪੱਤਰ ਦਿੱਤੇ। ਗੁਰਸੇਵਕ ਸਿੰਘ ਤੇ ਕਰਨਵੀਰ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਜਗਦੇਵ ਸਿੰਘ ਤੇ ਜੰਟਾ ਸਿੰਘ ਜੋਨ ਆਗੂ ਨੇ ਜਾਦੂ ਦੇ ਟਰਿੱਕ ਵਿਖਾਏ। ਅਖੀਰ ਵਿੱਚ ਸਕੂਲ ਪ੍ਰਿੰਸੀਪਲ ਮੈਡਮ ਰਵਿੰਦਰ ਕੌਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਲੈਕਚਰਾਰ ਗੁਰਮੇਲ ਸਿੰਘ ਨੇ ਬਾਖੂਬੀ ਨਿਭਾਈ। ਸਮੁੱਚੇ ਸਟਾਫ ਨੇ ਸਾਰਾ ਪ੍ਰੋਗਰਾਮ ਬੜੀ ਦਿਲਚਸਪੀ ਨਾਲ ਵੇਖਿਆ। ਅਖੀਰ ਵਿੱਚ ਤਰਕਸ਼ੀਲ ਬੁੱਕ ਵੈਨ ਤੋਂ ਅਧਿਆਪਕਾਂ ਤੇ ਬੱਚਿਆਂ ਨੇ ਵੱਡੀ ਪੱਧਰ ਤੇ ਤਰਕਸ਼ੀਲ ਸਾਹਿਤ ਦੀ ਖਰੀਦ ਕੀਤੀ। **ਮਾਸਟਰ ਸੁਰਿੰਦਰ ਰਾਮਪੁਰਾ**

ਇਕਾਈ ਰੋਪੜ

19/09/22 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭੱਕੂ ਮਾਜਰਾ ਬਲਾਕ ਚਮਕੌਰ ਸਾਹਿਬ ਜਿਲ੍ਹਾ ਰੋਪੜ ਵਿਖੇ ਵਹਿਮਾਂ ਭਰਮਾਂ, ਅੰਧ ਵਿਸ਼ਵਾਸ਼ਾਂ ਤੇ ਪਾਖੰਡਾਂ ਵਿਰੁੱਧ ਜਾਗਰੂਕ ਪ੍ਰੋਗਰਾਮ ਦਿੱਤਾ ਗਿਆ। ਜਾਦੂ ਦੇ ਟ੍ਰਿਕ ਪੇਸ਼ ਕਰਦਿਆਂ ਅਜੀਤ ਪ੍ਰਦੇਸੀ ਨੇ ਕਿਹਾ ਕਿ ਜਾਦੂ ਇੱਕ ਕਲਾ ਹੈ ਤੇ ਕਿਸੇ ਵੀ ਤਾਂਤਰਿਕ, ਅਖੌਤੀ ਸਾਧ ਸੰਤ ਜਾਂ ਪਾਖੰਡੀ ਬਾਬੇ ਵਗੈਰਾ ਕੋਲ ਕੋਈ ਵੀ ਗੈਬੀ ਸ਼ਕਤੀ ਨਹੀਂ ਹੈ। ਇਕਾਈ ਮੁਖੀ ਅਸ਼ੋਕ ਕੁਮਾਰ ਨੇ ਜਥੇਬੰਦੀ ਦੀ ਸਮਝ ਬਾਰੇ ਬੋਲਿਆ। ਪਵਨ ਰੱਤੋ ਨੇ ਛਿੱਕ ਦਾ ਵਹਿਮ, ਨਜ਼ਰ ਲੱਗਣ ਤੇ ਵਰਤ ਰੱਖਣ ਦੀ ਵਿਗਿਆਨਕ ਸਮਝ ਪੇਸ਼ ਕੀਤੀ। ਸਕੂਲ ਦੇ ਮਾਸਟਰ ਹਰਵਿੰਦਰ ਸਿੰਘ ਜੀ ਨੇ ਵੀ ਸੰਬੋਧਨ ਕੀਤਾ। ਸਕੂਲ ਦੀ ਪ੍ਰਿੰਸੀਪਲ ਮੈਡਮ ਸੁਨੀਤਾ ਛਾਬੜਾ ਜੀ ਨੇ ਸੁਸਾਇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਜਾਗਰੂਕ ਕਰਦੇ ਅਜਿਹੇ ਪ੍ਰੋਗਰਾਮ ਹੁੰਦੇ ਰਹਿਣੇ ਚਾਹੀਦੇ ਹਨ। ਵਿਦਿਆਰਥੀਆਂ ਨੂੰ 100 ਤਰਕਸ਼ੀਲ ਮੈਗਜੀਨ ਮੁਫ਼ਤ ਦਿੱਤੇ ਗਏ।

28/09/22 ਨੂੰ ਸ਼ਹੀਦ-ਏ-ਆਜਮ ਭਗਤ ਸਿੰਘ ਦੇ ਜਨਮ-ਦਿਨ ਨੂੰ ਸਮਰਪਿਤ 1000 ਪੈਂਫਲਿਟ ਛਪਵਾਏ ਗਏ ਅਤੇ ਲੋਕਾਂ ਤੱਕ ਪੁੱਜਦੇ ਕੀਤੇ ਗਏ।

1. ਸਤਲੁਜ ਦੇ ਕੰਢੇ, ਵੇਰਕਾ ਬੂਥ ਲਾਗੇ, ਹੈੱਡ 'ਤੇ
2. ਜਿਲ੍ਹਾ ਕਚਹਿਰੀਆਂ, ਰੋਪੜ।
3. ਆਈ.ਟੀ.ਆਈ.(ਲੜਕੇ), ਰੋਪੜ।

ਇਸ ਮੌਕੇ ਅਸ਼ੋਕ ਕੁਮਾਰ, ਗੁਰਜੀਤ ਫਾਰਮਰ, ਬਲਵੀਰ ਖੈਰਾਬਾਦ, ਪਵਨ ਰੱਤੋਂ, ਕਰਮਜੀਤ ਮਾਣਕਪੁਰੀ, ਅਜੀਤ ਪ੍ਰਦੇਸੀ, ਅਮਰਨਾਥ ਹਾਜਰ ਸਨ।

7/10/22 ਨੂੰ ਜਿੰਦਾ ਸ਼ਹੀਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਹਿਆਤਪੁਰ ਨੇੜੇ ਸਿੰਘਪੁਰਾ (ਨੂਰਪੁਰ ਬੇਦੀ) ਵਿਖੇ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਸਨਮਾਨ ਸਮਾਰੋਹ ਕਰਵਾਇਆ ਗਿਆ ਜਿਸ ਵਿੱਚ ਕ੍ਰਾਂਤੀ ਕਲਾ ਮੰਚ ਰੋਪੜ ਵੱਲੋ ਨਾਟਕ 'ਮਾਂ' ਅਤੇ 'ਭੰਡ' ਖੇਡਿਆ ਗਿਆ। ਅਜੀਤ ਪ੍ਰਦੇਸੀ ਵੱਲੋ ਜਾਦੂ ਦੇ ਸ਼ੋਅ ਪੇਸ਼ ਕੀਤੇ ਗਏ। ਪਵਨ ਰੱਤੋ ਵੱਲੋਂ ਵਹਿਮਾਂ ਭਰਮਾਂ 'ਤੇ ਵਿਚਾਰ ਪੇਸ਼ ਕੀਤੇ ਗਏ ਅਤੇ ਅਸ਼ੋਕ ਕੁਮਾਰ ਵੱਲੋ ਸਟੇਜ ਦਾ ਸੰਚਾਲਨ ਕੀਤਾ ਗਿਆ। ਪ੍ਰਿੰਸੀਪਲ ਓਂਕਾਰ ਸਿੰਘ ਧੀਮਾਨ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਬਲਬੀਰ ਖੈਰਾਬਾਦ, ਹਰਵਿੰਦਰ ਸੁਖਰਾਮਪੁਰੀ, ਦਵਿੰਦਰ ਸਰਥਲੀ ਹਾਜਰ ਸਨ।

ਇਕਾਈ ਸੰਗਰੂਰ: ਚੇਤਨਾ ਪ੍ਰੀਖਿਆ ਦੇ ਜੇਤੂਆਂ ਦਾ ਸਨਮਾਨ ਸਮਾਰੋਹ ਸੰਪੰਨ:

ਇਸ ਇਕਾਈ ਵੱਲੋਂ 29 ਸਕੂਲਾਂ ਦੇ 1683 ਵਿਦਿਆਰਥੀਆਂ ਦੀ 8 ਪ੍ਰੀਖਿਆ ਕੇਂਦਰਾਂ ਵਿੱਚ ਹੋਈ ਪ੍ਰੀਖਿਆ ਵਿੱਚ ਪਹਿਲੇ ਸਥਾਨਾਂ 'ਤੇ ਰਹੇ 110 ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ, ਅਧਿਆਪਕਾਂ ਤੇ ਤਰਕਸ਼ੀਲ ਕਾਮਿਆਂ ਨੇ ਸ਼ਮੂਲੀਅਤ ਕੀਤੀ। ਸਮਾਰੋਹ ਦੇ ਸ਼ੁਰੂ ਵਿੱਚ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਸਮਾਗਮ ਵਿੱਚ ਸ਼ਾਮਲ ਸਾਰਿਆਂ ਦਾ ਸਵਾਗਤ ਕੀਤਾ ਤੇ ਚੇਤਨਾ ਪ੍ਰੀਖਿਆ ਵਿੱਚ ਮਿਲੇ ਸਹਿਯੋਗ ਦਾ ਜ਼ਿਕਰ ਕੀਤਾ। ਇਸ ਤੋਂ ਬਾਅਦ ਪ੍ਰੀਖਿਆ ਵਿੱਚ ਸ਼ਮੂਲੀਅਤ ਕਰਨ ਵਾਲੇ ਵਿਦਿਆਰਥੀਆਂ ਹਰਮਨ ਮਹਿਲਾਂ, ਅਰਮਾਨਪ੍ਰੀਤ ਕੌਰ ਮਹਿਲਾਂ, ਨਾਜ਼ੀਆ ਬਾਲੀਆਂ ਨੇ ਬੋਲਦਿਆਂ ਆਪਣੇ ਜਜਬਾਤ ਸਾਂਝੇ ਕੀਤੇ ਤੇ ਚੇਤਨਾ ਪ੍ਰੀਖਿਆ ਨੂੰ ਆਪਣੇ ਜੀਵਨ ਦੀ ਮਾਰਗ ਦਰਸ਼ਕ ਦੱਸਿਆ। ਵਿਦਿਆਰਥੀਆਂ ਦੇ ਬੋਲਾਂ ਵਿੱਚੋਂ ਝਲਕਦਾ ਆਤਮ-ਵਿਸ਼ਵਾਸ ਪ੍ਰੀਖਿਆ ਦੇ ਪੂਰੇ ਹੋ ਰਹੇ ਉਦੇਸ਼ ਦੀ ਗਵਾਹੀ ਦੇ ਰਿਹਾ ਸੀ। ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ ਰਜਿੰਦਰ ਭਦੌੜ, ਸੂਬਾ ਮੁਖੀ ਵਿਦਿਆਰਥੀ ਚੇਤਨਾ ਵਿਭਾਗ ਨੇ ਆਪਣੇ ਸੰਬੋਧਨ ਵਿੱਚ ਵਿਗਿਆਨਕ ਚੇਤਨਾ ਨੂੰ ਭਰਮ ਮੁਕਤ ਤੇ ਚੰਗੇਰੇ ਸਮਾਜ ਦਾ ਰਾਹ ਆਖਿਆ। ਹਾਜ਼ਰੀਨ ਨੂੰ

ਸੁਨਿਹਰੇ ਭਵਿੱਖ ਵਾਲੇ ਬਰਾਬਰੀ ਦੇ ਸਮਾਜ ਦੀ ਸਿਰਜਣਾ ਲਈ ਤਰਕਸ਼ੀਲ ਸੋਚ ਅਪਨਾਉਣ ਦਾ ਸੱਦਾ ਦਿੱਤਾ। ਸਮਾਰੋਹ ਦੇ ਦੂਸਰੇ ਸੈਸ਼ਨ ਵਿੱਚ ਸੈਕੰਡਰੀ ਤੇ ਮਿਡਲ ਵਿਭਾਗਾਂ ਵਿੱਚੋਂ ਪਹਿਲੇ ਤਿੰਨ ਸਥਾਨਾਂ 'ਤੇ ਆਉਣ ਵਾਲੇ ਹੋਣਹਾਰ ਵਿੱਦਿਆਰਥੀਆਂ ਨੂੰ ਸਨਮਾਨ ਸਰਟੀਫਿਕੇਟ, ਨਕਦ ਰਾਸ਼ੀ ਤੇ ਪੁਸਤਕਾਂ ਦੇ ਸੈੱਟ ਦੇ ਕੇ ਤੇ ਬਾਕੀ ਵਿਦਿਆਰਥੀਆਂ ਨੂੰ ਪੜ੍ਹਨ ਸਮੱਗਰੀ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਚੇਤਨਾ ਪ੍ਰੀਖਿਆ ਵਿੱਚ ਸਹਿਯੋਗ ਕਰਨ ਵਾਲੇ ਸਕੂਲ ਮੁਖੀਆਂ ਪ੍ਰਿੰਸੀਪਲ ਹਰਦੇਵ ਕੁਮਾਰ ਬਾਲੀਆਂ, ਪ੍ਰਿੰਸੀਪਲ ਪਰਵੀਨ ਕੁਮਾਰ ਮਨਚੰਦਾ ਥਲੇਸ, ਪ੍ਰਿੰਸੀਪਲ ਦਿਆਲ ਸਿੰਘ ਬਡਰੁੱਖਾਂ, ਸੁਪਰਡੈਂਟ ਦੀ ਜਿੰਮੇਵਾਰੀ ਨਿਭਾਉਣ ਵਾਲੇ ਲੈਕਚਰਾਰ ਹਰਦੇਵ ਸਿੰਘ ਬਡਰੁੱਖਾਂ, ਸੰਜੀਵ ਕੁਮਾਰ ਸੰਗਰੂਰ, ਸੁਖਵੀਰ ਸਿੰਘ, ਇਕਬਾਲ ਕੌਰ ਸੰਗਰੂਰ, ਮਹਿੰਦਰ ਕੁਮਾਰ ਬਾਲੀਆਂ, ਪ੍ਰੀਖਿਆ ਦੀ ਵਧੀਆ ਜ਼ਿੰਮੇਵਾਰੀ ਨਿਭਾਉਣ ਵਾਲੇ ਆਧਿਆਪਕਾਂ ਬਲਜਿੰਦਰ ਸਿੰਘ ਭਲਵਾਨ, ਕੁਲਦੀਪ ਸਿੰਘ ਸੰਗਰੂਰ, ਰਮਨਦੀਪ ਕੌਰ ਅਧਿਆਪਿਕਾ ਦੁਗਾਲ, ਜਗਦੇਵ ਵਰਮਾ ਖੇੜੀ, ਰਾਮਪਾਲ ਸ਼ਰਮਾ, ਸਾਧਾ ਸਿੰਘ ਬੀ ਐਸ ਐਨ ਐਲ, ਸ਼ਿਵ ਨਾਰਾਇਣ ਲਹਿਰਾ ਨੂੰ ਤਰਕਸ਼ੀਲ ਸੁਸਾਇਟੀ ਵੱਲੋਂ ਸਨਮਾਨਿਤ ਕੀਤਾ ਗਿਆ। ਜਗਦੇਵ ਕੰਮੋਮਾਜਰਾ ਨੇ ਜਾਦੂ ਸ਼ੋਅ ਦੁਆਰਾ ਰੁਮਾਲ ਤੋਂ ਛੜੀ ਬਣਾ ਕੇ, ਅਖਬਾਰ ਦੇ ਟਕੜੇ ਟੁਕੜੇ ਕਰਕੇ ਮੁੜ ਪੂਰਾ ਅਖ਼ਬਾਰ ਬਣਾ ਕੇ, ਬੱਚੇ ਦੇ ਕੰਨ ਤੋਂ ਫੁੱਲਦਾਰ ਲੜੀ ਕੱਢ ਕੇ ਆਦਿ ਟ੍ਰਿੱਕਾਂ ਰਾਹੀਂ ਦਰਸ਼ਕਾਂ ਨੂੰ ਕੀਲ ਕੇ ਰੱਖਿਆ। ਉਨ੍ਹਾਂ ਜਾਦੂ ਦੇ ਟ੍ਰਿਕਾਂ ਰਾਹੀਂ ਲੋਕਾਂ ਨੂੰ ਆਪਣਾ ਨਜਰੀਆ ਵਿਗਿਆਨਕ ਬਣਾਉਣ ਦਾ ਭਾਵਪੂਰਤ ਸੁਨੇਹਾ ਦਿੱਤਾ ਕਿ ਜਾਦੂ ਇਕ ਕਲਾ ਹੈ, ਹੱਥ ਦੀ ਸਫਾਈ ਹੈ, ਕੋਈ ਚਮਤਕਾਰ ਨਹੀਂ। ਲਵਲੀ ਬਡਰੁੱਖਾਂ ਨੇ ਮੋਨੋ ਐਕਟਿੰਗ ਪੇਸ਼ ਕਰਕੇ ਸਰੋਤਿਆਂ ਦਾ ਸਾਰਥਿਕ ਮਨੋਰੰਜਨ ਕੀਤਾ। ਚਰਨਕਮਲ ਸਿੰਘ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਇਸੇ ਤਰ੍ਹਾਂ ਸਹਿਯੋਗ ਕਰਦੇ ਰਹਿਣ ਦੀ ਅਪੀਲ ਕੀਤੀ। ਸਮਾਗਮ ਨੂੰ ਵਧੀਆ ਸੁਨੇਹਿਆਂ ਨਾਲ ਸੰਪੰਨ ਕਰਨ ਵਿੱਚ ਤਰਕਸ਼ੀਲ ਆਗੂਆਂ ਸੁਰਿੰਦਰਪਾਲ ਉਪਲੀ, ਗੁਰਦੀਪ ਸਿੰਘ ਲਹਿਰਾ, ਪ੍ਰਗਟ ਬਾਲੀਆ, ਚਰਨ ਕਮਲ ਸਿੰਘ, ਸੁਖਦੇਵ ਸਿੰਘ ਕਿਸ਼ਨਗੜ੍ਹ, ਪਰਵਿੰਦਰ ਮਹਿਲਾਂ, ਸੀਤਾਰਾਮ, ਤਰਸੇਮ ਅਲੀਸ਼ੇਰ, ਰਘਬੀਰ ਸਿੰਘ ਛਾਜਲੀ, ਲੈਕਚਰਾਰ ਲਖਵੀਰ ਸਿੰਘ, ਮਾਸਟਰ ਰਣਬੀਰ ਸਿੰਘ ਪ੍ਰਿੰਸ, ਜਸਦੇਵ ਸਿੰਘ, ਲੈਕਚਰਾਰ ਤ੍ਰਿਲੋਕੀ, ਰਣਜੀਤ ਸਿੰਘ ਨੇ ਅਹਿਮ ਭੂਮਿਕਾ ਨਿਭਾਈ। **ਮਾਸਟਰ ਪਰਮਵੇਦ**

ਇਕਾਈ ਅੰਮ੍ਰਿਤਸਰ: ਵਿਸ਼ੇਸ਼ ਮੀਟਿੰਗ:

ਇਕਾਈ ਆਗੂ ਮਨਜੀਤ ਬਾਸਰਕਾ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਨੇ ਬੰਬਈ ਹਾਈ ਕੋਰਟ ਵੱਲੋਂ ਦਿੱਲੀ ਯੂਨੀਵਰਸਿਟੀ ਦੇ ਸਰੀਰ ਤੋਂ ਨੱਬੇ ਫੀਸਦੀ ਅਪਾਹਜ ਪ੍ਰੋ. ਜੀ.ਐਨ. ਸਾਈ ਬਾਬਾ ਨੂੰ ਰਿਹਾਅ ਕਰਨ ਦੇ ਫੈਸਲੇ ਉੱਤੇ ਸੁਪਰੀਮ ਕੋਰਟ ਵਲੋਂ ਰੋਕ ਲਾਉਣ ਦੇ ਗ਼ੈਰ ਹਕੀਕੀ ਅਤੇ ਗ਼ੈਰ ਜਮਹੂਰੀ ਫੈਸਲੇ ਦੀ ਸਖ਼ਤ ਨਿਖੇਧੀ ਕੀਤੀ ਹੈ ਅਤੇ ਇਸਨੂੰ ਕਥਿਤ ਹਕੂਮਤੀ ਦਬਾਅ ਹੇਠ ਕੀਤੀ ਪੱਖਪਾਤੀ ਕਾਰਵਾਈ ਕਰਾਰ ਦਿੰਦੇ ਹੋਏ ਪ੍ਰੋ. ਸਾਈ ਬਾਬਾ ਅਤੇ ਬਾਕੀ ਹੋਰਨਾਂ ਪੰਜ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ। ਆਗੂਆਂ ਸੁਮੀਤ ਸਿੰਘ ਅਤੇ ਅਸ਼ਵਨੀ ਕੁਮਾਰ ਨੇ ਕਿਹਾ ਕਿ ਜਾਂਚ ਏਜੰਸੀਆਂ ਵੱਲੋਂ ਅੱਜ ਤਕ ਪ੍ਰੋ. ਸਾਈ ਬਾਬਾ ਦੀ ਕਿਸੇ ਵੀ ਮਾਓਵਾਦੀ ਹਿੰਸਾ ਵਿਚ ਠੋਸ ਤੱਥਾਂ ਦੇ ਆਧਾਰ 'ਤੇ ਸਿੱਧੀ ਜਾਂ ਅਸਿੱਧੀ ਸ਼ਮੂਲੀਅਤ ਸਾਬਤ ਨਹੀਂ ਕੀਤੀ ਗਈ ਪਰ ਇਸਦੇ ਬਾਵਜੂਦ ਉਸਨੂੰ ਅਤੇ ਪੰਜ ਹੋਰਨਾਂ ਸਮਾਜਿਕ ਕਾਰਕੁਨਾਂ ਨੂੰ ਪੁਲੀਸ ਅਤੇ ਜਾਂਚ ਏਜੰਸੀਆਂ ਵਲੋਂ ਯੂ ਏ ਪੀ ਏ ਤਹਿਤ ਦਰਜ ਕੀਤੇ ਝੂਠੇ ਕੇਸ ਵਿਚ ਝੂਠੇ ਸਬੂਤ ਘੜ ਕੇ ਇਕ ਸਾਜਿਸ਼ ਹੇਠ ਉਮਰ ਕੈਦ ਦੀ ਨਜਾਇਜ਼ ਸਜ਼ਾ ਦਿੱਤੀ ਗਈ ਹੈ ਅਤੇ ਇਸ ਨਜਾਇਜ਼ ਸਜ਼ਾ ਦੇ ਖਿਲਾਫ ਕੀਤੀ ਅਪੀਲ ਦੀ ਸੁਣਵਾਈ ਵਿਚ ਜਾਣ ਬੁਝ ਕੇ ਦੇਰੀ ਕਰਕੇ ਉਸਨੂੰ ਪਿਛਲੇ ਅੱਠ ਸਾਲਾਂ ਤੋਂ ਨਾਗਪੁਰ ਦੀ ਕੇਂਦਰੀ ਜੇਲ੍ਹ ਦੇ ਅੰਡਾ ਸੈਲ ਵਿਚ ਨਜਾਇਜ਼ ਨਜ਼ਰਬੰਦ ਕੀਤਾ ਗਿਆ ਹੈ। ਉਨ੍ਹਾਂ ਪ੍ਰੋ. ਸਾਈ ਬਾਬਾ ਅਤੇ ਹੋਰਨਾਂ ਦੀ ਰਿਹਾਈ ਉੱਤੇ ਰੋਕ ਲਾਉਣ ਵਾਲੇ ਸੁਪਰੀਮ ਕੋਰਟ ਦੇ ਜੱਜਾਂ ਦੀ ਟਿੱਪਣੀ ਕਿ "ਦਹਿਸ਼ਤਗਰਦੀ ਅਤੇ ਨਕਸਲੀ ਹਿੰਸਾ ਲਈ ਸਰੀਰ ਨਾਲੋਂ ਦਿਮਾਗ ਜਿਆਦਾ ਖ਼ਤਰਨਾਕ ਹੈ" ਉੱਤੇ ਅਫ਼ਸੋਸ ਪ੍ਰਗਟ ਕਰਦਿਆਂ ਇਸਨੂੰ ਸੁਪਰੀਮ ਕੋਰਟ ਦੇ ਹੀ ਉਸ ਫੈਸਲੇ ਦੀ ਉਲੰਘਣਾ ਦੱਸਿਆ ਜਿਸ ਵਿਚ ਕਿਹਾ ਗਿਆ ਸੀ ਕਿ ਕੋਈ ਵਿਅਕਤੀ ਭਾਵੇਂ ਕਿਸੇ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਵੀ ਹੋਵੇ, ਉਸਨੂੰ ਤਦ ਤਕ ਦੋਸ਼ੀ ਕਰਾਰ ਨਹੀਂ ਦਿੱਤਾ ਜਾ ਸਕਦਾ ਜਦ ਤਕ ਉਸਦੀ ਖ਼ੁਦ ਕਿਸੇ ਹਿੰਸਕ ਕਾਰਵਾਈ ਵਿਚ ਸ਼ਮੂਲੀਅਤ ਸਾਬਤ ਨਹੀਂ ਹੁੰਦੀ। ਇਸ ਮੌਕੇ ਤਰਕਸ਼ੀਲ ਆਗੂ ਰਾਜ ਕੁਮਾਰ ਵੇਰਕਾ, ਕਾ. ਬਲਵਿੰਦਰ ਦੁਧਾਲਾ, ਰਮੇਸ਼ ਜੈਨ, ਪ੍ਰਿੰਸੀਪਲ ਮੇਲਾ ਰਾਮ, ਬੀ ਐੱਮ ਸਿੰਘ ਅਤੇ ਸ਼ਕਤੀ ਕੁਮਾਰ ਹਾਜ਼ਿਰ ਸਨ।

ਇਕਾਈ ਅੰਮ੍ਰਿਤਸਰ -

ਦੇਸ਼ ਭਗਤ ਯਾਦਗਾਰ ਕਮੇਟੀ , ਜਲੰਧਰ ਦੀ ਅਗਵਾਈ ਹੇਠ ਅੰਮ੍ਰਿਤਸਰ ਇਕਾਈ, ਜਮਹੂਰੀ ਅਧਿਕਾਰ ਸਭਾ ਸਮੇਤ ਦੂਜੀਆਂ ਲੋਕਪੱਖੀ ਜਨਤਕ ਜਥੇਬੰਦੀਆਂ ਦੇ ਇਕ ਸਾਂਝੇ ਵਫਦ ਵੱਲੋਂ 16 ਜੂਨ ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ ਨੂੰ ਮੰਗ ਪੱਤਰ ਸੌਂਪ ਕੇ ਜ਼ੋਰਦਾਰ ਮੰਗ ਕੀਤੀ ਗਈ ਕਿ ਜਲਿਆਂਵਾਲਾ ਬਾਗ਼ ਵਿਚ ਦਾਖਲਾ ਟਿਕਟ ਲਗਾਉਣ ਦੀ ਸੰਭਾਵਤ ਯੋਜਨਾ ਨੂੰ ਰੱਦ ਕਰਨ ਦਾ ਜਨਤਕ ਐਲਾਨ ਕੀਤਾ

ਜਾਵੇ ਅਤੇ ਟਿਕਟ ਸੰਬੰਧੀ ਇਮਾਰਤੀ ਢਾਂਚੇ ਨੂੰ ਉਥੋਂ ਤੁਰੰਤ ਹਟਾਇਆ ਜਾਵੇ। ਇਸ ਵਫਦ ਵਿਚ ਕਮੇਟੀ ਆਗੂ ਡਾ. ਪਰਮਿੰਦਰ ਸਿੰਘ, ਕਿਸਾਨ ਆਗੂ ਕਾ. ਰਤਨ ਸਿੰਘ ਰੰਧਾਵਾ, ਤਰਕਸ਼ੀਲ ਆਗੂ ਸੁਮੀਤ ਸਿੰਘ, ਯਸ਼ਪਾਲ ਝਬਾਲ਼, ਕਿਸਾਨ ਆਗੂ ਗੁਰਬਚਨ ਸਿੰਘ, ਕਾ. ਬਲਵਿੰਦਰ ਦੁਧਾਲਾ ਅਤੇ ਬਲਦੇਵ ਰਾਜ ਵੇਰਕਾ ਸ਼ਾਮਿਲ ਹੋਏ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ ਸਿੰਘ ਨੇ ਦੱਸਿਆ ਕਿ ਜਲਿਆਂਵਾਲਾ ਬਾਗ਼, ਜ਼ਾਲਮ ਅੰਗਰੇਜ਼ ਹਕੂਮਤ ਹੱਥੋਂ ਸ਼ਹੀਦ ਹੋਏ ਸਾਡੇ ਸੈਂਕੜੇ ਅਮਰ ਸ਼ਹੀਦਾਂ ਦੀ ਇਤਿਹਾਸਕ ਯਾਦਗਾਰ ਅਤੇ ਸਾਡੀ ਵਿਰਾਸਤ ਹੈ । **- ਸੁਮੀਤ ਸਿੰਘ**

ਇਕਾਈ ਜਲੰਧਰ -

11 ਸਤੰਬਰ – ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ ਵੱਲੋਂ ਦੇਸ਼ ਭਗਤ ਯਾਦਗਾਰ, ਜਲੰਧਰ ਵਿਖੇ ਕਰਵਾਏ ਗਏ ਪਾਸ਼ ਯਾਦਗਾਰੀ ਸਮਾਗਮ ਵਿਚ ਇਕਾਈ ਆਗੂਆਂ ਨਸੀਬ ਚੰਦ ਬੱਬੀ, ਸਰਪੰਚ ਰਮੇਸ਼ ਚੋਹਕਾਂ, ਪਰਮਜੀਤ ਕਿਰਤੀ, ਮੇਜਰ ਪਰਮਜੀਤ ਸਿੰਘ, ਅਰੁਣ ਸਾਪਲਾ ਆਦਿ ਨੇ ਸ਼ਮੂਲੀਅਤ ਕੀਤੀ।

28 ਸਤੰਬਰ – ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 'ਤੇ ਸ. ਸ. ਸ. ਸਕੂਲ, ਸਮਰਾਏ ਜੰਡਿਆਲਾ (ਜਲੰਧਰ) ਵਿਖੇ ਸਮਾਗਮ ਵਿਚ ਇਕਾਈ ਪ੍ਰਧਾਨ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ ਅਤੇ ਪੋਸਟਰ ਜਾਰੀ ਕੀਤਾ। ਮੇਜਰ ਪਰਮਜੀਤ ਸਿੰਘ, ਅਰੁਣ ਸਾਪਲਾ ਵੀ ਸ਼ਾਮਲ ਹੋਏ।

9 ਅਕਤੂਬਰ – ਅੱਡਾ ਸਰਾਂ ਭੋਗਪੁਰ (ਜਲੰਧਰ) ਵਿਖੇ ਸ਼ਹੀਦ ਭਗਤ ਸਿੰਘ ਦੀ ਯਾਦ ਵਿਚ ਨਾਟਕ ਮੇਲੇ ਵਿਚ ਨਸੀਬ ਚੰਦ ਬੱਬੀ, ਸੂਬੇਦਾਰ ਮੇਜਰ ਪਰਮਜੀਤ ਸਿੰਘ, ਵਿਜੈ ਰਾਹੀ, ਪਰਮਜੀਤ ਕਿਰਤੀ, ਪਰਮਜੀਤ ਨਰੰਗਪੁਰ ਆਦਿ ਸ਼ਾਮਲ ਹੋਏ।

- ਨਸੀਬ ਚੰਦ ਬੱਬੀ

ਇਕਾਈ ਅੱਡਾ ਸਰਾਂ – ਤਰਕਸ਼ੀਲ ਨਾਟਕ ਮੇਲਾ

ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਤਰਕਸ਼ੀਲ ਨਾਟਕ ਮੇਲਾ ਅੱਡਾ ਸਰਾਂ ਵਿਖੇ ਕਰਵਾਇਆ ਗਿਆ ਜਿਸ ਦਾ ਉਦਘਾਟਨ ਡੀ.ਪੀ. ਆਈ. (ਹਾਇਰ ਐਜੂਕੇਸ਼ਨ) ਗੁਰਪਾਲ ਜੌੜਾ ਨੇ ਸਮਾਂ ਰੌਸ਼ਨ ਕਰ ਕੇ ਕੀਤਾ। ਸੁਖਦੇਵ ਫਗਵਾੜਾ ਵੱਲੋਂ ਸੰਬੋਧਨ ਕੀਤਾ ਗਿਆ। ਬਲਵਿੰਦਰ ਕੋਠੇ ਜੱਟਾਂ ਨੇ ਅੱਖਾਂ 'ਤੇ ਪੱਟੀ ਬੰਨ੍ਹ ਕੇ ਮੋਟਰ ਸਾਈਕਲ ਚਲਾਇਆ। ਜਗਸੀਰ ਜੀਦਾ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਲੋਕ ਕਲਾ ਮੰਚ, ਮੰਡੀ ਮੁੱਲਾਪੁਰ ਵੱਲੋਂ ਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਨਾਟਕ 'ਪਰਿੰਦੇ ਭਟਕ ਗਏ' ਅਤੇ ਕੋਰੀਓਗ੍ਰਾਫੀ 'ਦੇਸ਼ ਨੂੰ ਚੱਲੋ' ਪੇਸ਼ ਕੀਤੀ ਗਈ। ਜਸਵਿੰਦਰ ਫਗਵਾੜਾ ਅਤੇ ਜੋਨ ਆਗੂ ਸੁਰਜੀਤ ਟਿੱਬਾ ਨੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ 'ਤੇ ਗੱਲ ਕੀਤੀ। ਤਰਕਸ਼ੀਲ ਕਾਫ਼ਲੇ ਵਿੱਚੋਂ ਵਿਛੜੇ ਸਾਥੀਆਂ ਦੇ ਪਰਿਵਾਰਾਂ ਅਤੇ ਅਗਾਂਹ ਵਧੂ ਜਥੇਬੰਦੀਆਂ ਨੂੰ ਸਨਮਾਨਤ ਕੀਤਾ। ਪ੍ਰਾਇਮ ਏਸ਼ੀਆ ਟੀ.ਵੀ. ਕੈਨੇਡਾ ਤੋਂ ਪਰਮਜੀਤ ਬਾਠ ਵਿਸ਼ੇਸ਼ ਤੌਰ 'ਤੇ ਪਹੁੰਚੇ। ਅੱਛਰ ਸਿੰਘ ਖਰਲਵੀਰ ਯੂ.ਕੇ. ਦਾ ਵਿਸ਼ੇਸ਼ ਯੋਗਦਾਨ ਰਿਹਾ। ਇਕਾਈ ਬੁੱਲੋਵਾਲ ਅਤੇ ਇਕਾਈ ਭੂੰਗਾ ਤੋਂ ਮਾ. ਮਦਨ ਲਾਲ ਅਤੇ ਕਾ. ਭੁਪਿੰਦਰ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ। ਕਿਸਾਨ ਜਥੇਬੰਦੀਆਂ ਵੱਲੋਂ ਜੰਗਵੀਰ ਸਿੰਘ ਚੌਹਾਨ, ਪਰਮਜੀਤ ਭੁੱਲਾਂ ਰੱੜਾ, ਗੁਰਪ੍ਰੀਤ ਝਾਸ ਤੇ ਜੀਤਾ ਚੌਹਾਨ ਪਹੁੰਚੇ। ਮੁਲਾਜ਼ਮ ਜਥੇਬੰਦੀਆਂ ਵੱਲੋਂ ਰਮੇਸ਼ ਹੁਸ਼ਿਆਰਪੁਰੀ, ਰਜਿੰਦਰ ਸਿੰਘ, ਇੰਦਰ ਸਿੰਘ ਦਸੂਹਾ, ਮਨਜੀਤ ਸਿੰਘ ਦਸੂਹਾ ਪਹੁੰਚੇ। ਪਤੱਰਕਾਰ ਵਰਿੰਦਰ, ਭਗਵਾਨ ਸਿੰਘ ਸੈਣੀ, ਜਸਵੀਰ ਕਾਜਲ, ਸੁਖਵਿੰਦਰ ਅਰੋੜਾ, ਹੈਪੀ ਗੁਰਾਇਆ, ਮੋਹਨ ਸਿੰਘ ਭੋਗਪੁਰ, ਭੰਗੂ ਪਰਿਵਾਰ, ਪ੍ਰੈਸ ਕਲੱਬ ਭੋਗਪੁਰ, ਰਜਿੰਦਰ ਮਾਰਸ਼ਲ, ਸਰਪੰਚ ਨਰਿੰਦਰ ਸਿੰਘ, ਸ਼ਿੰਗਾਰਾ ਸਿੰਘ ਵੀ ਹਾਜ਼ਰ ਸਨ। ਇਨਕਲਾਬ ਮੰਚ, ਟਾਂਡਾ ਦਾ ਵਿਸ਼ੇਸ਼ ਯੋਗਦਾਨ ਰਿਹਾ। ਸਟੇਜ ਸੰਚਾਲਨ ਦਿਲਰਾਜ ਕੁਮਾਰ ਸੀਕਰੀ ਅਤੇ ਹਰਦੀਪ ਖੁੱਡਾ ਨੇ ਕੀਤਾ। ਮੈਂਬਰਾਂ ਜਸਵੀਰ ਕਲੋਆ, ਰਾਮ ਲੁਭਾਇਆ, ਵਿਜੈ ਪਚਰੰਗਾ, ਮਨੋਜ ਕੁਮਾਰ, ਗੁਰਮੁਖ ਸਿੰਘ, ਹਰਭਜਨ ਸਿੰਘ, ਸੁਲੱਖਨ ਸਿੰਘ, ਪਰਵੀਨ ਕੁਮਾਰ, ਸੁਰਿੰਦਰ ਸਿੰਘ, ਸੰਤੋਖ ਸਿੰਘ, ਰਮਨ ਕੁਮਾਰ ਐਸ.ਡੀ.ਓ., ਸਰਵਨ ਨੂਰਪੁਰ ਨੇ ਪ੍ਰਬੰਧਕੀ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾਈਆਂ। **- ਰਾਮ ਲੁਭਾਇਆ**

ਜੋਨ ਮਾਨਸਾ -ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੇ ਮੋਹਰੀ ਬੱਚਿਆਂ ਦਾ ਸਨਮਾਨ-ਪੈਨਸ਼ਨਰ ਭਵਨ ਵਿਖੇ ਇਹ ਸਮਾਗਮ ਰੰਗਕਰਮੀ ਮਨਜੀਤ ਕੌਰ ਔਲਖ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਸੂਬਾ ਆਗੂ ਰਜਿੰਦਰ ਭਦੌੜ, ਜੋਨ ਆਗੂ ਅੰਮ੍ਰਿਤ ਰਿਸ਼ੀ, ਲੱਖਾ ਸਿੰਘ, ਜਸਵੀਰ ਸੋਨੀ ਸ਼ਾਮਲ ਹੋਏ। ਮਨਜੀਤ ਕੌਰ ਔਲਖ ਅਤੇ ਰਜਿੰਦਰ ਭਦੌੜ ਜੀ ਤੋਂ ਇਲਾਵਾ ਅੰਮ੍ਰਿਤ ਰਿਸ਼ੀ, ਭੁਪਿੰਦਰ ਫੌਜੀ, ਪਿਆਰਾ ਸਿੰਘ ਗੁਰਨੇ, ਗੁਰਪ੍ਰੀਤ ਅੱਕਾਂਵਾਲੀ, ਸੰਤੋਖ ਕੁਮਾਰ ਅਤਲਾ ਕਲਾਂ ਨੇ ਵੀ ਸੰਬੋਧਨ ਕੀਤਾ। ਜ਼ਿਲ੍ਹੇ 'ਚੋਂ ਅੱਵਲ ਆਉਣ ਵਾਲੇ ਮਿਡਲ ਵਰਗ ਦੇ ਬੱਚਿਆਂ ਜਸਵਿੰਦਰ ਕੌਰ, ਗੁਰਦਾਸ ਸਿੰਘ, ਹਰਦੀਪ ਕੌਰ, ਅਮਨਦੀਪ ਕੌਰ, ਅੰਸ਼ੀਕਾ, ਕਮਲਜੋਤ ਕੌਰ, ਨੂਰਪ੍ਰੀਤ ਕੌਰ, ਸਿਮਰਨਜੀਤ ਕੌਰ, ਖੁਸ਼ੀ, ਗੁਰਜੋਤ ਕੌਰ, ਸੈਕੰਡਰੀ ਵਰਗ ਦੇ ਪ੍ਰੀਤ ਕੌਰ, ਲਵਦੀਪ ਕੌਰ, ਅਮਨਦੀਪ ਕੌਰ, ਜਸਪ੍ਰੀਤ ਕੌਰ, ਚਾਂਦ ਰਾਣੀ, ਅਮਨਦੀਪ ਕੌਰ, ਮੀਨਾਕਸ਼ੀ ਸ਼ਰਮਾ, ਸੁਖਪ੍ਰੀਤ ਕੌਰ, ਜਸਪ੍ਰੀਤ ਕੌਰ, ਸੰਦੀਪ ਕੌਰ, ਜਤਿੰਦਰ ਕੌਰ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਮਾ. ਮਹਿੰਦਰ ਪਾਲ, ਕ੍ਰਿਸ਼ਨ ਮਾਨ ਬੀਬੜੀਆਂ, ਗੁਰਦੀਪ ਸਿੰਘ, ਨਰਿੰਦਰ ਕੌਰ ਬੁਰਜ ਹਮੀਰਾ, ਪਰਮਜੀਤ ਕੌਰ ਭੀਖੀ, ਅਮਨ ਕੂਲਰੀਆ, ਬੂਟਾ ਸਿੰਘ ਬੀਰ, ਰਾਜਪਾਲ ਸਿੰਘ, ਮਨਵਿੰਦਰ ਕੌਰ, ਗੁਰਤੇਜ ਸਿੰਘ ਬੁਰਜ ਹਰੀ, ਹਰਬੰਸ ਸਿੰਘ ਅਤਲਾ ਕਲਾਂ ਆਦਿ ਹਾਜ਼ਰ ਸਨ।

- ਭੁਪਿੰਦਰ ਫੌਜੀ

ਸਰਵ ਸ਼ਕਤੀਮਾਨ



– ਜਸਵੰਤ ਮੋਹਾਲੀ

ਮੈਂ ਕਦੋਂ ਕਿਹਾ ਹੈ ਕਿ ਮੇਰੇ ਹੁਕਮ ਬਿਨ੍ਹਾਂ ਪੱਤਾ ਵੀ ਨਹੀਂ ਹਿੱਲਦਾ। ਹਾਂ ਪਰ ਮੇਰੇ ਬਿਨਾ ਤੁਹਾਡੀ ਹੋਂਦ ਅਸੰਭਵ ਵਰਗੀ ਹੈ। ਮੈਂ ਹਰ ਵੇਲੇ ਤੁਹਾਡੇ ਆਸ ਪਾਸ ਹੁੰਦਾ ਹੋਇਆ ਵੀ ਤੁਹਾਨੂੰ ਦਿਖਾਈ ਨਹੀਂ ਦਿੰਦਾ। ਤੁਸੀਂ ਮੇਰੇ ਕੋਲੋਂ ਉਸੇ ਤਰ੍ਹਾਂ ਲੰਘ ਜਾਂਦੇ ਹੋ ਜਿਸ ਤਰ੍ਹਾਂ ਕਿਸੇ ਕੁੱਤੇ, ਬਿੱਲੇ, ਇੱਟ, ਪੱਥਰ ਜਾਂ ਖੰਭੇ ਕੋਲੋਂ। ਨਜਰਅੰਦਾਜ ਕਰਕੇ। ਜਦ ਤੱਕ ਤੁਹਾਨੂੰ ਮੇਰੀ ਜਰੂਰਤ ਨਹੀਂ ਹੁੰਦੀ। ਮੈਂ ਅਕਸਰ ਮਿੱਟੀ ਰੰਗਾ ਹੁੰਦਾ ਹਾਂ ਪਰ ਤੁਹਾਨੂੰ ਸੋਨੇ ਰੰਗੀਆਂ ਵਸਤਾਂ ਦੀ ਖਿੱਚ ਹੈ। ਤੁਸੀਂ ਮਿਲੀ 'ਦਾਤ' ਦੀ ਮੌਜ ਮਾਣਦੇ ਹੋ ਅਤੇ 'ਦਾਤਾਰ' ਦਾ ਸ਼ੁਕਰਾਨਾ ਕਰਦੇ ਹੋ। ਪਰ ਮੈਨੂੰ ਭੁੱਲ ਹੀ ਜਾਂਦੇ ਹੋ ਜਿਸਨੇ ਕੁਦਰਤ ਦੀਆਂ 'ਦਾਤਾਂ' ਨੂੰ ਤੁਹਾਡੇ ਲਈ ਵਰਤਣਯੋਗ ਬਣਾਇਆ। ਮੈਂ ਓਹੀ ਹਾਂ ਜਿਸ ਬਾਰੇ ਪਾਸ਼ ਨੇ ਲਿਖਿਆ ਹੈ– " .. ਤੁਸੀਂ ਲੋਹੇ ਦੀ ਕਾਰ ਝੂਟਦੇ ਹੋ, ਮੈਂ ਲੋਹਾ ਖਾਧਾ ਹੈ "। ਤੁਹਾਡੇ ਪੈਰੀਂ ਪਾਈ ਜੁੱਤੀ ਹੋਵੇ ਜਾਂ ਅੱਖਾਂ 'ਤੇ ਲੱਗੀ ਐਨਕ ਜਾਂ ਜਿਸ ਕੁਰਸੀ ਤੇ ਬੈਠੇ ਹੋ, ਜਿਸ ਪੈਨ ਨਾਲ ਲਿਖਦੇ ਹੋ, ਜਿਸ ਮੋਬਾਈਲ 'ਤੇ ਸੁਨੇਹੇ ਲੈਂਦੇ ਦਿੰਦੇ ਹੋ, ਤੁਹਾਡਾ ਘਰ ਤੇ ਘਰ ਵਿੱਚ ਪਈ ਹਰ ਸ਼ੈਅ ਮੇਰੀ ਪੈਦਾ ਕੀਤੀ ਹੋਈ ਹੈ। ਤੁਸੀਂ ਸੋਚਣ ਲੱਗੇ ਹੋ ਕਿ ਕਿਤੇ ਅੱਜ ਮਜ਼ਦੂਰ ਦਿਵਸ ਤਾਂ ਨਹੀਂ। ਤੁਹਾਡਾ ਵੀ ਕੋਈ ਕਸੂਰ ਨਹੀਂ। ਆਧੁਨਿਕ ਸਮਿਆਂ ਨੇ ਤੁਹਾਨੂੰ ਇਨ੍ਹਾਂ ਰਸਮੀ ਦਿਵਸਾਂ ਦੀ ਆਦਤ ਪਾ ਦਿੱਤੀ ਹੈ। ਦੋਸਤ ਦਿਵਸ, ਬਾਪ ਦਿਵਸ, ਏਥੋਂ ਤਕ ਕਿ ਪਿਆਰ ਕਰਨ ਦਾ ਦਿਨ ਵੀ ਸਾਲ ਵਿਚ ਤੈਅ ਹੈ– ਵੈਲਨਟਾਈਨ ਡੇ। ਤੁਹਾਡੀ ਜੇਬ ਵਿੱਚ ਪਾਈ ਇਹ ਡੱਬੀ ਜਿਹੀ ਤੁਹਾਨੂੰ ਚੇਤੇ ਕਰਾਉਂਦੀ ਹੈ ਕਿ ਸਾਲ ਵਿੱਚ ਇੱਕ ਦਿਨ ਮਾਂ ਦਾ ਵੀ ਹੈ। ਮਾਂ ਤੇ ਮੈਂ ਇੱਕੋ ਜਿਹੇ ਹੀ ਹਾਂ। ਦੁਨੀਆਂ ਦੇ ਅਸਲੀ ਪਾਲਣਹਾਰ। ਲਗਾਤਾਰ ਕੰਮ ਵਿੱਚ। ਸਾਡੇ ਤੋਂ ਬਿਮਾਰ ਹੋਣ ਦੀ ਤਵੱਕੋ ਨਹੀਂ ਕੀਤੀ ਜਾਂਦੀ। ਅਸੀਂ ਬਿਮਾਰ ਹੋ ਹੀ ਨਹੀਂ ਸਕਦੇ।

ਤੁਹਾਡੀ ਇਕੌਨਮੀ (ਆਰਥਿਕਤਾ) ਭਾਵੇਂ ਤਿੰਨ ਟ੍ਰਿਲੀਅਨ ਦੀ ਹੋਵੇ, ਭਾਵੇਂ ਪੰਜ ਟ੍ਰਿਲੀਅਨ ਦੀ, ਉਸਦੇ ਕੇਂਦਰ ਵਿਚ ਮੈਂ ਹੀ ਹੋਵਾਂਗਾ। ਉਂਝ ਭਾਵੇਂ ਤੁਹਾਡੇ ਫਿਕਰਾਂ ਵਿੱਚ ਮੈਂ ਹਾਸ਼ੀਏ 'ਤੇ ਹੀ ਹਾਂ। ਤੁਸੀਂ 'ਦਾਤਾਂ' ਦੇ ਖਪਤਕਾਰ ਹੋ, ਮੈਂ ਸਾਧਨਾਂ ਨੂੰ ਚਲਾਉਣ ਵਾਲੀ ਜੀਵਤ ਸ਼ਕਤੀ ਹਾਂ। ਤੁਸੀਂ ਜੀਭ, ਦੰਦਾਂ ਅਤੇ ਢਿੱਡ ਦੇ ਪ੍ਰਤੀਕ ਹੋ, ਮੈਂ ਹੱਥਾਂ ਦਾ ਪ੍ਰਤੀਕ ਹਾਂ। ਡੀਏ, ਬੀਮਾ, ਪੈਂਸ਼ਨ, ਬੋਨਸ, ਪੇ–ਕਮਿਸ਼ਨ ਜਿਹੇ ਸੈਂਕੜੇ ਸ਼ਬਦ ਸਾਡੇ ਲਈ ਬੇਮਾਅਨੇ ਹਨ। ਸਾਡੇ ਲਈ ਸਭ ਤੋਂ ਕੀਮਤੀ ਇੱਕੋ ਸ਼ਬਦ ਹੈ– ਦਿਹਾੜੀ। ਬਾਕੀ ਜੇ ਮਿਲ ਜਾਵੇ ਤਾਂ ਬਖਸ਼ੀਸ਼ ਹੈ, ਜਿਸਨੂੰ ਤੁਸੀਂ ਟਿੱਪ ਵੀ ਕਹਿੰਦੇ ਹੋ। ਤੇ ਹਾਂ ਤੁਹਾਡੇ ਤੇ ਮੇਰੇ ਤੋਂ ਉੱਪਰ ਵੀ ਕੋਈ ਹੈ –'ਸਭ ਕਾ ਮਾਲਕ ਏਕ'। ਜੋ ਇਸ ਦੁਨੀਆਂ ਨੂੰ ਚਲਾਉਂਦਾ ਹੈ। ਪੱਤਾ ਤਾਂ ਉਸਦੇ ਹੁਕਮ ਬਿਨਾ ਵੀ ਹਿੱਲ ਸਕਦਾ ਹੈ ਪਰ ਦੁਨੀਆਂ ਭਰ ਦੀਆਂ ਨੀਤੀਆਂ ਦੇ ਪੱਤੇ ਇਹੋ ਖੇਡਦਾ ਹੈ। ਇਹਦੇ ਵੱਖਰੇ ਵੱਖਰੇ ਨਾਮ ਹਨ ਪੂੰਜੀਪਤੀ, ਕਾਰਪੋਰੇਟ ਤੇ ਹੋਰ ਵੀ ਕਿੰਨੇ ਸਾਰੇ ਨਾਮ ਹਨ ਇਸਦੇ। ਪਰ ਅਸੀਂ ਤਾਂ 'ਸੇਠ ਜੀ' ਤੇ 'ਮਾਲਕ' ਇਹੋ ਜਿਹੇ ਨਾਂ ਹੀ ਜਾਣਦੇ ਹਾਂ। ਕਈ ਕਹਿੰਦੇ ਹਨ ਕਿ ਇਨਾਂ ਤੋਂ ਉੱਪਰ ਵੀ ਇੱਕ ਮਾਲਕ ਹੈ ਜੋ ਮੰਦਰ, ਮਸਜਿਦ, ਗੁਰਦੁਆਰੇ, ਚਰਚ ਆਦਿ ਵਿੱਚ ਵਸਦਾ ਹੈ ਤੇ ਉਸਦਾ ਨਾਮ ਜਪਣਾ ਚਾਹੀਦਾ ਹੈ। ਪਰ ਮੈਂ ਇੱਕ ਢਾਬੇ ਤੇ ਕੰਮ ਕਰਦਿਆਂ ਟੀਵੀ 'ਤੇ ਚਲਦੀ ਫਿਲਮ ਵਿੱਚ ਦੇਖਿਆ ਸੀ। ਮੁੰਬਈ ਸ਼ਹਿਰ ਵਿੱਚ ਪੈਰ ਜਮਾਉਣ ਲਈ ਧੱਕੇ ਖਾਂਦਾ ਹੀਰੋ ਦੇਖਦਾ ਹੈ ਕਿ ਕਿਵੇਂ ਦੁਨੀਆਂ ਪੈਸੇ ਪਿੱਛੇ ਰਿਸ਼ਤੇ ਨਾਤੇ, ਪਿਆਰ, ਧਰਮ ਸਭ ਭੁੱਲ ਜਾਂਦੀ ਹੈ। ਮੰਦਰ ਵਿੱਚ ਭਗਵਾਨ ਦੀ ਮੂਰਤੀ ਅੱਗੇ ਖੜ੍ਹਾ ਹੀਰੋ ਉਸ ਤੇ ਹੱਸਦਾ ਹੈ, "ਤੇਰੇ ਹੋਤੇ ਇਸ ਦੁਨੀਆਂ ਮੇਂ ਰਾਜ ਕਰੇ ਇਹ ਪੈਸਾ, ਦੁਨੀਆਂ ਕਾ ਭਗਵਾਨ ਹੈ ਪੈਸਾ, ਤੂੰ ਭਗਵਾਨ ਹੈ ਕੈਸਾ"। ਮੇਰੀਆਂ ਅੱਖਾਂ ਖੁੱਲ੍ਹ ਗਈਆਂ। ਸੱਚ ਹੀ ਤਾਂ ਹੈ ਕਿ ਵੱਡੀਆਂ ਬਖਸ਼ਿਸ਼ਾਂ ਹਾਸਲ ਕਰਨ ਲਈ ਭਗਵਾਨ ਨੂੰ ਛੋਟੀਆਂ–ਛੋਟੀਆਂ ਰਿਸ਼ਵਤਾਂ ਦੇਣ ਦਾ ਨਾਮ ਹੀ ਤਾਂ ਚੜ੍ਹਾਵਾ ਹੈ। ਜਿਸ ਤੋਂ ਤੁਸੀਂ ਮੰਨਤਾਂ ਮੰਗਦੇ ਹੋ, ਉਸਨੂੰ ਪੱਥਰ ਵਿੱਚੋਂ ਮੇਰੇ ਹਥੌੜੇ ਛੈਣੀ ਨੇ ਹੀ ਤਰਾਸ਼ਿਆ ਹੈ। ਜਦੋਂ ਉਸ ਵਿੱਚੋਂ ਤੁਹਾਡੇ ਕਲਪਿਤ ਭਗਵਾਨ ਦੀ ਸ਼ਕਲ ਉੱਭਰ ਆਉਂਦੀ ਹੈ ਤਾਂ ਕੋਈ ਆਕੇ ਉਸਨੂੰ ਖਰੀਦ ਕੇ ਲੈ ਜਾਂਦਾ ਹੈ। ਫਿਰ ਇਹ 'ਸਰਵਸ਼ਕਤੀਮਾਨ' ਹੋ ਜਾਂਦਾ ਹੈ ਜੋ ਸਭ ਦਾ 'ਪਾਲਣਹਾਰ' ਹੈ। ਮੈਂ ਗਰੀਬ ਅਨਪੜ੍ਹ ਕੁੱਝ ਸਮਝ ਨਹੀਂ ਪਾ ਰਿਹਾ ਕਿ ਆਖਰ ਸਰਵਸ਼ਕਤੀਮਾਨ ਹੈ ਕੌਣ– ਭਗਵਾਨ ਜੋ ਪੂਜਿਆ ਜਾਂਦਾ ਹੈ, ਪੂੰਜੀਪਤੀ ਜੋ ਨਫ਼ੇ ਦਾ ਪੁੱਤ ਹੈ ਜਾਂ ਮੈਂ ਜੋ ਕੁੱਝ ਵੀ ਨਹੀਂ। ਤੁਸੀਂ ਸਿਆਣੇ ਹੋ, ਕੁੱਝ ਦੱਸੋ ਆਖਰ ਸਰਵਸ਼ਕਤੀਮਾਨ ਕੌਣ ਹੈ ?

ਚੌਥੀ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ: ਸੂਬਾਈ ਸਮਾਗਮ 2022



ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੇ ਮਿਡਲ ਵਿਭਾਗ ਦੇ ਹੋਣਹਾਰ ਵਿਦਿਆਰਥੀ ਸਨਮਾਨ ਪੱਤਰਾਂ ਤੇ ਸੂਬਾਈ ਟੀਮ ਨਾਲ



ਚੌਥੀ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੇ ਸੈਕੰਡਰੀ ਵਿਭਾਗ ਦੇ ਹੋਣਹਾਰ ਵਿਦਿਆਰਥੀ ਸਨਮਾਨ ਪੱਤਰਾਂ ਤੇ ਸੂਬਾਈ ਟੀਮ ਨਾਲ

ਯਾਦ ਕਰਦਿਆਂ

ਸਮਾਜਿਕ ਸਰੋਕਾਰਾਂ, ਵਿਗਿਆਨ ਅਤੇ ਸਾਹਿਤ ਦਾ ਸੁਮੇਲ - ਡਾ. ਗੁਰੂਮੇਲ ਸਿੱਧੂ



ਡਾ. ਗੁਰੂਮੇਲ ਸਿੱਧੂ ਇੱਕ ਬਹੁਪੱਖੀ ਸਖਸ਼ੀਅਤ ਸਨ। ਕੌਮਾਂਤਰੀ ਪੱਧਰ ਦੇ ਜ਼ੈਨੇਟਿਕਸ ਵਿਗਿਆਨੀ ਸਨ। ਪਿਤਾ ਨਿਰੰਜਣ ਸਿੰਘ ਅਤੇ ਮਾਤਾ ਕਰਤਾਰ ਕੌਰ ਦੇ ਘਰ, ਪਾਸਲਾ ਵਿਖੇ ਪੈਦਾ ਹੋਏ। ਪੀ.ਏ.ਯੂ. ਲੁਧਿਆਣਾ ਤੋਂ ਐੱਮ.ਐੱਸ. ਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ, ਵੈਨਕੂਵਰ ਤੋਂ ਪੀ.ਐੱਚ.ਡੀ. ਸਨ। ਦੇਸ਼ ਅਤੇ ਵਿਦੇਸ਼ਾਂ ਵਿੱਚ ਕਈ ਅਹੁਦਿਆਂ 'ਤੇ ਕੰਮ ਕਰਦਿਆਂ ਉਹਨਾਂ ਨੇ ਪਲਾਂਟ ਜੈਨੇਟਿਕਸ ਦੇ ਖੇਤਰ ਵਿੱਚ ਖ਼ੋਜ ਨਾਲ ਵਿਸ਼ਵ ਵਿੱਚ ਆਪਣੀ ਨਿਵੇਕਲੀ ਪਛਾਣ ਬਣਾਈ । ਉਹ ਉੱਚ ਕੋਟੀ ਦੇ ਕਵੀ, ਵਾਰਤਾਕਾਰ, ਖੋਜੀ ਅਤੇ ਆਲੋਚਕ ਵੀ ਸਨ। ਅਨੇਕਾਂ ਪੁਸਤਕਾਂ ਦੇ ਲੇਖਕ ਸਨ। ਉਹਨਾਂ ਦੀ ਮੌਤ ਨਾਲ ਵਿਗਿਆਨ, ਸਾਹਿਤ ਅਤੇ ਸਮਾਜਿਕ ਸਰੋਕਾਰਾਂ ਦੇ ਖੇਤਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਹਨਾਂ ਦੇ ਸਦੀਵੀਂ ਵਿਛੋੜੇ 'ਤੇ ਗਹਿਰਾ ਦੁੱਖ ਪ੍ਰਗਟਾਉਂਦਿਆਂ ਪੀੜਤ ਪਰਿਵਾਰ ਦੇ ਦੁੱਖ ਵਿੱਚ ਸ਼ਾਮਲ ਹਾਂ ...ਅਦਾਰਾ

ਫੈਡਰੇਸ਼ਨ ਆਫ ਇੰਡੀਅਨ ਰੈਸ਼ਨੇਲਿਸਟ ਐਸੋਸੀਏਸ਼ਨ ਦੀ ਤਰਕਸ਼ੀਲ ਭਵਨ, ਬਰਨਾਲਾ ਵਿਖੇ ਕੌਮੀ ਕਾਨਫਰੰਸ ਦੀਆਂ ਝਲਕਾਂ



ਫੀਰਾ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਅਰਵਿੰਦ



ਚੇਤਨਾ ਮਾਰਚ ਦੀ ਇੱਕ ਝਲਕ



ਫੀਰਾ ਕਾਨਫਰੰਸ ਵਿੱਚ ਵੱਖ ਵੱਖ ਰਾਜਾਂ ਤੋਂ ਆਏ ਹਾਜ਼ਰ ਡੈਲੀਗੇਟ



ਚੇਤਨਾ ਮਾਰਚ ਨੂੰ ਸੰਬੋਧਨ ਕਰਦੇ ਹੋਏ ਮਾ. ਰਾਜਿੰਦਰ ਭਦੌੜ



ਫੀਰਾ ਕਾਨਫਰੰਸ ਵਿੱਚ ਪ੍ਰਧਾਨਗੀ ਮੰਡਲ ਅਤੇ ਡੈਲੀਗੇਟ

If undelivered please return to :

Tarksheel

Tarksheel Bhawan, Tarksheel Chowk,
Sanghera By Pass, BARNALA-148101
Post Box No. 55

Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....